# ਬਾਰਹਮਾਹਾ (ਭਾਦਰੋਂ ਦਾ ਮਹੀਨਾ)
# ਰਾਗੁ ਮਾਝ ਬਾਰਹਮਾਹਾ ਮਹਲਾ ੫

***ਡਾ. ਜਗਜੀਤ ਸਿੰਘ***

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜ ਨਾਹੀ ਕੇਤੁ॥** (ਜਿਵੇਂ ਭਾਦਰੋਂ ਦੇ ਤ੍ਰਾਟਕੇ ਤੇ ਘੁੰਮੇ ਵਿਚ ਮਨੁੱਖ ਬਹੁਤ ਘਬਰਾਂਦਾ ਹੈ, ਹੁਸੜ ਤੇ ਗਰਮੀ ਨਾਲ ਬਿਹਬਲ ਹੋ ਜਾਂਦਾ ਹੈ, ਤਿਵੇਂ ਹੀ ਜਿਸ ਜੀਵ ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਨਾਲ ਲਗ ਜਾਂਦਾ ਹੈ, ਦੁਨਿਆਵੀ ਮਾਇਕ ਰਿਸ਼ਤਿਆਂ, ਪਦਾਰਥਾਂ ਤੇ ਪਦਵੀਆਂ ਨਾਲ ਲਗ ਜਾਂਦਾ ਹੈ, ਉਹ ਜੀਵ ਇਸਤ੍ਰੀ ਭਟਕ ਜਾਂਦੀ ਹੈ, ਇਸ ਭਟਕਣਾ ਕਾਰਨ ਜਿਹੜੀ ਜੀਵ-ਇਸਤ੍ਰੀ ਸਹੀ ਰਸਤੇ ਤੋਂ ਖੁੰਝ ਰਹੀ ਹੈ ਉਹ ਭਾਵੇਂ ਲੱਖਾਂ ਹਾਰ ਸ਼ਿੰਗਾਰ ਕਰੇ, ਉਹ ਪਤੀ ਪ੍ਰਾਪਤੀ ਦੇ ਕਿਸੇ ਤਰ੍ਹਾਂ ਸਹਾਈ ਸਿੱਧ ਨਹੀਂ ਹੁੰਦੇ। **ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥** (ਜਿਸ ਦਿਨ ਮਨੁੱਖ ਦਾ ਸਰੀਰ ਬਿਨਸ ਜਾਏਗਾ, ਨਾਸ ਹੋ ਜਾਵੇਗਾ ਅਰਥਾਤ ਜਦੋਂ ਮਨੁੱਖ ਮਰ ਜਾਵੇਗਾ, ਉਸ ਵੇਲੇ ਸਾਰੇ ਸਾਕ ਸਨਬੰਧੀ ਆਖਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ, ਇਸ ਅਪਵਿੱਤਰ ਪਈ ਦੇਹ ਨੂੰ ਛੇਤੀ ਬਾਹਰ ਲੈ ਚੱਲੋ। ਜਮਦੂਤ ਜਿੰਦ ਨੂੰ ਫੜ ਕੇ ਅੱਗੇ ਲਾ ਲੈਂਦੇ ਹਨ ਅਤੇ ਕਿਸੇ ਨੂੰ ਇਹ ਭੇਤ ਨਹੀਂ ਦਸਦੇ ਕਿ ਕਿਥੇ ਲੈ ਚੱਲੇ ਹਨ।) **ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥** (ਜਿਨ੍ਹਾਂ ਸਾਕ ਸਬੰਧੀਆਂ ਨਾਲ ਸਾਰੀ ਉਮਰ ਬੜਾ ਪਿਆਰ ਬਣਿਆ ਹੋਇਆ ਸੀ, ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ।) **ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥** (ਮੌਤ ਸਾਮ੍ਹਣੇ ਆਈ ਵੇਖ ਕੇ ਮਨੁੱਖ ਘਬਰਾਂਦਾ ਹੈ, ਪਛਤਾਉਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ, ਕਾਲੇ ਤੋਂ ਚਿੱਟਾ ਬੱਗੇ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਸਰੀਰ, ਦਰਅਸਲ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਓਹੀ ਫਸਲ ਵੱਢਦਾ ਹੈ, ਜਿਹੇ ਕਰਮ ਕਰਦਾ ਹੈ ਤੇਹੇ ਫਲ ਪਾਉਂਦਾ ਹੈ) **ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰ ਰਖਣ ਵਾਲਾ ਹੇਤੁ)** (ਜਿਹੜੇ ਮਨੁੱਖ ਗੁਰੂ ਦੀ ਕ੍ਰਿਪਾ ਸਦਕਾ ਪ੍ਰਭੂ ਦੀ ਸ਼ਰਨ ਵਿਚ ਆ ਜਾਂਦੇ ਹਨ, ਗੁਰੂ ਉਨ੍ਹਾਂ ਨੂੰ ਚਰਨ ਰੂਪੀ ਜਹਾਜ਼ ਵਿਚ ਚੜ੍ਹਾ ਕੇ ਪਾਰ ਉਤਾਰਾ ਕਰ ਦਿੰਦਾ ਹੈ। ਗੁਰੂ ਉਨ੍ਹਾਂ ਦਾ ਰਾਖਾ ਤੇ ਹਿਤੂ ਬਣਦਾ ਹੈ ਅਤੇ ਉਹ ਨਰਕਾਂ ਵਿਚ ਨਹੀਂ ਪਾਏ ਜਾਂਦੇ।

### ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥** (ਭਾਦਰੋਂ ਦਾ ਮਹੀਨਾ ਭਰਮਾਂ ਭਰਿਆ ਮਹੀਨਾ ਹੈ। ਬੱਦਲ ਆਉਂਦੇ ਹਨ, ਮਨੁੱਖ ਸਮਝਦਾ ਹੈ ਜ਼ਰੂਰ ਵਰ੍ਹਨਗੇ ਪਰ ਮਿੰਟ ਵਿਚ ਛਾਂਈ ਮਾਂਈ ਹੋ ਜਾਂਦੇ ਹਨ। ਮਾਇਆ ਦੇ ਛਲਾਵੇ ਕਾਰਨ ਮਨੁੱਖ ਭਟਕਦਾ ਰਹਿੰਦਾ ਹੈ, ਅਸਲ ਮਾਰਗ ਤੋਂ ਖੁੰਝ ਜਾਂਦਾ ਹੈ। ਜਿਹੜੀ ਇਸਤ੍ਰੀ ਜੋਬਨ ਦੇ ਮਾਣ ਭੁਲੇਖੇ ਵਿਚ ਭਟਕ ਜਾਂਦੀ ਹੈ, ਉਸਨੂੰ ਪਤੀ ਦੇ ਵਿਛੋੜੇ ਦਾ ਪਛਤਾਵਾ ਕਰਨਾ ਪੈਂਦਾ ਹੈ) **ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥** ਦੂਜੇ ਬੰਨੇ ਭਾਦਰੋਂ ਦੇ ਮਹੀਨੇ ਹੀ ਵਰਖਾ ਕਾਰਨ ਟੋਏ ਟਿੱਬੇ ਪਾਣੀ ਨਾਲ ਭਰ ਜਾਂਦੇ ਹਨ। ਪ੍ਰਭੂ-ਪਿਆਰ ਮਾਣਨ ਵਾਲੀ ਜੀਵ ਇਸਤ੍ਰੀ ਇਨ੍ਹਾਂ ਨਜ਼ਾਰਿਆਂ ਨੂੰ ਮਾਣਦੀ ਹੈ। **ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥** (ਇਸ ਮਹੀਨੇ ਕਾਲੀ ਰਾਤ ਨੂੰ ਜਦੋਂ ਮੀਂਹ ਵਰ੍ਹਦਾ ਹੈ, ਡੱਡੂ ਗਣੈਂ ਗਣੈਂ ਕਰਦੇ ਹਨ, ਮੋਰ ਕੁਹਕਦੇ ਹਨ, ਤਾਂ ਪਤੀ ਤੋਂ ਵਿਛੜੀ ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਅਨੰਦ ਨਹੀਂ ਮਿਲਦਾ, ਸਗੋਂ ਵਿਛੋੜੇ ਦਾ ਦੁਖ ਦਰਦ ਵਧਦਾ ਹੈ।) **ਪ੍ਰਿਉ ਪ੍ਰਿਉ ਚਵੈ, ਬਬੀਹਾ ਬੋਲੈ ਭੁਇਅੰਗਮ ਫਿਰਹਿ ਡਸੰਤੇ।** (ਪਤੀ ਤੋਂ ਵਿਛੜੀ ਇਸਤ੍ਰੀ ਨੂੰ ਇਹੀ ਦਿਸਦਾ ਹੈ ਕਿ ਇਸ ਮੌਸਮ ਵਿਚ ਸੱਪ ਡਸਦੇ ਫਿਰਦੇ ਹਨ ਅਤੇ ਪ੍ਰਿਉ ਪ੍ਰਿਉ ਬੋਲਦਾ ਹੋਇਆ ਪਪੀਹਾ ਵੀ ਉਸ ਦੀ ਵਿਛੋੜੇ ਦੀ ਪੀੜਾ ਨੂੰ ਹੋਰ ਵਧਾਂਦਾ ਹੈ) **ਮੱਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ॥** ਚੁਫੇਰੇ ਛੱਪਰ ਤਲਾਬ ਮੀਂਹ ਦੇ ਪਾਣੀ ਨਾਲ ਨੱਕਾ-ਨੱਕ ਭਰੇ ਹੋਏ ਹਨ ਪਰ ਬਿਰਹਣ ਨੂੰ ਇਸ ਤੋਂ ਕੋਈ ਸੁਖ ਨਹੀਂ ਮਿਲਦਾ ਸਗੋਂ ਮੱਛਰਾਂ ਦੇ ਡੰਗ ਉਸਨੂੰ ਪੀੜਤ ਕਰਦੇ ਹਨ। ਜਿਸ ਜੀਵ ਇਸਤ੍ਰੀ ਨੂੰ ਪ੍ਰਭੂ-ਪਤੀ ਤੋਂ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ ਪ੍ਰਭੂ ਦੀ ਯਾਦ ਤੋਂ ਬਿਨਾਂ ਕਿਸੇ ਹੋਰ ਰੰਗ ਤਮਾਸ਼ੇ ਤੋਂ ਆਤਮ ਅਨੰਦ ਨਹੀਂ ਮਿਲਦਾ।) **ਨਾਨਕ ਪੂਛਿ ਚਲਉ ਗੁਰ ਅਪਨੇ ਜਹ ਪ੍ਰਭ ਤਹ ਹੀ ਜਾਈਐ॥** (ਗੁਰੂ ਜੀ ਫੁਰਮਾਨ ਕਰਦੇ ਹਨ ਕਿ ਆਪਣੇ ਗੁਰੂ ਦੀ ਸਿਖਿਆ ਉਤੇ ਤੁਰ ਕੇ, ਉਸ ਦੇ ਦੱਸੇ ਰਾਹ ਤੇ ਚੱਲ ਕੇ, ਜਿਥੋਂ ਪ੍ਰਭੂ-ਪਤੀ ਮਿਲ ਸਕਦਾ ਹੋਵੇ, ਉਸ ਮਾਰਗ ਤੇ ਜਾਣਾ ਹੀ ਸਾਨੂੰ ਜੀਵ ਇਸਤ੍ਰੀਆਂ ਨੂੰ ਸੋਭਦਾ ਹੈ।

# ਸੰਪਾਦਕੀ

***ਡਾ. ਜਗਜੀਤ ਸਿੰਘ***

'ਆਤਮ ਮਾਰਗ' ਜੁਲਾਈ ਅੰਕ ਦੀ ਸੰਪਾਦਕੀ ਵਿਚ ਅਸੀਂ 'ਸਰਵਣ ਭਗਤੀ' ਦੀ ਮਹੱਤਤਾ ਤੇ ਵਿਚਾਰ ਕੀਤੀ ਸੀ। ਅਸੀਂ ਗੁਰੂ ਜੀ ਦੇ ਵਿਚਾਰ ਪ੍ਰਗਟ ਕਰਦੇ ਦੱਸਿਆ ਸੀ ਕਿ ਜਿਹੜਾ ਮਨੁੱਖ ਪ੍ਰਭੂ ਪ੍ਰੇਮ ਨੂੰ ਮਨ ਵਿਚ ਟਿਕਾ ਕੇ ਅਕਾਲ ਪੁਰਖ ਦੇ ਗੁਣ ਗਾਇਨ ਕਰਦਾ ਹੈ ਅਤੇ ਉਸਨੂੰ ਸੁਰਤਿ ਰੂਪ ਹੋ ਕੇ ਸੁਣਦਾ ਹੈ, ਉਸ ਦੇ ਅੰਦਰੋਂ ਹਰ ਤਰ੍ਹਾਂ ਦਾ ਦੁੱਖ ਰੋਗ ਸੰਤਾਪ ਦੂਰ ਹੋ ਜਾਂਦਾ ਹੈ ਅਤੇ ਉਸ ਦੇ ਹਿਰਦੇ ਰੂਪੀ ਘਰ ਵਿਚ ਸਦੀਵ ਕਾਲ ਲਈ ਸੁਖ ਆ ਵਸਦਾ ਹੈ। ਫੁਰਮਾਨ ਹੈ -

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥* *ਪੰਨਾ - 2*

ਪਰ ਇਹ ਅਵਸਥਾ ਓਦੋਂ ਵਿਆਪਕ ਹੁੰਦੀ ਹੈ ਜਦੋਂ ਸਾਧਕ ਗੁਰੂ ਜੀ ਸਿਖਿਆ ਨੂੰ ਮਨ ਕਰਕੇ, ਹਿਰਦੇ ਕਰਕੇ, ਬੁੱਧੀ ਕਰਕੇ ਪੂਰੀ ਤਰ੍ਹਾਂ ਮੰਨ ਲੈਂਦਾ ਹੈ, ਪੂਰੇ ਯਕੀਨ ਅਤੇ ਭਰੋਸੇ ਵਿਚ ਆ ਜਾਂਦਾ ਹੈ, ਮਨ ਗੁਰੂ ਦੇ ਸ਼ਬਦ ਨਾਲ ਪੂਰੀ ਤਰ੍ਹਾਂ ਪਤੀਜ ਜਾਵੇ ਤਾਂ ਹੀ ਸੁਣਨਾ ਸਫਲ ਹੁੰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ ਕਿ ਜਿਸ ਮਨੁੱਖ ਨੇ ਅਕਾਲਪੁਰਖ ਦੇ ਨਾਮ ਵਿਚ ਸੁਰਤ ਜੋੜੀ ਹੈ, ਜਿਸ ਦਾ ਮਨ ਨਾਮ ਵਿਚ ਪਤੀਜ ਗਿਆ ਹੈ ਅਤੇ ਜਿਸ ਨੇ ਆਪਣੇ ਮਨ ਵਿਚ ਅਕਾਲਪੁਰਖ ਦਾ ਪਿਆਰ ਸਥਿਰ ਕਰ ਲਿਆ ਹੈ, ਉਸ ਮਨੁੱਖ ਨੇ ਮਾਨੋ ਆਪਣੇ ਅੰਦਰਲੇ ਤੀਰਥ ਵਿਚ ਮਲ ਮਲ ਕੇ ਇਸ਼ਨਾਨ ਕਰ ਲਿਆ ਹੈ, ਭਾਵ ਉਸ ਮਨੁੱਖ ਨੇ ਆਪਣੇ ਅੰਦਰ ਵਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲਈ ਹੈ ਅਤੇ ਸ਼ੁਧ ਰੂਪ ਵਿਚ ਪਵਿੱਤਰ ਹੋ ਗਿਆ ਹੈ। ਫੁਰਮਾਨ ਹੈ -

*ਸੁਣਿਆ ਮੰਨਿਆ ਮਨਿ ਕੀਤਾ ਭਾਉ॥*
*ਅੰਤਰਗਤਿ ਤੀਰਥ ਮਲਿ ਨਾਉ॥* *ਪੰਨਾ - 4*

ਜਪੁਜੀ ਸਾਹਿਬ ਦੀਆਂ ਚਾਰ ਪਉੜੀਆਂ ਵਿਚ ਨਾਮ ਦੇ ਸੁਣਨ ਦਾ ਬਖਾਨ ਹੈ ਅਤੇ ਚਾਰ ਪਉੜੀਆਂ ਵਿਚ ਉਸ ਮਨੁੱਖ ਦੀ ਉਚੀ ਆਤਮਕ ਅਵਸਥਾ ਦਾ ਜ਼ਿਕਰ ਹੈ ਜਿਸ ਨੇ ਅਕਾਲ ਦੇ ਨਾਮ ਨੂੰ ਅੰਦਰੋਂ ਮੰਨ ਲਿਆ ਹੈ ਅਤੇ ਜਿਸ ਦੀ ਲਗਨ ਨਾਮ ਵਿਚ ਪੂਰਨ ਤੌਰ ਤੇ ਲਗ ਗਈ ਹੈ। ਐਸੀ ਉਚੀ ਆਤਮਕ ਅਵਸਥਾ ਨੂੰ ਕੋਈ ਮਨੁੱਖ ਕਹਿਣ ਅਤੇ ਲਿਖਣ ਦੇ ਸਮਰੱਥ ਨਹੀਂ ਹੁੰਦਾ ਕਿਉਂਕਿ ਅਕਾਲਪੁਰਖ ਦਾ ਨਾਮ ਬਹੁਤ ਉਚਾ ਸੁੱਚਾ ਤੇ ਪਵਿੱਤਰ ਹੈ, ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ। ਇਹ ਪੂਰਨ ਤੌਰ ਤੇ ਅਨੁਭਵ ਦਾ ਵਿਸ਼ਾ ਹੈ। ਇਸ ਦੀ ਸੋਝੀ ਕੇਵਲ ਉਸਨੂੰ ਆਉਂਦੀ ਹੈ ਜਿਸ ਦੇ ਧੁਰ ਅੰਦਰ ਸੱਚੀ ਲਗਨ ਲਗ ਗਈ ਹੋਵੇ। ਫੁਰਮਾਨ ਹੈ-

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ - 3*

ਜਦੋਂ ਮੰਨੇ ਹੋਏ ਮਨ ਵਿਚ ਪ੍ਰਭੂ ਦੇ ਨਾਮ ਦੀ ਸੱਚੀ ਲਗਨ ਲਗ ਜਾਂਦੀ ਹੈ ਤਾਂ ਉਸ ਮਨੁੱਖ ਦੀ ਸੁਰਤਿ ਉਚੇ ਮੰਡਲ ਵਿਚ ਪੁੱਜ ਜਾਂਦੀ ਹੈ, ਸੁੱਤਾ ਮਨ ਜਾਗਰੂਪ ਹੋ ਜਾਂਦਾ ਹੈ, ਸਮੂੰਹ ਭਵਨਾਂ ਵਿਚ ਉਸ ਨੂੰ ਪ੍ਰਭੂ ਪ੍ਰਕਾਸ਼ਮਾਨ ਦਿਸਦਾ ਹੈ, ਸੰਸਾਰ ਦੇ ਵਿਕਾਰ ਉਸ ਦੇ ਨੇੜੇ ਨਹੀਂ ਫਟਕਦੇ ਅਤੇ ਉਸਦਾ ਜਮਾਂ ਨਾਲ ਵਾਹ ਨਹੀਂ ਪੈਂਦਾ -

*ਮੰਨੈ ਸੁਰਤਿ ਹੋਵੈ ਮਨਿ ਬੁਧਿ॥*
*ਮੰਨੈ ਸਗਲ ਭਵਣ ਕੀ ਸੁਧਿ॥*
*ਮੰਨੈ ਮੁਹਿ ਚੋਟਾ ਨ ਖਾਇ॥*
*ਮੰਨੈ ਜਮ ਕੈ ਸਾਥਿ ਨ ਜਾਇ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ - 3*

ਗੁਰੂ ਨਾਨਕ ਦੇਵ ਜੀ ਅਨੁਸਾਰ ਜਿਸਦਾ ਮਨ ਨਾਮ ਵਿਚ ਪਤੀਜ ਜਾਂਦਾ ਹੈ, ਉਸ ਦਾ ਜ਼ਿੰਦਗੀ ਦਾ ਸਫਰ ਸਫਲ ਤੇ ਸੁਹੇਲਾ ਹੋ ਜਾਂਦਾ ਹੈ। ਉਹ ਇਥੋਂ ਵੀ ਸ਼ੋਭਾ ਖੱਟ ਕੇ ਜਾਂਦਾ ਹੈ ਅਤੇ ਧਰਮਰਾਜ ਨਾਲ ਵੀ ਉਸ ਦੀ ਬਣ ਆਉਂਦੀ ਹੈ। ਉਹ ਧਰਮ ਦੇ ਸੱਚੇ ਮਾਰਗ ਤੇ ਚਲਦਾ ਹੈ, ਕਿਤੇ ਹੋਰ ਭਟਕਦਾ ਨਹੀਂ -

*ਮੰਨੈ ਮਾਰਗਿ ਠਾਕ ਨ ਪਾਇ।।*
*ਮੰਨੈ ਪਤਿ ਸਿਉ ਪਰਗਟੁ ਜਾਇ॥*
*ਮੰਨੈ ਮਗੁ ਨ ਚਲੈ ਪੰਥੁ॥*
*ਮੰਨੈ ਧਰਮ ਸੇਤੀ ਸਨਬੰਧੁ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ - 3*

ਗੁਰੂ ਜੀ ਅਨੁਸਾਰ ਨਾਮ ਨੂੰ ਮੰਨਣ ਵਾਲਾ ਐਸੀ ਆਤਮਿਕ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ ਕਿ ਆਪ ਵੀ ਸੰਸਾਰ-ਸਾਗਰ ਤੋਂ ਪਾਰ ਹੋ ਜਾਂਦਾ ਹੈ ਅਤੇ ਪਰਿਵਾਰ ਨੂੰ ਅਤੇ ਹੋਰ ਸੰਗੀ ਸਾਥੀਆਂ ਦਾ ਵੀ ਪਾਰ-ਉਤਾਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ -

*ਮੰਨੈ ਪਾਵਹਿ ਮੋਖੁ ਦੁਆਰੁ॥*
*ਮੰਨੈ ਪਰਵਾਰੈ ਸਾਧਾਰੁ॥*
*ਮੰਨੈ ਤਰੈ ਤਾਰੇ ਗੁਰੁ ਸਿਖ॥*
*ਮੰਨੈ ਨਾਨਕ ਭਵਹਿ ਨ ਭਿਖ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ - 3*

ਗੁਰੂ ਰਾਮਦਾਸ ਜੀ ਨੇ ਰਾਗ ਸਾਰੰਗ ਕੀ ਵਾਰ ਮਹਲਾ ੪ ਵਿਚ ਚਾਰ ਪਉੜੀਆਂ (9-12) ਵਿਚ 'ਨਾਇ ਮੰਨਿਐ' ਦੀ ਮਾਨਤਾ ਤੇ ਮਹਾਨਤਾ ਦਰਸਾਉਂਦਿਆਂ ਫੁਰਮਾਇਆ ਹੈ ਕਿ ਜੇ ਨਾਮ ਨੂੰ ਦਿਲੋਂ ਮੰਨ ਲਈਏ, ਨਾਮ ਸਿਮਰਨ ਜ਼ਿੰਦਗੀ ਦਾ ਅਸਲ ਮਨੋਰਥ ਬਣ ਜਾਵੇ, ਜੇ ਮਨ ਨਾਮ ਵਿਚ ਪਤੀਜ ਜਾਏ, ਜੇ ਮਨ ਨਾਮ ਵਿਚ ਗਿੱਝ ਜਾਏ ਤਾਂ ਮਨ ਵਿਚ ਪਰਮ ਸੁੱਖ ਪੈਦਾ ਹੁੰਦਾ ਹੈ ਅਤੇ ਉਚੀ ਪਰਮ ਆਤਮਿਕ ਅਵਸਥਾ ਬਣਦੀ ਹੈ, ਹਿਰਦੇ ਵਿਚ ਪ੍ਰਭੂ ਆ

ਵਸਦਾ ਹੈ, ਸੰਸਾਰ ਸਾਗਰ ਤੋਂ ਸਹਿਜੇ ਹੀ ਲੰਘ ਜਾਈਦਾ ਹੈ, ਜ਼ਿੰਦਗੀ ਦੇ ਸਫਰ ਵਿਚ ਕੋਈ ਰੋਕ ਵਿਘਨ ਨਹੀਂ ਆਉਂਦਾ, ਜੀਵਨ ਮਾਰਗ ਪ੍ਰਤੱਖ ਦਿਸਣ ਲਗ ਪੈਂਦਾ ਹੈ ਕਿਉਂਕਿ ਨਾਮ ਜੋਤਿ ਹੈ, ਚਾਨਣ ਹੈ, ਪਰ ਇਹ ਦਾਤ ਸਤਿਗੁਰੂ ਨੂੰ ਮਿਲਿਆ ਪ੍ਰਭੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ। ਫੁਰਮਾਨ ਹੈ –

*ਨਾਇ ਮੰਨਿਐ ਸੁਖੁ ਉਪਜੈ ਨਾਮੇ ਗਤਿ ਹੋਈ॥*
*ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥*
*ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥*
*ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥*
*ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ॥*

***ਪੰਨਾ – 1241***

ਦੂਜੀ ਪਉੜੀ ਵਿਚ ਗੁਰੂ ਰਾਮਦਾਸ ਜੀ 'ਨਾਮ ਮੰਨਿਐ' ਦੀ ਅਵਸਥਾ ਬਿਆਨ ਕਰਦੇ ਫੁਰਮਾਨ ਕਰਦੇ ਹਨ ਕਿ ਜਿਸ ਮਨੁੱਖ ਦਾ ਮਨ ਨਾਮ ਨੂੰ ਧੁਰ ਅੰਦਰੋਂ ਮੰਨ ਲਵੇ ਤਾਂ ਉਸ ਮਨੁੱਖ ਦੀ ਸਾਰੀ ਕੁਲ, ਸਾਰਾ ਪਰਿਵਾਰ ਭਵਜਲ ਵਿਚੋਂ ਬਚ ਜਾਂਦਾ ਹੈ। 'ਨਾਇ ਮੰਨਿਐ' ਨਾਮ ਹਿਰਦੇ ਵਿਚ ਆ ਵਸਦਾ ਹੈ, ਅਜਿਹੇ ਮਨੁੱਖ ਦੀ ਸੰਗਤ ਵਿਚ ਵਿਚਰਨ ਵਾਲੇ ਸਾਰੇ ਮਨੁੱਖਾਂ ਦਾ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ। 'ਨਾਇ ਮੰਨਿਐ' ਨਾਲ ਜੀਭ ਨਾਮ ਨਾਲ ਇਕ-ਰਸ ਹੋ ਜਾਂਦੀ ਹੈ ਅਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ, ਸਭ ਦੁਖ ਦੂਰ ਹੋ ਜਾਂਦੇ ਹਨ, ਸਭ ਭੁੱਖਾਂ ਮਿਟ ਜਾਂਦੀਆਂ ਹਨ ਪਰ ਨਾਮ ਦੀ ਦਾਤ ਗੁਰੂ ਦੀ ਬਖਸ਼ਿਸ਼ ਰਾਹੀਂ ਪ੍ਰਾਪਤ ਹੁੰਦੀ ਹੈ।

*ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥*
*ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ॥*
*ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ॥*
*ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥*
*ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ ਮਿਲਾਇਆ॥*

***ਪੰਨਾ – 1241***

ਅਗਲੀ ਪਉੜੀ ਵਿਚ ਗੁਰੂ ਜੀ ਫੁਰਮਾਨ ਕਰਦੇ ਹਨ ਕਿ 'ਨਾਇ ਮੰਨਿਐ' ਦੁਰਮਤਿ, ਭੈੜੀ ਮਤ ਖਤਮ ਹੋ ਜਾਂਦੀ ਹੈ ਅਤੇ ਚੰਗੀ ਮਤ ਚਮਕ ਪੈਂਦੀ ਹੈ, ਹਉਮੈ ਦੂਰ ਹੋ ਜਾਂਦੀ ਹੈ, ਸਾਰੇ ਮਨ ਦੇ ਰੋਗ ਨਾਸ ਹੋ ਜਾਂਦੇ ਹਨ, ਮਨ ਵਿਚ ਨਾਉਂ ਜਪਣ ਦਾ ਚਾਉ ਪੈਦਾ ਹੁੰਦਾ ਹੈ, ਅਡੋਲ ਅਵਸਥਾ ਪ੍ਰਾਪਤ ਹੁੰਦੀ ਹੈ, ਮਨ ਵਿਚ ਠੰਢ ਵਰਤ ਜਾਂਦੀ ਹੈ, ਪ੍ਰਭੂ ਮਨ ਵਿਚ ਆ ਵਸਦਾ ਹੈ। ਪ੍ਰਭੂ ਦਾ ਨਾਮ ਮਾਨੋ ਇਕ ਅਮੋਲਕ ਮੋਤੀ ਹੈ ਜੋ ਗੁਰੂ ਦੇ ਸਨਮੁਖ ਹੋਇਆਂ ਪ੍ਰਾਪਤ ਹੁੰਦਾ ਹੈ –

*ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥*
*ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥*
*ਨਾਇ ਮੰਨਿਐ ਨਾਮੁ ਉਪਜੈ ਸਹਜੇ ਸੁਖੁ ਪਾਇਆ॥*
*ਨਾਇ ਮੰਨਿਐ ਸਾਂਤਿ ਉਪਜੈ ਹਰਿ ਮੰਨਿ ਵਸਾਇਆ॥*
*ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ॥*

***ਪੰਨਾ – 1242***

ਚੌਥੀ ਪਉੜੀ ਵਿਚ ਗੁਰੂ ਰਾਮਦਾਸ ਜੀ ਦਸਦੇ ਹਨ ਕਿ ਹਿਰਦੇ ਤੋਂ ਨਾਮ ਮੰਨਣ ਨਾਲ ਅੰਦਰ ਸੱਚੀ ਲਿਵ ਪੈਦਾ ਹੁੰਦੀ ਹੈ ਅਤੇ ਨਾਮ ਵਿਚ ਮਤਿ ਪ੍ਰਵਿਰਤ ਹੁੰਦੀ ਹੈ, ਮਨੁੱਖ ਪ੍ਰਭੂ ਦੇ ਗੁਣ ਗਾਇਨ ਵਿਚੋਂ ਪੂਰਨ ਸੁਖ ਤੇ ਅਨੰਦ ਮਾਣਦਾ ਹੈ। ਕਿਸੇ ਤਰ੍ਹਾਂ ਦੀ ਭਟਕਣਾ ਜਾਂ ਦੁਖ ਵਿਆਪਕ ਨਹੀਂ ਰਹਿੰਦਾ। ਨਾਮ ਮੰਨਣ ਵਾਲਾ ਸਿਫਤਿ ਸਾਲਾਹ ਵਿਚ ਰੰਗਿਆ ਰਹਿੰਦਾ ਹੈ ਜਿਸ ਨਾਲ ਪਾਪਾਂ ਵਾਲੀ ਮਤਿ ਸੁਤੇ ਸਿੱਧ ਧੁੱਪ ਜਾਂਦੀ ਹੈ। ਨਾਮ ਮੰਨਣ ਦੀ ਵਿਧਿ ਪੂਰੇ ਗੁਰੂ ਤੋਂ ਪ੍ਰਾਪਤ ਹੁੰਦੀ ਹੈ ਅਤੇ ਇਹ ਦਾਤ ਪ੍ਰਭੂ ਆਪ ਬਖਸ਼ਿਸ਼ ਕਰਕੇ ਦਿੰਦਾ ਹੈ –

*ਨਾਇ ਮੰਨਿਐ ਸੁਰਤਿ ਉਪਜੈ ਨਾਮੇ ਮਤਿ ਹੋਈ॥*
*ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ॥*
*ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥*
*ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥*
*ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ॥*

***ਪੰਨਾ – 1242***

ਇਸ ਤੋਂ ਅਗਲੀ ਪਉੜੀ ਵਿਚ ਇਹ ਪ੍ਰਸ਼ਨ ਉਠਾਇਆ ਹੈ ਕਿ ਪ੍ਰਭੂ ਦਾ ਜੋ ਨਾਮ ਨਿਰੰਜਨ ਹੈ, ਅਲੱਖ ਹੈ, ਇਸ ਦੀ ਲਖਣਾ ਕਿਵੇਂ ਹੋਵੇ? ਇਸ ਨੂੰ ਬਿਆਨ ਕਿਵੇਂ ਕੀਤਾ ਜਾਵੇ? ਇਸ ਦਾ ਮੰਨਨ ਕਿਵੇਂ ਹੋਵੇ? ਉਤਰ ਵਿਚ ਆਪ ਜੀ ਕਹਿੰਦੇ ਹਨ ਕਿ ਪ੍ਰਭੂ ਨਾਮ ਸਭ ਥਾਂਈ ਵਿਆਪਕ ਹੈ ਅਤੇ ਇਹ ਨਾਮ ਪੂਰੇ ਗੁਰੂ ਤੋਂ ਮਿਲਦਾ ਹੈ, ਪੂਰਾ ਗੁਰੂ ਪ੍ਰਭੂ ਦਾ ਨਾਮ ਅਸਾਡੇ ਹਿਰਦੇ ਵਿਚ ਵਿਖਾ ਦੇਂਦਾ ਹੈ –

*ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ॥*
*ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥*
*ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥*
*ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥*
*ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ॥*

***ਪੰਨਾ – 1242***

ਨਾਮ ਦੀ ਐਸੀ ਮਹਿਮਾ ਹੈ।

'ਆਤਮ ਮਾਰਗ' ਦੇ ਸੰਚਾਲਕ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਸਾਰਾ ਜੀਵਨ ਨਾਮ ਜਪਿਆ ਅਤੇ ਜਪਾਇਆ ਹੈ। ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਤੋਂ ਆਪ ਜੀ ਨੇ ਗੁਰਮਤਿ ਨਾਮ-ਵਿਧੀ ਦਾ ਰਹੱਸ ਪ੍ਰਾਪਤ ਕੀਤਾ, ਕਰੜੀ ਘਾਲਣਾ ਘਾਲੀ ਅਤੇ ਪਰਮ ਪਦ ਦੀ ਪ੍ਰਾਪਤੀ ਕੀਤੀ। ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਦਾ ਜਨਮ-ਦਿਵਸ 4 ਅਗਸਤ 2003 ਨੂੰ ਹੈ। ਮਹਾਂਪੁਰਸ਼ਾਂ ਨੇ 'ਸੰਤ ਅਨੰਤਹਿ ਅੰਤਰ ਨਾਹੀ' ਲੇਖ ਵਿਚ ਆਪ ਜੀ ਦੀ ਮਹਾਨ ਸ਼ਖਸ਼ੀਅਤ ਅਤੇ ਰੂਹਾਨੀ ਪ੍ਰਾਪਤੀਆਂ ਦਾ ਉਲੇਖ ਕੀਤਾ ਹੈ। ਸੁਹਾਗਣ ਦੀ ਅੰਤਰਗਤ ਅਵਸਥਾ ਕੋਈ ਸੁਹਾਗਣ ਹੀ ਜਾਣ ਸਕਦੀ ਹੈ। ਮਹਾਂਪੁਰਸ਼ਾਂ ਨੇ ਵੱਡੇ ਸੰਤ ਮਹਾਰਾਜ ਜੀ ਦਾ ਨਿਕਟਵਰਤੀ ਪਿਆਰ ਮਾਣਿਆ ਹੈ ਅਤੇ ਇਸ ਦੀ ਸਾਂਝ ਦੋ ਲਿਖਤਾਂ ਰਾਹੀਂ ਪਾਠਕਾਂ ਨਾਲ ਪਾ ਰਹੇ ਹਨ। ਦੂਜੇ ਲੇਖ ਦਾ ਸਿਰਲੇਖ ਹੈ 'ਸੰਤ ਕਾ ਮਾਰਗ'।

'ਆਤਮ ਮਾਰਗ' ਨਾਮ ਦਾ ਮਾਰਗ ਹੈ। ਇਸ ਵਿਚ ਪ੍ਰਾਪਤ ਸਾਰੇ ਲੇਖ ਨਾਮ ਦੀ ਮਹਿਮਾ ਦਾ ਬਖਾਨ ਹਨ। ਆਸ ਹੈ ਪਾਠਕ ਜਨ ਇਨ੍ਹਾਂ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕਰਨਗੇ।

# ਸੰਤ ਕਾ ਮਾਰਗ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਪ੍ਰਸ਼ਨ – 1. **ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦੇ ਮੁਤਾਬਿਕ ਇਹ ਸੰਸਾਰ *'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।'* ਅਤੇ *'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।। ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।'* ਤਾਂ ਫੇਰ ਅਸਾਨੂੰ ਜਗਤ ਕਿਉਂ ਦਿਸ ਰਿਹਾ ਹੈ ਅਤੇ ਜਗਤ ਕਿਵੇਂ ਬਣ ਗਿਆ?**

ਉੱਤਰ – ਯਥਾਰਥ ਰੂਪ ਵਿਚ ਸਿਰਫ ਇਕੋ ਇਕ ਪਾਰਬ੍ਰਹਮ ਪ੍ਰਮੇਸ਼ਰ ਆਪਣੇ ਆਪ ਵਿਚ ਅਨੇਕ ਰੂਪ ਧਾਰਨ ਕਰਕੇ ਇਕ ਖੇਲ੍ਹ ਖੇਲ੍ਹ ਰਿਹਾ ਹੈ। ਜਿਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਨੇ 'ਜਾਪੁ ਸਾਹਿਬ' ਵਿਚ ਫੁਰਮਾਨ ਕੀਤਾ ਹੈ ਕਿ–

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ।।***

***ਜਾਪੁ ਸਾਹਿਬ***

ਇਥੇ ਇਕੋ ਹੀ ਪ੍ਰਮੇਸ਼ਰ ਬੇਅੰਤ ਜੀਵਨ ਧਾਰਾਵਾਂ, ਸ਼ਕਲਾਂ, ਸੂਰਤਾਂ, ਰਸਾਂ, ਰੰਗਾਂ, ਵਜੂਦਾਂ ਵਿਚ ਅਨੇਕ ਹੋਇਆ ਪ੍ਰਤੀਤ ਦੇ ਰਿਹਾ ਹੈ। ਆਪੋ ਆਪਣੀ ਬੁੱਧੀ ਦੇ ਪ੍ਰਾਪਤ ਹੋਏ ਬਲ ਦੇ ਮੁਤਾਬਿਕ ਇਹ ਸੰਸਾਰ ਨੂੰ ਵਿਆਖਿਆ ਜਾ ਰਿਹਾ ਹੈ। ਕਈਆਂ ਵਿਦਵਾਨਾਂ ਦਾ ਇਹ ਮਤ ਹੈ ਕਿ ਇਹ ਸੰਸਾਰ ਪ੍ਰਮਾਣੂਆਂ ਤੋਂ ਉਤਪਤ ਹੋਇਆ ਹੈ ਅਤੇ ਕਈਆਂ ਦਾ ਮਤ ਹੈ ਕਿ ਇਹ ਸੰਸਾਰ ਈਸ਼ਵਰ ਦੀ ਸੱਤਾ ਪ੍ਰਾਪਤ ਕਰਕੇ ਮਾਇਆ ਤੋਂ ਉਤਪੰਨ ਹੋਇਆ ਹੈ। ਮਾਇਆ, ਈਸ਼ਵਰ ਅਤੇ ਜੀਵ ਸੱਤਾ ਨੂੰ ਕਈ ਵਿਦਵਾਨ ਭਿੰਨ-ਭਿੰਨ ਸਮਝਦੇ ਹੋਏ ਇਸ ਮਤ ਦੇ ਹਨ ਕਿ ਜਦੋਂ ਮਾਇਆ ਦੇ ਤਿੰਨ ਗੁਣਾਂ ਵਿਚ ਉਥੱਲ-ਪੁਥੱਲ ਹੋਈ ਤਾਂ ਜੀਵ ਇਸ ਮਾਇਆ ਵਿਚ ਫਸ ਗਿਆ ਤੇ ਮੋਹਿਤ ਹੋਇਆ ਹੋਇਆ ਕਰਮ ਕਰਕੇ ਇਹ ਦ੍ਰਿੜ੍ਹ ਨਿਸ਼ਚਾ ਰਖਦਾ ਹੈ ਕਿ ਕਰਮ ਮੈਂ ਕੀਤੇ ਹਨ। ਇਨ੍ਹਾਂ ਕਰਮਾਂ ਦਾ ਫਲ ਭੋਗਦਾ ਜਨਮ ਮਰਨ ਦੇ ਚੱਕਰ 'ਚ ਪਿਆ ਅਨੰਤ ਕਾਲ ਤੋਂ ਦੁੱਖੀ ਹੁੰਦਾ ਵਿਆਕੁਲ ਹੋ ਰਿਹਾ ਹੈ। ਇਨ੍ਹਾਂ ਸਿਆਣਿਆਂ ਨੇ ਇਸ ਜੀਵ ਨੂੰ ਮਾਇਆ ਤੋਂ ਭਿੰਨ ਕਰਨ ਲਈ ਯੋਗ ਸਾਧਨਾਂ ਦਾ ਬਹੁਤ ਹੀ ਵਿਸਥਾਰ ਪੂਰਵਕ ਵਰਣਨ ਕੀਤਾ ਹੈ ਜਿਸ ਵਿਚ ਵਾਸ਼ਨਾਵਾਂ ਨੂੰ ਕਾਬੂ ਕਰਕੇ ਕਰਮਾਂ ਤੋਂ ਅ-ਕਰਤਾ ਭਾਵ ਉਤਪੰਨ ਕਰਕੇ ਨਿਸ਼ਕਾਮ ਕਰਮਾਂ ਰਾਹੀਂ ਅਭਿਆਸ (ਯੋਗ) ਦੇ ਬਲ ਨਾਲ ਸਮਾਧੀ ਵਿਚ ਲੀਨ ਹੋ ਕੇ, ਮਾਇਆ ਤੋਂ ਛੁੱਟ ਕੇ ਮੁਕਤ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

ਪਰ ਗੁਰਮਤਿ ਅਨੁਸਾਰ ਏਸ ਜੱਗ ਦੀ ਵੱਖਰੀ ਸਤੱਤਾ ਨੂੰ ਨਹੀਂ ਮੰਨਿਆ ਗਿਆ ਅਤੇ ਸਤਿ ਸਿਧਾਂਤ ਸੰਸਾਰ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਇਹ ਸੰਸਾਰ ਪ੍ਰਭੂ ਤੋਂ ਬਗੈਰ ਹੋਰ ਕੁਝ ਵੀ ਨਹੀਂ। ਵੈਸੇ ਇਸ ਸਿਧਾਂਤ ਨੂੰ ਵਰਣਨ ਕਰਨ ਲਈ ਕਈ ਥਾਵਾਂ ਤੇ ਵਿਆਖਿਆ ਵੀ ਕੀਤੀ ਗਈ ਹੈ।

ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਗੁਰੂ ਘਰ ਦੇ ਵੇਦ ਵਿਆਸ ਦੀ ਉਪਾਧੀ ਦੇ ਕੇ ਪ੍ਰਮੁਖ ਵਿਦਵਾਨ ਕਿਹਾ ਜਾਂਦਾ ਹੈ, ਆਪ ਜੀ ਦਾ ਫੁਰਮਾਨ ਹੈ ਕਿ ਸੰਸਾਰ ਦੀ ਉਤਪਤੀ ਤੋਂ ਪਹਿਲਾਂ 'ਸਤਿ' (being), ਆਪਣੇ ਆਪ ਵਿਚ ਸਮਾਧਿਸ਼ਟ ਅਵਸਥਾ ਨੂੰ ਉਹ ਆਪ ਹੀ ਜਾਣਦਾ ਸੀ। ਉਹ ਕੋਈ ਅਣਹੋਂਦ ਜਾਂ ਸੁੰਨ (nothing) ਨਹੀਂ ਸੀ ਪਰ ਇਸ ਦੀ ਥਾਂ ਤੇ ਅਗੰਮ, ਅਗੋਚਰ ਅਵਸਥਾ ਵਿਚ ਇਹ ਸਤਿ (being) ਆਪਣੀ ਮਹਿਮਾ ਨੂੰ ਆਪ ਹੀ ਜਾਣਦਾ ਹੈ। ਇਸ ਅਵਸਥਾ ਨੂੰ ਕਿਸੇ ਵੀ ਤਰੀਕੇ ਦੇ ਨਾਲ ਪ੍ਰਾਕ੍ਰਿਤਕ organs (ਇੰਦ੍ਰੀਆਂ) ਰਾਹੀਂ ਵਿਆਖਿਆ ਨਹੀਂ ਜਾ ਸਕਦਾ। ਉਸਦੀ ਭਿੰਨ-ਭਿੰਨ ਵਿਆਖਿਆ ਬੁਧੀਵਾਨਾਂ ਨੇ ਆਪਣੀ ਪਹੁੰਚ ਦੇ ਮੁਤਾਬਿਕ ਕਰਕੇ ਅਨੇਕ ਪ੍ਰਾਕ੍ਰਿਤਕ ਮਤ ਕਾਇਮ ਕੀਤੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਇਸ ਬਾਰੇ ਫੁਰਮਾਨ ਕਰਦੇ ਹਨ –

***ਆਪੁ ਆਪੁਨੀ ਬੁਧਿ ਹੈ ਜੇਤੀ।।***
***ਬਰਨਤ ਭਿੰਨ ਭਿੰਨ ਤੁਹਿ ਤੇਤੀ।।***
***ਤੁਮਰਾ ਲਖਾ ਨ ਜਾਇ ਪਸਾਰਾ।।***
***ਕਿਹ ਬਿਧਿ ਸਜਾ ਪ੍ਰਥਮ ਸੰਸਾਰਾ।।*** **ਚੌਪਈ**

ਸਿੱਧਾਂ ਨੇ ਵੀ ਗੁਰੂ ਨਾਨਕ ਪਾਤਸ਼ਾਹ ਨੂੰ ਆਦਿ ਦੀ ਅਵਸਥਾ ਬਾਰੇ ਕੁਝ ਵਿਆਖਿਆ ਕਰਨ ਲਈ ਬੇਨਤੀ ਕੀਤੀ ਅਤੇ ਕਿਹਾ –

***ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।।***

***ਪੰਨਾ – 940***

ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ –

***ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ***
***ਸੁੰਨ ਨਿਰੰਤਰਿ ਵਾਸੁ ਲੀਆ।। ਪੰਨਾ – 940***

ਸੋ ਵਿਸਮਾਦਕ ਅਵਸਥਾ ਨੂੰ ਅਤੇ ਆਪਣੇ ਵਿਚ ਸਥਿਤ ਸਤਿ ਨੂੰ ਇਹ ਸਤਿ ਆਪ ਹੀ ਜਾਣਦਾ ਹੈ ਕਿਉਂਕਿ ਮਨੁੱਖ ਲਈ ਇਹ ਅਵਸਥਾ ਅਗੰਮ ਤੇ ਅਗੋਚਰ ਹੈ। ਸੋ ਇਸ ਅਵਸਥਾ ਨੂੰ ਨਿਰੰਕਾਰ ਦੀ ਆਪੇ ਆਪ ਜਾਨਣ ਵਾਲੀ ਅਵਸਥਾ ਹੀ ਕਹਿ ਸਕਦੇ ਹਾਂ ਪਰ ਸਮਝਣ ਵਾਸਤੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ –

***ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।।***

***ਭਾਈ ਗੁਰਦਾਸ ਜੀ – ਵਾਰ 26/2***

ਏਕੰਕਾਰ ਨਿਰੰਕਾਰ ਜੀ ਦਾ ਸਰਗੁਨ ਸਰੂਪ ਹੈ ਅਤੇ ਇਸ 'ਏਕੰਕਾਰ' ਤੋਂ –

***ਏਕੰਕਾਰਹੁੰ ਸਬਦ ਧੁਨਿ ਓਅੰਕਾਰ ਆਕਾਰੁ ਬਨਾਯਾ।।***

***ਭਾਈ ਗੁਰਦਾਸ ਜੀ – ਵਾਰ 26/2***

ਗੁਰੂ ਮਹਾਰਾਜ ਜੀ ਨੇ ਮੂਲਮੰਤ੍ਰ ਵਿਚ 'ਏਕੰਕਾਰ' ਅਤੇ 'ਓਅੰਕਾਰ' ਨੂੰ ਵੱਖੋ-ਵੱਖਰਾ ਨਹੀਂ ਦਰਸਾਇਆ, ਸਗਮਾਂ ਦੋਹਾਂ ਨੂੰ ਇਕੋ ਰੂਪ '੧ਓ' ਦਾ ਦਿਤਾ। '੧ਓ' ਹੀ ਇਸ ਰੂਪ ਵਿਚ 'ਸਤਿ' ਦੱਸਿਆ ਅਤੇ ਇਸ '੧ਓ' ਸ਼ਕਤੀ ਜਿਸਨੂੰ ਨਾਮ ਸ਼ਕਤੀ ਕਿਹਾ, ਤੋਂ ਕ੍ਰਿਆ ਸ਼ੁਰੂ ਹੋਈ ਅਤੇ ਇਸ ਸ਼ਬਦ ਤੋਂ ਅਨੰਤ ਧਾਰਾਂ ਦੇ ਵਿਚ ਅਨੰਤ ਰੂਪ ਰੇਖਾਵਾਂ ਵਾਲੀ, ਰਸਾਂ, ਰੰਗਾਂ ਵਾਲੀ ਸ੍ਰਿਸ਼ਟੀ ਮੌਲਣ ਲੱਗੀ ਅਤੇ ਨਿਰੰਤਰ ਮੌਲ ਰਹੀ ਹੈ। ਜਿਵੇਂ ਇਕ ਬਟਕ ਬੀਜ ਤੋਂ ਬਹੁਤ ਵਿਸਥਾਰ ਵਾਲਾ ਬ੍ਰਿਛ ਵਜੂਦ ਵਿਚ ਆ ਗਿਆ। ਇਹ ਬ੍ਰਿਛ ਉਸ ਨਿੱਕੇ ਜਿਹੇ ਬੀਜ ਦਾ ਹੀ ਸਰਗੁਨ ਸਰੂਪ ਹੈ। ਨਿਰਗੁਨ ਪ੍ਰਮਾਤਮਾ ਦੇ ਆਸਰੇ ਹੋ ਕੇ ਇਹੋ ਬ੍ਰਹਮ, ਜਗਤ ਰੂਪ ਕਰਕੇ ਜਾਨਿਆ ਜਾਣ ਲੱਗਾ। ਜੇ ਥੋੜੇ ਵਿਸਥਾਰ ਨਾਲ ਹੋਰ ਸਮਝਣਾ ਹੋਵੇ ਤਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਸਿੱਧਾਂ ਦੇ ਪ੍ਰਸ਼ਨ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ – 946***

ਦੇ ਉਤਰ ਵਿਚ ਬਹੁਤ ਹੀ ਸੰਖੇਪ ਭਾਵ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ –

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥***
***ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥***
***ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥***
***ਪੰਨਾ – 946***

ਨਾਲ ਇਸ ਜਗਤ ਦੀ ਉਤਪਤੀ ਦਾ ਕਾਰਨ ਅਗਿਆਨਤਾ ਹੀ ਦੱਸਿਆ। ਸੋ ਹਉਮੈ ਦੀ ਅਗਿਆਨਤਾ ਕਾਰਨ ਏਕੋ ਬ੍ਰਹਮ, ਜਗਤ ਹੋ ਕੇ ਭਾਸਣ ਲਗ ਗਿਆ। ਇਸ ਦੀ ਹੋਰ ਖੋਲ੍ਹ ਕੇ ਵਿਆਖਿਆ ਭੀ ਇਸ ਥਾਂ ਬੇਲੋੜੀ ਨਹੀਂ ਹੋਵੇਗੀ। ਉਹ ਇਸ ਤਰ੍ਹਾਂ ਹੈ ਕਿ ਵਿਸ਼ਿਸ਼ਟ ਚੇਤਨ 'ਈਸ਼ਰ' ਤੋਂ ਸ਼ਬਦ ਸੰਯੁਕਤ ਅਕਾਸ਼ ਦੀ ਉਤਪਤੀ ਹੁੰਦੀ ਹੈ। ਅਕਾਸ਼ ਵਿਚ ਕੇਵਲ ਇਕੋ ਸ਼ਬਦ ਗੁਣ ਹੈ। ਅਕਾਸ਼ ਤੋਂ ਸਪਰਸ਼ ਯੁਕਤ ਵਾਯੂ ਦੀ ਉਤਪਤੀ ਹੋਈ। ਵਾਯੂ ਵਿਚ ਦੋ ਗੁਣ ਹੁੰਦੇ ਹਨ – ਸਪਰਸ਼ ਦਾ ਗੁਣ ਤਾਂ ਉਸਦਾ ਆਪਣਾ ਹੈ ਤੇ ਸ਼ਬਦ ਦਾ ਗੁਣ ਅਕਾਸ਼ ਦਾ ਹੈ। ਵਾਯੂ ਤੋਂ ਰੂਪ (ਅਗਨ) ਦੀ ਉਤਪਤੀ ਹੁੰਦੀ ਹੈ। ਰੂਪ ਵਿਚ ਤਿੰਨ ਗੁਣ ਹਨ – ਰੂਪ ਉਸਦਾ ਆਪਣਾ ਗੁਣ ਹੈ ਅਤੇ ਸ਼ਬਦ, ਸਪਰਸ਼ ਇਹ ਗੁਣ ਪਹਿਲੇ ਤੱਤਾਂ ਦੇ ਹਨ। Gasses ਤੋਂ ਰਸ, ਰੂਪ, ਜਲ ਦੀ ਉਤਪਤੀ ਹੋਈ। ਇਸ ਤਰ੍ਹਾਂ ਜਲ ਵਿਚ ਚਾਰ ਗੁਣ ਹੋਏ – ਰਸ ਜਲ ਦਾ ਆਪਣਾ ਰੂਪ; ਸ਼ਬਦ, ਸਪਰਸ਼, ਰੂਪ ਪਹਿਲੇ ਤਿੰਨਾਂ ਦੇ ਗੁਣ। ਜਲ ਤੋਂ ਗੰਧ ਸਹਿਤ ਧਰਤੀ ਦੀ ਉਤਪਤੀ ਹੋਈ – ਗੰਧ ਧਰਤੀ ਦਾ ਰੂਪ ਤੇ ਸ਼ਬਦ, ਸਪਰਸ਼, ਰੂਪ, ਰਸ ਪਹਿਲੇ ਤੱਤਾਂ ਦੇ ਗੁਣ। ਇਨ੍ਹਾਂ ਗੁਣਾਂ ਦੇ ਸਤੋ ਗੁਣ ਅੰਸ਼ ਤੋਂ ਅੰਤਹਕਰਣ ਦੀ ਉਤਪਤੀ ਹੋਈ। ਇਹ ਅੰਤਹਕਰਣ, ਬਿਰਤੀ ਭੇਦ ਤੋਂ ਚਾਰ ਤਰ੍ਹਾਂ ਦਾ ਵਿਆਖਿਆ ਜਾਂਦਾ ਹੈ। ਇਨ੍ਹਾਂ ਦੇ ਨਾਮ ਕਰਮਵਾਰ ਮਨ, ਬੁੱਧ, ਚਿਤ ਤੇ ਅਹੰਭਾਵ ਹਨ। ਇਸੇ ਤਰ੍ਹਾਂ ਪੰਜਾਂ ਤੱਤਾਂ ਦੇ ਰਜੋ ਅੰਸ ਤੋਂ ਪੰਜ ਪ੍ਰਾਣ – ਪ੍ਰਾਣ, ਉਪਾਨ, ਸੁਮਾਨ, ਉਦਾਨ ਤੇ ਬਿਆਨ ਹਨ। ਇਹ ਵੀ ਇਕੋ ਪੌਣ ਦੇ ਸਥਾਨ ਭੇਦ ਕਰਕੇ ਪੰਜ ਨਾਮ ਪੈ ਗਏ ਜਿਵੇਂ ਕਿ ਹਿਰਦੇ ਸਥਾਨ ਵਿਚ 'ਪ੍ਰਾਣਾਂ' ਦਾ ਨਿਵਾਸ ਹੈ ਅਤੇ ਗੁਦਾ ਸਥਾਨ ਵਿਚ 'ਉਪਾਨ', ਨਾਭੀ ਵਿਚ 'ਸੁਮਾਨ', ਕੰਠ ਵਿਚ 'ਉਦਾਨ' ਅਤੇ ਸਾਰੇ ਸਰੀਰ ਵਿਚ ਨਿਵਾਸ ਰੱਖਣ ਵਾਲੇ ਦਾ ਨਾਮ 'ਬਿਆਨ' ਹੈ।

ਇਕੋ ਪੌਣ ਦੇ ਵੱਖ-ਵੱਖ ਸਥਾਨਾਂ ਤੇ ਨਿਵਾਸ ਕਰਨ ਕਰਕੇ ਇਨ੍ਹਾਂ ਪੰਜ ਪ੍ਰਾਣਾਂ ਦੇ ਧਰਮ ਵੀ ਵੱਖੋ-ਵੱਖਰੇ ਪ੍ਰਤੀਤ ਦੇਣ ਲੱਗੇ। ਜਿਸ ਤਰ੍ਹਾਂ ਭੁੱਖ, ਪਿਆਸ ਦਾ ਲੱਗਣਾ 'ਪ੍ਰਾਣ' ਦਾ ਧਰਮ ਹੈ, ਮਲਮੂਤਰ ਦਾ ਤਿਆਗਣਾ 'ਉਪਾਨ' ਦਾ ਧਰਮ ਹੈ, ਖਾਧੇ ਹੋਏ ਅੰਨ ਅਤੇ ਪੀਤੇ ਹੋਏ ਪਾਣੀ ਨੂੰ ਹਜ਼ਮ ਕਰਨਾ 'ਸਮਾਨ' ਦਾ ਧਰਮ ਹੈ, ਅੰਨ ਜਲ ਦੇ ਮੇਹਦੇ ਵਿਚ ਪ੍ਰਾਪਤ ਹੋਏ ਅਨੇਕ ਕਿਸਮ ਦੇ ਰਸਾਂ ਨੂੰ ਆਪੋ-ਆਪਣੇ ਸਥਾਨ ਪਹੁੰਚਾਉਣਾ 'ਉਦਾਨ' ਪ੍ਰਾਣ ਦਾ ਧਰਮ ਹੈ ਅਤੇ ਸਾਰੇ ਅੰਗਾਂ ਦੇ ਜੋੜਾਂ ਨੂੰ ਪ੍ਰੇਰਨਾ ਦੇ ਕੇ ਕੰਮ ਲੈਣ ਲਈ 'ਬਿਆਨ' ਪ੍ਰਾਣ ਦਾ ਧਰਮ ਹੈ। ਇਸੇ ਤਰ੍ਹਾਂ ਦੇ ਇਕ-ਇਕ ਤੱਤ ਦੇ ਸਤੋ ਅੰਸ਼ ਤੋਂ ੨੫ ਪ੍ਰਾਕ੍ਰਿਤੀਆਂ ਬਣ ਕੇ ਗਿਆਨ ਇੰਦਰੀਆਂ ਦੀ ਉਤਪਤੀ ਹੁੰਦੀ ਹੈ। ਜਿਵੇਂ ਕਿ ਅਕਾਸ਼ ਤੋਂ ਸਤੋ ਅੰਸ਼ ਦੀ, ਕੰਨਾਂ ਦੀ, ਵਾਯੂ ਤੋਂ ਤਵੱਚਾ ਦੀ, ਰੂਪ ਤੋਂ ਅੱਖਾਂ ਦੀ, ਜਲ ਤੋਂ ਰਸਨਾ ਦੀ, ਧਰਤੀ ਤੋਂ ਨੱਕ ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਹੀ ਤੱਤਾਂ ਦੇ ਰਜੋ ਅੰਸ਼ ਤੋਂ ਕਰਮ ਇੰਦ੍ਰੀਆਂ ਦੀ ਉਤਪਤੀ ਹੁੰਦੀ ਹੈ ਜਿਵੇਂ ਕਿ ਅਕਾਸ਼ ਤੋਂ ਵਾਕਸੱਤਾ, ਵਾਯੂ ਤੋਂ ਹੱਥ ਸ਼ਕਤੀ, ਰੂਪ ਤੋਂ ਪੈਰਾਂ ਦੀ, ਜਲ ਤੋਂ ਉਪਸਥ 'ਲਿੰਗ ਇੰਦ੍ਰੇ' ਦੀ, ਧਰਤੀ ਤੋਂ ਗੁਦਾ ਦੀ ਉਤਪਤੀ ਹੁੰਦੀ ਹੈ। ਇਸ ਤਰ੍ਹਾਂ ਨਾਲ ਸੂਖਮ ਰਚਨਾ ਤੋਂ ਮਗਰੋਂ ਪ੍ਰਮਾਤਮਾ ਦੀ ਇੱਛਾ ਨਾਲ ਪੰਜਾਂ ਤੱਤਾਂ ਤੋਂ ਇਕ-ਇਕ ਤੱਤ ਦੇ ਦੋ ਦੋ ਹਿੱਸੇ ਹੋ ਗਏ। ਉਨ੍ਹਾਂ ਵਿਚੋਂ ਇਕ ਹਿੱਸਾ ਤਾਂ ਜਿਉਂ ਦਾ ਤਿਉਂ ਰਿਹਾ ਅਤੇ ਦੂਜਾ ਹਿੱਸਾ ਆਪਣੇ ਪਹਿਲੇ ਹਿੱਸੇ ਨੂੰ ਛੱਡ ਕੇ ਦੋਹਾਂ ਦੇ ਨਾਲ ਮਿਲ ਗਿਆ। ਇਹੋ ਸਾਰੇ ਪੰਚੀਕਰਣ ਕਹਾਉਂਦੇ ਹਨ। ਇਸ ਪੰਚੀ ਕਿਰਤ ਪੰਜਾਂ ਤੱਤਾਂ ਤੋਂ ਹੀ ਸਥੂਲ ਬ੍ਰਹਿਮੰਡ ਪੈਦਾ ਹੋਇਆ, ਉਨ੍ਹਾਂ ਬ੍ਰਹਿਮੰਡਾਂ ਵਿਚ ਹੀ ਅਨੰਤ – ਮਾਤ ਲੋਕ, ਪਤਾਲ ਲੋਕ, ਸਵਰਗ ਲੋਕ ਵਜੂਦ ਵਿਚ ਆਏ। ਇਹ ਸਾਰਾ ਪ੍ਰਪੰਚ ਪ੍ਰਮੇਸ਼ਰ ਤੋਂ ਹੀ ਵਧਿਆ, ਫੁੱਲਿਆ, ਫਲਿਆ ਅਤੇ ਅਗਿਆਨ, ਮਾਇਆ ਦੀ ਅਮਿਟ ਸ਼ਕਤੀ ਕਰਕੇ ਪ੍ਰਮੇਸ਼ਰ ਤੋਂ ਵੱਖਰਾ ਭਾਸਦਾ ਵੱਖਰੇ-ਪੁਣ ਦਾ ਪੱਕਾ ਅਧਿਆਸ ਹੋ ਕੇ ਜਗਤ ਪ੍ਰਤੀਤ ਦੇਣ ਲੱਗਿਆ।

ਦਰਅਸਲ ਇਹ ਸਾਰਾ ਹੀ ਪਸਾਰਾ ਇਉਂ ਹੈ ਜਿਵੇਂ ਸਮੁੰਦਰ ਤੋਂ ਅਨੇਕਾਂ ਲਹਿਰਾਂ ਉਠ ਕੇ ਉਹ ਸਮੁੰਦਰ ਤੋਂ ਨਾ ਹੀ ਕਿਸੇ ਤਰ੍ਹਾਂ ਵੱਖ ਹੁੰਦੀਆਂ ਹਨ ਪਰ ਅਸੀਂ ਇਸ ਉਛਲਦੇ ਪਾਣੀ ਨੂੰ ਲਹਿਰਾਂ, ਝੱਗ, ਬੁਲਬਲਿਆਂ ਦੀ ਉਪਾਧੀ ਦੇ ਕੇ ਪਾਣੀ ਤੋਂ ਵੱਖ ਵੇਖਦੇ ਹਾਂ ਪਰ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***
***ਪੰਨਾ – 485***

ਇਹ ਸਾਰਾ ਸਾਗਰ ਹੀ ਹੈ, ਸਾਗਰ ਆਪਣੀ ਮੌਜ ਵਿਚ ਆਪਣੀ ਖੇਲ੍ਹ ਖੇਲ੍ਹ ਰਿਹਾ ਅਨੇਕਾਂ ਰੂਪਾਂ ਵਿਚ ਨਜ਼ਰ ਆ ਕੇ ਵੱਖਰੇ-ਪੁਣ ਦਾ ਭਰਮ ਪੈਦਾ ਕਰਦਾ ਹੈ ਪਰ ਵਿਚਾਰਸ਼ੀਲ ਵਿਅਕਤੀ ਇਸ ਸਾਗਰ ਨੂੰ ਸਾਗਰ ਦੀ ਖੇਲ੍ਹ ਹੀ ਸਮਝਦਾ ਹੈ। ਇਹ ਇਕ ਭਰਮ ਮਾਤਰ ਮਾਨਸਿਕ ਸਥਿਤੀ ਹੈ।

ਇਕ ਹੋਰ ਤਰ੍ਹਾਂ ਵੀ ਇਹ ਗੱਲ ਸੁਖੈਨ ਹੀ ਸਮਝ ਵਿਚ ਆ ਜਾਂਦੀ ਹੈ ਕਿ ਮਟਕ ਚਾਨਣੇ ਰੂਪ ਹਨ੍ਹੇਰੇ ਵਿਚ ਇਕ ਰੱਸੀ ਘਰ ਦੇ ਦਰਵਾਜ਼ੇ ਅੱਗੇ ਪਈ ਹੋਵੇ ਤਾਂ ਉਸਨੂੰ ਦੇਖ ਕੇ ਦ੍ਰਿੜ੍ਹ ਅਧਿਆਸ ਹੋ ਜਾਂਦਾ ਹੈ ਕਿ ਇਹ ਸੱਪ ਪਿਆ ਹੈ। ਉਸਦਾ ਦੁਖਦਾਈ ਅਸਰ ਸਰੀਰ ਉਤੇ ਅਗਿਆਨ ਕਰਕੇ ਘਬਰਾਹਟ, ਡਰ ਦੇ ਰੂਪ ਦੇ ਵਿਚ ਪ੍ਰਗਟ ਹੋ ਕੇ ਮਾਨਸਿਕ ਸੋਚ ਨੂੰ ਉਥੱਲ-ਪੁਥੱਲ ਕਰ ਦਿੰਦਾ ਹੈ ਅਤੇ ਅਣਹੋਏ ਸੱਪ ਦਾ ਮਨ ਬੁੱਧੀ ਵਿਚ ਅਨੇਕ ਤਰ੍ਹਾਂ ਦੀਆਂ ਕਲਪਨਾਵਾਂ ਖੜ੍ਹੀਆਂ ਕਰ ਦਿੰਦਾ ਹੈ ਪਰ ਜਦੋਂ ਗਿਆਨ ਰੂਪ ਦਿਨ ਦਾ ਪ੍ਰਕਾਸ਼ ਹੋ ਜਾਵੇ ਤਾਂ ਇਹ ਭਰਮ ਵਸ ਅਗਿਆਨਮਈ ਕਲਪਨਾ ਹੀ ਸੀ। ਇਸੇ ਤਰ੍ਹਾਂ ਦੇ ਨਾਲ ਚੰਦ ਚਾਂਦਨੀ ਵਿਚ ਪਈ ਚਮਕ ਰਹੀ ਸਿੱਪੀ ਚਾਂਦੀ ਪ੍ਰਤੀਤ ਦਿੰਦੀ ਹੈ। ਸੋ ਅਸਲੀਅਤ, ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਜੋ ਗੁਰਮਤਿ ਸਿਧਾਂਤ ਰਾਹੀਂ ਪ੍ਰਗਟ ਹੁੰਦੀ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

***ਸਰਬ ਭੂਤ ਆਪਿ ਵਰਤਾਰਾ॥***
***ਸਰਬ ਨੈਨ ਆਪਿ ਪੇਖਨਹਾਰਾ॥ ਪੰਨਾ - 294***

ਸਾਰਿਆਂ ਨੇਤਰਾਂ ਦੇ ਰਾਹੀਂ ਆਪ ਹੀ ਦੇਖ ਰਿਹਾ ਹੈ। ਆਪ ਹੀ ਦ੍ਰਿਸ਼ ਹੈ, ਆਪ ਹੀ ਦ੍ਰਿਸ਼ਟ ਸ਼ਕਤੀ ਹੈ। ਜਦ ਸਾਰੇ ਆਪਣਾ ਹੀ ਰੂਪ ਦਿਸ ਰਿਹਾ ਹੈ ਤਾਂ ਇਥੇ ਦੂਸਰੇ ਦੀ ਕਲਪਨਾ ਕਰਨਾ ਅਣਹੋਈ ਬਾਤ ਹੈ। ਇਹ ਸਾਰਾ ਸੰਸਾਰ 'ਵਾਹਿਗੁਰੂ' ਹੀ ਹੈ। ਪੰਜ ਕਿਸਮ ਦੇ ਭਰਮ ਪੈਣ ਕਰਕੇ ਇਹ ਵਾਹਿਗੁਰੂ ਜਗਤ ਰੂਪ ਹੋ ਕੇ ਦਿਸ ਰਿਹਾ ਹੈ ਅਤੇ ਦੇਖਣ ਵਾਲੇ ਨੇਤਰ, ਘੋਰ ਅੰਧਕਾਰ ਵਿਚ ਹੋਣ ਕਰਕੇ ਅੰਧੇ ਹਨ, ਜਦੋਂ ਗੁਰੂ ਰਾਹੀਂ ਸ਼ਬਦ ਦੀ ਪ੍ਰਾਪਤੀ ਹੋ ਜਾਵੇ ਅਤੇ ਉਸਦਾ ਵਿਧੀ ਪੂਰਵਕ ਅਭਿਆਸ ਕਰਕੇ ਦਿਬਯ-ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਵੇ ਤਾਂ ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਇਹ ਸਾਰਾ ਜਗਤ ਹਰੀ ਦਾ ਰੂਪ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ ਫੁਰਮਾਨ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਪੰਨਾ - 922***

ਪਰ ਇਹ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਕਰਮ, ਉਪਾਸ਼ਨਾ, ਗਿਆਨ ਦੀਆਂ ਮੰਜ਼ਲਾਂ ਰਾਹੀਂ ਅੰਤਸ਼ਕਰਣ ਵਿਚ ਪਈ ਹੋਈ ਜਨਮਾਂ-ਜਨਮਾਂਤਰਾਂ ਦੀ ਕਾਲੀ ਸਿਆਹ ਮੈਲ ਦੂਰ ਕਰਕੇ, ਅੰਤਸ਼ਕਰਣ ਪ੍ਰਕਾਸ਼ਮਈ ਹੋ ਜਾਂਦਾ ਹੈ ਤਾਂ ਝੂਠੀ 'ਮੈਂ' ਦਾ ਅਧਿਆਸ ਖਤਮ ਹੋ ਜਾਂਦਾ ਹੈ ਅਤੇ ਸੱਚੀ 'ਮੈਂ' ਆਤਮਾ ਜਿਉਂ ਦੀ ਤਿਉਂ ਪ੍ਰਕਾਸ਼ਮਈ ਆਪਣੇ ਸਰੂਪ ਵਿਚ ਸਥਿਤ ਨਜ਼ਰੀ ਪੈਂਦੀ ਹੈ। ਜਦੋਂ ਤਕ ਗਿਆਨ ਅੰਜਨ ਗੁਰੂ ਤੋਂ ਪ੍ਰਾਪਤ ਨਹੀਂ ਹੁੰਦਾ, ਓਨੇ ਸਮੇਂ ਤਾਂਈਂ ਬੁੱਧੀ ਸ਼ਕਤੀ ਰਾਹੀਂ ਜਾਣਿਆ ਗਿਆਨ ਅਗਿਆਨ ਹੀ ਹੋਇਆ ਕਰਦਾ ਹੈ। ਜਦੋਂ ਗਿਆਨ ਦਾ ਸੂਰਜ ਉਦੈ ਹੋ ਜਾਂਦਾ ਹੈ ਤਾਂ 'ਮੈਂ' ਤੇ 'ਤੂੰ' ਦਾ ਭੇਦ ਮਿਟ ਕੇ ਆਪੇ ਆਪ ਹੀ ਆਪਣੀ ਮਹਿਮਾ ਵਿਚ ਸਥਿਤ 'ਏਕੰਕਾਰ' ਅਨੇਕਾਂ ਰੂਪਾਂ, ਰੰਗਾਂ ਵਿਚ ਖੇਲ੍ਹਦਾ ਆਪਣੇ ਆਪ ਨੂੰ ਆਪੇ ਹੀ ਭਾਸਣ ਲੱਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਵਾਹਿਗੁਰੂ, ਭਰਮ ਕਰਕੇ ਜਗਤ ਪ੍ਰਤੀਤ ਦਿੰਦਾ ਸੀ ਅਤੇ ਜਦੋਂ ਭਰਮ ਦਾ ਨਾਸ਼ ਹੋ ਗਿਆ ਤਾਂ ਹਉਮੈ ਦੀ ਸੁਰਤ ਮਰ ਗਈ, ਇਹ ਆਪੇ ਆਪ ਹਰ ਰੰਗ ਵਿਚ ਖੇਲ੍ਹਦਾ ਆਪਣੀ ਮਹਿਮਾਂ ਵਿਚ ਆਪ ਹੀ ਸਥਿਤ ਹੁੰਦਾ ਹੈ।

ਪ੍ਰਸ਼ਨ - 2. **ਕਈ ਸ਼ਾਸ਼ਤਰਾਂ ਦਾ ਮਤ ਹੈ ਕਿ ਪਹਿਲਾਂ ਕਰਮ ਕਰੇ, ਫੇਰ ਉਪਾਸ਼ਨਾ ਦਾ ਦਰਜਾ ਆਉਂਦਾ ਹੈ। ਜਦੋਂ ਉਪਾਸ਼ਨਾ ਸਿੱਧ ਹੋ ਜਾਵੇ ਤਾਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਇਸ ਦਾ ਕੀ ਪ੍ਰੋਜਨ ਹੈ?**

ਉਤਰ - ਕਰਮ ਦੋ ਤਰ੍ਹਾਂ ਦੇ ਹੋਇਆ ਕਰਦੇ ਹਨ। ਇਕ ਕਰਮ ਕਾਮਨਾ ਕਰਕੇ ਕੀਤੇ ਜਾਂਦੇ ਹਨ ਅਤੇ ਕਰਮ ਦਾ ਫਲ ਅਸੀਂ ਸੁਖ ਦੀ ਪ੍ਰਾਪਤੀ ਮੰਗਦੇ ਹਾਂ। ਸੁਕਾਮ ਕਰਮ ਕਰਨ ਦੇ ਨਾਲ ਆਦਮੀ ਨੂੰ ਫਲ ਭੋਗਣਾ ਪੈਂਦਾ ਹੈ। ਇਹ ਫਲ ਸੰਸਾਰ ਵਿਚ ਵੀ ਭੋਗਣੇ ਪੈਂਦੇ ਹਨ ਅਤੇ ਸੰਸਾਰ ਤਿਆਗਣ ਤੋਂ ਪਿਛੋਂ ਸਵਰਗ ਲੋਕਾਂ ਵਿਚ ਜਾ ਕੇ ਵੀ ਭੋਗਣੇ ਪੈਂਦੇ ਹਨ। ਜਿਸ ਤਰ੍ਹਾਂ ਫੁਰਮਾਨ ਹੈ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਪੰਨਾ - 1414***

ਇਸੇ ਤਰ੍ਹਾਂ ਪਾਪ ਕਰਮਾਂ ਦਾ ਫਲ ਵੀ ਕੁਝ ਇਸ ਸੰਸਾਰ ਵਿਚ ਭੋਗਿਆ ਜਾਂਦਾ ਹੈ ਅਤੇ ਕੁਝ ਮਰਨ ਉਪਰੰਤ ਕਰੜੀਆਂ ਸਜ਼ਾਵਾਂ ਦੇ ਰੂਪ ਵਿਚ ਦਰਗਾਹ ਵਿਚ ਭੋਗਦੇ ਹਾਂ, ਜਿਵੇਂ ਕਿ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆਂ ਲੁਕਿ ਅੰਦਰਿ ਠਾਣੀ॥***
***ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***
***ਪੰਨਾ - 315***

ਵੈਸੇ ਜੇ ਕਰਮਾਂ ਨੂੰ ਹੋਰ ਵਿਸਥਾਰ ਨਾਲ ਦੇਖੀਏ ਤਾਂ ਇਹ ਕਈ ਕਿਸਮ ਦੇ ਹੁੰਦੇ ਹਨ ਜਿਸ ਤਰ੍ਹਾਂ ਕਿ ਹਰ ਰੋਜ਼ ਕਰਨ ਵਾਲੇ ਕਰਮ -

**ਕਾਇਕ ਕਰਮ** – ਇਸ਼ਨਾਨ ਕਰਨਾ, ਦੰਦਾਂ ਦੀ ਸਫਾਈ ਵਾਸਤੇ ਦਾਤਨ, ਸਰੀਰ ਦੀ ਤੰਦਰੁਸਤੀ ਵਾਸਤੇ ਵਰਜਿਸ਼, ਅਤੇ ਸੰਤਾਂ ਦੀ ਸੇਵਾ।

**ਵਾਚਕ ਕਰਮ** – ਪੰਜ ਬਾਣੀਆਂ ਦਾ ਪਾਠ ਕਰਨਾ, ਚਿਤ ਬਿਰਤੀ ਇਕਾਗਰ ਕਰਕੇ ਨਾਮ ਸਿਮਰਨਾ, ਸੱਚ ਬੋਲਣਾ, ਸਤਸੰਗ ਵਿਚ ਜਾ ਕੇ ਕੀਰਤਨ ਕਰਨਾ ਤੇ ਮਿੱਠਾ ਬੋਲਣਾ।

**ਮਾਨਸਿਕ ਕਰਮ** –

1. ਸਰਬ ਜੀਵਾਂ ਨੂੰ ਤਨ ਮਨ ਧਨ ਨਾਲ ਸੁਖ ਦੇਣਾ।

2. (ਏਕਾ ਨਾਰੀ ਸਦਾ ਜਤੀ) ਰੂਪ ਬ੍ਰਹਮਚਰਜ ਧਾਰਨ ਕਰਨਾ।

3. ਧੀਰਜ ਵਿਚ ਰਹਿਣਾ।

4. ਸੰਤੋਖ ਵਾਲੀ ਬਿਰਤੀ ਦ੍ਰਿੜ ਰੱਖਣੀ ਅਤੇ ਸਭ ਕਿਸੇ ਨੂੰ ਪ੍ਰੇਮ ਕਰਨਾ।

ਇਨ੍ਹਾਂ ਤੋਂ ਇਲਾਵਾ ਪ੍ਰਾਸ਼ਚਿਤ ਕਰਮ, ਨਮਿਤ ਕਰਮ ਆਦਿ ਅਨੇਕ ਕਰਮ ਹੋਇਆ ਕਰਦੇ ਹਨ। ਸੁਕਾਮ ਕਰਮ ਕਰਨ ਨਾਲ ਜੀਵ ਨੂੰ ਬੰਧਨ ਪੈ ਜਾਂਦਾ ਹੈ ਅਤੇ ਫਲ ਭੋਗਣ ਲਈ ਉਸਨੂੰ ਜਨਮ ਧਾਰਨੇ ਪੈਂਦੇ ਹਨ।

**ਨਿਸ਼ਕਾਮ ਕਰਮ** – ਇਹ ਸ਼ੁਭ ਕਰਮ ਨਿਸ਼ਕਾਮ ਸੇਵਾ ਕਰਕੇ, ਗੁਰੂ ਦੇ ਅਰਪਨ ਕਰ ਦੇਣ ਨਾਲ ਅੰਤਸ਼ਕਰਣ ਦੀ ਮੈਲ ਉਤਰ ਕੇ ਪ੍ਰਕਾਸ਼ ਹੋ ਜਾਂਦਾ ਹੈ। ਇਨ੍ਹਾਂ ਕਰਮਾਂ ਵਿਚ ਸੱਚ ਬੋਲਣਾ, ਵਿਅਰਥ ਬਚਨ ਨਾ ਕਰਨੇ, ਮੂਲਮੰਤ੍ਰ ਦਾ ਜਪ ਕਰਦੇ ਰਹਿਣਾ, ਸੰਗਤ ਨਾਲ ਰਲ ਕੇ ਕੀਰਤਨ ਕਰਨਾ, ਸਤਿ ਉਪਦੇਸ਼ ਦੀ ਕਥਾ ਸਰਵਣ ਕਰਦੇ ਰਹਿਣਾ ਅਤੇ ਗੁਰੂ, ਗੁਰਸੰਗਤ ਅਤੇ ਪ੍ਰਭੂ ਦੀ ਸ੍ਰਿਸ਼ਟੀ ਦੀ ਨਿਸ਼ਕਾਮ ਸੇਵਾ ਕਰਨੀ। ਮਨੁੱਖੀ ਸਰੀਰ ਵਿਚ ਤਿੰਨ ਕਰਮ ਕੀਤੇ ਜਾਂਦੇ ਹਨ। ਇਕ ਇੰਦਰਿਆਂ ਨੂੰ ਸ਼ੁੱਧ ਕਰਨ ਵਾਸਤੇ, ਦੂਜਾ ਅੰਤਸ਼ਕਰਣ ਨੂੰ ਸ਼ੁੱਧ ਕਰਨ ਵਾਸਤੇ, ਤੀਸਰਾ ਜੀਵ ਆਤਮਾ ਦੀ ਸ਼ੁੱਧਤਾ ਵਾਸਤੇ। ਸਰੀਰਕ ਨਿਸ਼ਕਾਮ ਕਰਮਾਂ ਦੇ ਕਰਨ ਨਾਲ ਇੰਦ੍ਰੇ ਸ਼ੁੱਧ ਹੁੰਦੇ ਹਨ ਅਤੇ ਜਗਿਆਸੂ, ਉਪਾਸ਼ਨਾ ਦਾ ਅਧਿਕਾਰੀ ਬਣ ਜਾਂਦਾ ਹੈ। ਉਪਾਸ਼ਨਾ ਕਰਨ ਦੇ ਨਾਲ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਕਾਲੀ ਸਿਆਹ ਮੈਲ ਉਤਰ ਜਾਇਆ ਕਰਦੀ ਹੈ। ਉਪਾਸ਼ਨਾ ਦੋ ਪ੍ਰਕਾਰ ਦੀ ਹੁੰਦੀ ਹੈ –

**1. ਅੰਤਰੀਵ ਉਪਾਸ਼ਨਾ**

**2. ਬਾਹਰਲੀ ਉਪਾਸ਼ਨਾ**

ਅੰਦਰਲੀ ਉਪਾਸ਼ਨਾ ਗੁਰੂ ਦੇ ਧਿਆਨ ਨੂੰ ਅਕਾਸ਼ੀ ਹਿਰਦੇ ਵਿਚ ਧਾਰਨ ਕਰਕੇ ਪਿਆਰ ਨਾਲ ਹਜ਼ੂਰੀ ਵਿਚ ਬੈਠ ਕੇ ਬਾਣੀ ਪੜ੍ਹਨੀ, ਨਾਮ ਜਪਣਾ ਅਤੇ ਮਨ ਦੇ ਫੁਰਨਿਆਂ ਨੂੰ ਰੋਕ ਕੇ ਗੁਰੂ ਦੇ ਸਾਕਾਰ ਧਿਆਨ ਵਿਚ ਜਾਂ ਗੁਰਮੰਤ੍ਰ ਰੂਪੀ ਸ਼ਬਦ ਦੀ ਧੁਨ ਵਿਚ ਲੀਨ ਕਰਨਾ, ਕੋਈ ਫੁਰਨਾ ਨਾ ਆਉਣ ਦੇਣਾ, ਬਾਣੀ ਦੀ ਵਿਚਾਰ ਹਿਰਦੇ ਵਿਚ ਧਾਰਨ ਕਰਨੀ ਤੇ ਉਸ ਬਾਣੀ ਦੇ ਸਿਧਾਂਤ ਨੂੰ ਧਾਰਨ ਕਰਕੇ ਜੀਵਨ ਵਿਚ ਵਰਤੋਂ ਕਰਨੀ। ਇਸ ਨਾਲ ਅੰਤਸ਼ਕਰਣ ਸ਼ੁੱਧ ਹੋ ਜਾਇਆ ਕਰਦਾ ਹੈ।

ਨਿਸ਼ਕਾਮ ਕਰਮ ਕਰਨ ਦੇ ਨਾਲ 'ਮਲ ਦੋਸ਼' ਦੂਰ ਹੋ ਜਾਇਆ ਕਰਦਾ ਹੈ। ਜਦੋਂ ਇਹ ਦੋਸ਼ ਦੂਰ ਹੋ ਜਾਵੇ ਤਾਂ ਭਜਨ ਵਿਚ ਮਨ ਫੁਰਨੇ ਛੱਡ ਕੇ ਲੀਨ ਹੋਣਾ ਸ਼ੁਰੂ ਕਰ ਦਿੰਦਾ ਹੈ ਅਤੇ ਸੰਕਲਪ ਛੱਡ ਕੇ ਨਾਮ ਰਸ ਵਿਚ ਮਗਨ ਹੋਣਾ ਸ਼ੁਰੂ ਕਰਦਾ ਹੈ। ਉਪਾਸ਼ਨਾ ਰਾਹੀਂ ਬਿਰਤੀ ਆਪਣੇ ਧੇਅ ਉਪਰ ਕੇਂਦਰਿਤ ਹੋ ਕੇ ਰਸ ਅਨੁਭਵ ਕਰਦੀ ਹੈ ਅਤੇ ਸ਼ਬਦ ਸਿਧਾਂਤ ਰਸ ਵਿਚ ਅਨੰਦ ਰੂਪ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਵਿਖਸ਼ੇਪਤਾ ਦਾ ਦੋਸ਼ ਦੂਰ ਹੋ ਜਾਇਆ ਕਰਦਾ ਹੈ।

ਤੀਸਰਾ ਗਿਆਨ ਵਿਚਾਰ ਨਾਲ ਜੀਵ ਸ਼ੁੱਧ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਪਣੇ ਸਰੂਪ ਦੀ ਨੇਸ਼ਟਾ ਵਿਚ ਵਿਸ਼ਵਾਸ਼ ਉਤਪੰਨ ਹੋ ਕੇ ਬਿਰਤੀ ਵਿਵੇਕਮਈ ਹੋ ਜਾਂਦੀ ਹੈ ਅਤੇ ਜੀਵ ਨੂੰ ਆਪਣਾ ਜੀਵ ਭਾਵ ਤਿਆਗ ਕੇ ਆਤਮ ਵਿਸ਼ੈਣੀ ਬੁੱਧ ਪ੍ਰਾਪਤ ਹੋ ਜਾਂਦੀ ਹੈ, ਗੁਰੂ ਦੀ ਕ੍ਰਿਪਾ ਦਾ ਪਾਤਰ ਬਣ ਕੇ ਗਿਆਨ ਦਾ ਅਧਿਕਾਰੀ ਹੋ ਜਾਂਦਾ ਹੈ। ਇਉਂ ਸਮਝੋ ਕਿ ਸ਼ੁਭ ਕਰਮਾਂ ਅਤੇ ਉਪਾਸ਼ਨਾ ਸਿੱਧ ਦਾ ਫਲ ਗਿਆਨ ਦੀ ਸਥਿਤੀ ਹੋਇਆ ਕਰਦੀ ਹੈ। ਇਸ ਤਰ੍ਹਾਂ ਨਾਲ ਨਿਸ਼ਕਾਮ ਕਰਮ ਅਤੇ ਉਪਾਸ਼ਨਾ, ਗਿਆਨ ਪ੍ਰਾਪਤੀ ਦੇ ਸਹਾਇਕ ਹਨ। ਆਤਮ ਚਿੰਤਨ ਕਰਕੇ ਚਿਤ ਇਕਾਗਰ ਹੋ ਜਾਂਦਾ ਹੈ ਅਤੇ ਨਿਰੁੱਧ ਅਵਸਥਾ ਨੂੰ ਪ੍ਰਾਪਤ ਕਰਕੇ ਜੀਵਨ ਮੁਕਤੀ ਦਾ ਅਨੰਦ ਭੋਗਣ ਦਾ ਅਧਿਕਾਰੀ ਹੋ ਜਾਂਦਾ ਹੈ।

ਹੁਣ ਜਗਿਆਸੂ ਨੂੰ ਚਾਹੀਦਾ ਹੈ ਕਿ ਪੂਰਬ ਕਰੇ ਹੋਏ ਸ਼ੁਭ ਕਰਮਾਂ ਦਾ ਅਭਿਆਸ ਕਰਕੇ ਅੰਤਸ਼ਕਰਣ ਨੂੰ ਸ਼ੁੱਧ ਕਰੇ ਅਤੇ ਮਾਨਸਿਕ ਕਰਮਾਂ ਦਾ ਅਭਿਆਸ ਕਰਕੇ ਗਿਆਨ ਮੰਡਲ ਵਿਚ ਪ੍ਰਵੇਸ਼ ਕਰੇ। ਗਿਆਨ ਦਾ ਸਬੰਧ ਮਨ ਨਾਲ ਹੈ। ਕਾਇਆਂ ਅਤੇ ਬਾਣੀ, ਮਨ ਦੇ ਅਧੀਨ ਹਨ। ਜਦੋਂ ਮਨ ਸ਼ੁੱਧ ਹੋ ਜਾਵੇਗਾ, ਬਾਣੀ ਅਤੇ ਕਾਇਆਂ ਆਪਣੇ ਆਪ ਹੀ ਸ਼ੁੱਧ ਹੋ ਜਾਣਗੇ। ਤਾਂ ਤੇ ਚਾਹੀਦਾ ਹੈ ਕਿ ਮਨ ਦੀ ਸ਼ੁੱਧਤਾ ਦਾ ਅਭਿਆਸ ਕਰੇ। ਅੰਤਸ਼ਕਰਣ ਸ਼ੁੱਧ ਹੋਏ ਬਿਨਾਂ ਗਿਆਨ ਪ੍ਰਫੁੱਲਤ ਨਹੀਂ ਹੋਇਆ ਕਰਦਾ। ਇਸ ਕਰਕੇ ਆਤਮ ਜਗਿਆਸੂਆਂ ਲਈ ਸ਼ੁਭ ਕਰਮ, ਉਪਾਸ਼ਨਾ ਅਤਿਅੰਤ ਜ਼ਰੂਰੀ ਹੈ।

ਪ੍ਰਸ਼ਨ – 3. **ਸ਼ੁਭ ਕਰਮਾਂ ਦੀ ਪ੍ਰਾਪਤੀ ਅਤੇ ਅਸ਼ੁਭ ਕਰਮਾਂ ਦੀ ਨਵਿਰਤੀ ਵਾਸਤੇ ਕੀ ਉਪਾਅ ਕਰਨੇ ਚਾਹੀਦੇ ਹਨ?**

ਉਤਰ – ਜਗਿਆਸੂ ਨੂੰ ਉਚਿਤ ਹੈ ਕਿ ਉਹ ਆਪਣੇ ਆਪ ਦੀ, ਆਪਣੇ ਕਰਮਾਂ ਦੀ ਨਿਤਪ੍ਰਤ ਵਿਚਾਰ ਕਰਕੇ ਸ਼ੁਭ ਕਰਮਾਂ ਨੂੰ ਦ੍ਰਿੜ ਤੇ ਪਰਪੱਕ ਕਰਨ ਦਾ ਦ੍ਰਿੜ੍ਹਤਾ ਪੂਰਵਕ ਜਤਨ ਕਰਦਾ ਰਹੇ ਅਤੇ ਅਸ਼ੁਭ ਕਰਮਾਂ ਦੇ ਕੀਤੇ

ਜਾਣ ਦਾ ਪ੍ਰਾਸਚਿਤ ਸੱਚੇ ਦਿਲ ਦੀ ਕੀਤੀ ਹੋਈ ਅਰਦਾਸ ਤੇ ਪਸ਼ਚਾਤਾਪ ਨਾਲ ਕਰੇ। ਨਿਰੰਤਰ ਮਨ ਦੇ ਅੰਦਰ ਸ਼ੁੱਭ ਕਰਮਾਂ ਦੀ ਵਿਚਾਰ ਕਰਦਾ ਰਹੇ। ਇਸ ਤਰ੍ਹਾਂ ਕਰਨ ਦੇ ਨਾਲ ਹੌਲੀ-ਹੌਲੀ ਉਹ ਅਸ਼ੁੱਭ ਕਰਮ ਕਰਨ ਤੋਂ ਹਟ ਜਾਵੇਗਾ ਅਤੇ ਸ਼ੁੱਭ ਕਰਮਾਂ ਦੇ ਬਲ ਨਾਲ ਆਤਮ ਗਿਆਨ ਦਾ ਅਧਿਕਾਰੀ ਹੋ ਜਾਵੇਗਾ। ਪਰ ਇਸ ਵਿਚ ਇਕ ਜ਼ਰੂਰੀ ਕਰਮ, ਜੋ ਹਰ ਕੀਮਤ ਉਤੇ ਕਰਨਾ ਉਚਿਤ ਹੈ, ਉਹ ਹੈ - ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ, ਗਿਆਨਵਾਨ ਮਹਾਂਪੁਰਸ਼ਾਂ ਦੀ ਸੰਗਤ ਹਰ ਰੋਜ਼ ਕਰਨ ਦਾ ਜਤਨ ਕਰਦਾ ਰਹੇ। ਗੁਰੂ ਦੀ ਬਾਣੀ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਕੇ ਆਪਣੇ ਮਨ ਨੂੰ ਗੁਰਮਤਿ ਦੇ ਸਿਧਾਂਤਾਂ ਦੀ ਰੌਸ਼ਨੀ ਵਿਚ ਮਨਾਵੇ ਅਤੇ ਆਪਣਾ ਜੀਵਨ ਉਸ ਪ੍ਰਕਾਸ਼ ਦੀ ਗਿਆਨ ਜੋਤੀ ਵਿਚ ਗੁਜ਼ਾਰੇ।

ਪ੍ਰਸ਼ਨ - 4. **ਮਨੁੱਖ ਸਾਰੀਆਂ ਪਦਾਰਥਕ ਪ੍ਰਾਪਤੀਆਂ ਹੁੰਦਿਆਂ ਹੋਇਆਂ ਵੀ ਕਿਉਂ ਕਲੇਸ਼ ਵਿਚ ਦੁਖੀ ਹੋ ਰਿਹਾ ਹੈ?**

ਉਤਰ - ਇਹ ਸਰੀਰ ਨਾਸ਼ਵੰਤ ਹੈ। ਇਹ ਕੋਈ ਨਿਸ਼ਚੇ ਪੂਰਵਕ ਅਨੁਮਾਨ ਨਹੀਂ ਕਿ ਕਦੋਂ ਸਰੀਰ ਦਾ ਨਾਸ਼ ਹੋ ਜਾਵੇ। ਜੋ ਵਿਵਹਾਰ ਇਸਨੇ ਫੈਲਾਅ ਰੱਖੇ ਹਨ, ਉਹ ਕਦੇ ਵੀ ਪੂਰਨ ਨਹੀਂ ਹੋਇਆ ਕਰਦੇ। ਗ੍ਰਿਹਸਤ ਦਾ ਮੋਹ ਦਿਨੋ-ਦਿਨ, ਜਿਉਂ-ਜਿਉਂ ਉਮਰ ਲੰਘਦੀ ਜਾਂਦੀ ਹੈ, ਇਹ ਵਧਦਾ ਹੀ ਤੁਰਿਆ ਜਾਂਦਾ ਹੈ, ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਸਤਵੈ ਸੰਜਿ ਕੀਆ ਘਰ ਵਾਸੁ॥ ਪੰਨਾ - 137***

ਸਤਿਗੁਰੂ ਦਾ ਉਪਦੇਸ਼ ਇਨ੍ਹਾਂ ਵਿਵਹਾਰਾਂ ਦੇ ਫੈਲਾਓ ਕਰਕੇ ਬਿਲਕੁਲ ਹੀ ਨਹੀਂ ਠਹਿਰਦਾ ਅਤੇ ਇਸਦਾ ਹਾਲ ਕੋਹਲੂ ਚਲ ਰਹੇ ਬੈਲ ਵਰਗਾ ਹੋ ਜਾਂਦਾ ਹੈ, ਜੋ ਚਲਦਾ ਤਾਂ ਸਾਰਾ ਦਿਨ ਹੈ ਪਰ ਮੰਜ਼ਿਲ ਕੋਈ ਵੀ ਤਹਿ ਨਹੀਂ ਹੁੰਦੀ। ਜਦੋਂ ਖੋਪੇ ਖੁਲ੍ਹਦੇ ਹਨ ਤਾਂ ਕੀ ਦੇਖਦਾ ਹੈ ਕਿ ਉਸੇ ਪੈੜ ਵਿਚ ਸਾਰਾ ਦਿਨ ਘੁੰਮਦਾ ਰਿਹਾ ਤੇ ਉਥੇ ਹੀ ਖੜ੍ਹਾ ਹੈ। ਇਸ ਤਰ੍ਹਾਂ ਦੇ ਨਾਲ ਇਹ ਜੀਵ ਮਰਨ ਤਕ ਕੋਹਲੂ ਦੇ ਬੈਲ ਵਾਂਗੂੰ ਖਪ ਕੇ ਹਾਰ ਜਾਂਦਾ ਹੈ ਅਤੇ ਵਿਪਰਜੇ ਗਤੀ ਨੂੰ ਪ੍ਰਾਪਤ ਹੁੰਦਾ ਹੈ। ਨਿਰਾਰਥਕ ਜਤਨ, ਚਿੰਤਾ, ਦੀਨਤਾ ਅਤੇ ਬੰਧਨਾਂ ਵਿਚ ਬੰਨ੍ਹਿਆਂ ਹੋਇਆ, ਕੁੜਮ-ਕਬੀਲਿਆਂ ਵਿਚ ਘਿਰਿਆ ਹੋਇਆ, ਦੁਨੀਆਂ ਦੀ ਦੌੜ ਵਿਚ ਦੌੜਦਾ ਹੋਇਆ, ਅਧੂਰੇ ਕੰਮਾਂ ਵਿਚ ਫਸਿਆ ਹੋਇਆ ਆਯੂ ਬਤੀਤ ਕਰਦਾ, ਹਉਕੇ-ਹਾਵਿਆਂ ਦੇ ਵਿਚ ਜ਼ਿੰਦਗੀ ਬਤੀਤ ਕਰਦਾ, ਚਿੰਤਾ, ਦੀਨਤਾ, ਆਸ਼ੇ, ਅੰਦੇਸ਼ੇ ਇਸ ਦੇ ਮਨ ਨੂੰ ਪੀੜ ਰਹੇ ਹਨ ਅਤੇ ਤ੍ਰਿਸ਼ਨਾ ਦੀ ਅੱਗ ਇਸਦੀ ਸ਼ਾਂਤੀ ਨੂੰ ਭਾਂਬੜ ਬਣ ਕੇ ਸੁਆਹ ਬਣਾ ਰਹੀ ਹੈ। ਇਸਨੂੰ ਇਸ ਹਾਲਤ ਵਿਚ, ਨਾ ਹੀ ਸਤਿਸੰਗ ਵਿਚ ਸਥਿਤ ਹੋਣ ਦੀ ਪ੍ਰਾਪਤੀ ਕਰਕੇ ਅਗਿਆਨ ਨੂੰ ਨਾਸ਼ ਕਰਨ ਦਾ ਸਮਾਂ ਮਿਲਦਾ ਹੈ ਅਤੇ ਨਾ ਹੀ ਸਤਿਗੁਰੂ ਦੇ ਉਪਦੇਸ਼ ਨੂੰ ਰਿਦੇ ਵਿਚ ਧਾਰਨ ਕਰਦਾ ਹੈ। ਇਸਦੇ ਵਿਪਰੀਤ ਧਨ ਦੇ, ਇਸਤਰੀ ਦੇ, ਪੁੱਤਰ-ਪੋਤਰੇ ਦੇ, ਜਾਇਦਾਦ ਦੇ, ਪ੍ਰਭਤਾ ਦੇ ਮੋਹ ਵਿਚ ਪੂਰੀ ਤਰ੍ਹਾਂ ਬੰਨ੍ਹਿਆਂ ਜਾਣ ਕਰਕੇ ਸਤਿਗੁਰੂ ਅਤੇ ਸੰਤਾਂ ਤੋਂ ਬੇ-ਮੁੱਖ ਹੋ ਜਾਂਦਾ ਹੈ। ਅਨੇਕ ਕਿਸਮ ਦੀਆਂ ਵਾਸ਼ਨਾਵਾਂ ਜਿਵੇਂ ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ, ਪ੍ਰਭਤਾ ਵਾਸ਼ਨਾ, ਸ਼ਾਸ਼ਤਰ ਵਾਸ਼ਨਾ ਆਦਿ ਨਾਲ ਬੰਨ੍ਹਿਆਂ ਹੋਇਆ ਅਨੇਕ ਕਿਸਮ ਦੇ ਕਲੇਸ਼ ਸਹਿੰਦਾ ਹੈ। ਇਸ ਦੇ ਵਿਪਰੀਤ ਇਹ ਬੁੱਧਹੀਣ ਆਪਣੇ ਆਪ ਨੂੰ ਚਤੁਰ, ਬੁੱਧਮਾਨ, ਮਾਨਧਾਰੀ ਸਮਝਦਾ ਹੈ। ਵਾਸਤਵ ਵਿਚ ਐਸੇ ਪੁਰਸ਼ ਨੂੰ ਗੁਰਬਾਣੀ ਫਿਟਕਾਰਾਂ ਪਾਉਂਦੀ ਹੈ, ਮੂੜ-ਮਤਿ ਅਤੇ ਬੁੱਧਹੀਨ ਦੱਸਦੀ ਹੈ ਕਿਉਂਕਿ ਜਿਸ ਕੰਮ ਨੂੰ ਕਰਨ ਵਾਸਤੇ ਇਸਨੂੰ ਮਾਨਸ ਜਨਮ ਦੀ ਪ੍ਰਾਪਤੀ ਹੋਈ ਸੀ, ਉਸ ਕਰਮ ਤੋਂ ਤਾਂ ਸਾਰੀ ਜ਼ਿੰਦਗੀ ਬਿਪਰੀਤ ਚਲਦਾ ਰਿਹਾ ਅਤੇ ਜਿਨ੍ਹਾਂ ਕਰਮਾਂ ਨੇ ਇਸਨੂੰ ਦੁੱਖਾਂ ਵਿਚ ਫਸਾਉਣਾ ਸੀ, ਉਨ੍ਹਾਂ ਨਾਲ ਪ੍ਰੀਤ ਪਾ ਰੱਖੀ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥***
***ਬਲੂਆ ਕੇ ਗ੍ਰਿਹ ਭੀਤਰਿ ਬਸੈ॥***
***ਅਨਦ ਕੇਲ ਮਾਇਆ ਰੰਗਿ ਰਸੈ॥ ਪੰਨਾ - 267***

ਜੀਵ ਦੀ ਐਸੀ ਅਵਸਥਾ ਦੇਖ ਕੇ ਮਹਾਂਪੁਰਸ਼ ਦਇਆ ਵਸ ਹੁੰਦੇ ਹੋਏ ਇਸਨੂੰ ਆਪਣੀ ਬਾਣੀ ਅਤੇ ਲਿਖਤ ਰਾਹੀਂ ਉਪਦੇਸ਼ ਕਰਦੇ ਹਨ ਪਰ ਉਨ੍ਹਾਂ ਉਪਦੇਸ਼ਾਂ ਨੂੰ ਨਾ ਸੁਣਦਾ ਹੋਇਆ, ਕੰਨ ਹੁੰਦੇ ਹੋਏ ਵੀ ਬੰਦ ਰਖਦਾ ਹੈ, ਬੁੱਧੀ ਹੁੰਦੇ ਹੋਏ ਵੀ ਬੁਧੀਹੀਨ ਰਹਿੰਦਾ ਹੈ ਅਤੇ ਮਹਾਂਪੁਰਸ਼ਾਂ ਦੇ ਉਪਦੇਸ਼ ਉਪਰ ਇਹ ਮੂੜ, ਕਿੰਤੂ ਕਰਕੇ ਹਾਸੀ ਕਰਦਾ ਹੈ ਅਤੇ ਮਹਾਂਪੁਰਸ਼ਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਹੈ ਤੇ ਉਨ੍ਹਾਂ ਵਿਚ ਦੋਸ਼ ਢੂੰਡਣ ਦਾ ਜਤਨ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਮੂੜ-ਗਤੀ ਪੁਰਸ਼ ਸੰਸਾਰ ਦੇ ਸੁੰਨੇ ਬਣ ਵਿਚ ਅੰਨ੍ਹੇ ਮਿਰਗ ਵਾਂਗੂੰ ਭਟਕ-ਭਟਕ ਕੇ ਪੰਜਾਂ ਕਲੇਸ਼ਾਂ ਦੇ ਦੁੱਖ ਸਹਿੰਦਾ, ਹਉਕੇ-ਹਾਵਿਆਂ ਵਿਚ ਜੀਵਨ ਬਤੀਤ ਕਰਕੇ ਘੋਰ ਨਰਕਾਂ ਦਾ, ਆਪਣੇ ਆਪ ਨੂੰ ਅਧਿਕਾਰੀ ਬਣਾਉਂਦਾ ਹੈ।

ਪ੍ਰਸ਼ਨ - 5. **ਦੇਖਿਆ ਗਿਆ ਹੈ ਕਿ ਬਹੁਤ ਸਾਰੇ ਪ੍ਰੇਮੀ ਜਨ, ਸੰਤਾਂ ਨੂੰ ਅਕਾਰਨ ਦੁੱਖ ਦਿੰਦੇ ਹਨ ਅਤੇ ਨਿੰਦਿਆ ਕਰਦੇ ਹਨ। ਐਸੀ ਸਥਿਤੀ ਵਿਚ ਸੰਤਾਂ ਨੂੰ ਜੀਵਨ ਚਾਲ ਵਿਚ ਕਿਸ ਤਰ੍ਹਾਂ ਨਾਲ ਵਰਤਣਾ ਚਾਹੀਦਾ ਹੈ?**

ਉਤਰ - ਜਦੋਂ ਕੋਈ ਪੁਰਖ ਅਕਾਰਨ ਦੁੱਖ ਦੇਵੇ, ਨਿੰਦਿਆ ਕਰੇ ਜਾਂ ਈਰਖਾ ਵਸ ਹੋ ਕੇ ਹੋਰ ਕੋਈ ਨੁਕਸਾਨ ਪਹੁੰਚਾਉਣ ਦਾ ਜਤਨ ਕਰੇ ਤਾਂ ਸੰਤਾਂ ਨੂੰ ਉਚਿਤ ਹੈ ਕਿ ਉਸਨੂੰ ਸਮਝਾਉਣ ਦਾ ਜਤਨ ਕਰੇ। ਸ਼੍ਰੇਸ਼ਟ ਪੁਰਸ਼ਾਂ ਨੂੰ ਕਹਿ ਕੇ ਉਸਦੇ ਅਕਾਰਨ ਭਰਮ ਜੋ ਈਰਖਾ ਦੇ ਬਣ ਰਹੇ ਹਨ, ਦੂਰ ਕਰਨ ਦਾ ਜਤਨ ਕਰੇ। ਜੇ ਤਾਂ ਇਸ ਤਰ੍ਹਾਂ ਕਰਨ ਨਾਲ ਮਲੀਨ ਸੁਭਾਅ ਵਾਲਾ ਪੁਰਸ਼ ਆਪਣੇ ਮਾੜੇ ਸੁਭਾਅ ਦਾ ਤਿਆਗ ਕਰ ਦੇਵੇ ਤਾਂ ਭਲਾ, ਜੇ ਨਹੀਂ ਕਰਦਾ ਤਾਂ ਨਿਆਏ ਧਰਮ ਅਤੇ ਰਾਜਨੀਤਿਕ ਧਰਮ ਅਨੁਸਾਰ ਉਸ

ਨਾਲ ਵਰਤੇ। ਜੇ ਹੋ ਸਕਦਾ ਹੋਵੇ ਤਾਂ ਉਸਦਾ ਕਲੇਸ਼ ਨਵਿਰਤ ਕਰ ਦੇਵੇ। ਆਪ ਕਿਸੇ ਤਰ੍ਹਾਂ ਵੀ ਵਿਰੋਧੀ ਭਾਵ ਧਾਰਨ ਕਰਕੇ ਸ਼੍ਰੇਸ਼ਟ ਚਲਨ ਦੇ ਵਿਰੁੱਧ ਕੋਈ ਕਰਮ ਨਾ ਕਰੇ, ਨਾ ਹੀ ਧੀਰਜ ਦਾ ਤਿਆਗ ਕਰੇ, ਕ੍ਰੋਧਵਾਨ ਕਿਸੇ ਹਾਲਤ ਵਿਚ ਨਾ ਹੋਵੇ ਤੇ ਆਪਣੇ ਸ਼ਾਂਤ ਸੁਭਾਅ ਨੂੰ ਕਦੀ ਵਿਗੜਨ ਨਾ ਦੇਵੇ। ਗੁਰਬਾਣੀ ਦੇ ਚਾਨਣੇ ਵਿਚ ਜਿਵੇਂ ਕਿ –

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ – 278***

ਵਿਚ ਆਪਣੀ ਵਰਤੋਂ ਰੱਖੇ ਅਤੇ ਅਗਿਆਨ ਦਾ ਪਰਛਾਵਾਂ ਆਪਣੇ ਅੰਤਸ਼ਕਰਣ ਵਿਚ ਨਾ ਆਉਣ ਦੇਵੇ। ਇਸ ਦੇ ਵਿਪਰੀਤ ਗੁਰਬਾਣੀ ਵਿਚ ਜਿਵੇਂ ਕਿ –

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਪੰਨਾ – 1381***

ਇਸ ਸਿਧਾਂਤ ਨੂੰ ਹਿਰਦੇ ਵਿਚ ਧਾਰ ਕੇ ਵਰਤੇ ਅਤੇ ਆਪਣੇ ਸਰੂਪ ਦਾ ਵਾਸਤਵ ਵਿਚ ਵਿਚਾਰ ਕਰੇ। ਆਪਣੇ ਆਪ ਨੂੰ ਆਤਮਿਕ ਸਰੂਪ ਸਮਝ ਕੇ ਸਭਨਾਂ ਵਿਚ ਇਕ ਪਾਰਬ੍ਰਹਮ ਹੀ ਦੇਖੇ ਅਤੇ ਸਮਝੇ ਕਿ ਇਹ ਵਾਹਿਗੁਰੂ ਦੇ ਹੁਕਮ ਵਿਚ ਜੋ ਕੁਛ ਹੋ ਰਿਹਾ ਹੈ, ਸਭ ਭਲਾ ਕਰਕੇ ਮੰਨੇ ਅਤੇ ਬੁਰੇ ਦਾ ਭਲਾ ਕਰਨ ਦਾ ਉਤਸ਼ਾਹ ਮਨ ਵਿਚ ਰੱਖੇ। ਆਪਣੇ ਹਿਰਦੇ ਤੋਂ ਕਿਸੇ ਨੂੰ ਸ਼ਤਰੂ ਨਾ ਮੰਨੇ, ਸਭਨਾਂ ਨੂੰ ਇਕੋ ਆਤਮਾ ਨਿਸ਼ਚੇ ਕਰੇ। ਬੁਰਾ ਕਰਨ ਵਾਲੇ ਨੂੰ ਦੇਖ ਕੇ ਨਫ਼ਰਤ, ਈਰਖਾ, ਕ੍ਰੋਧ, ਗਿਲਾਨਤਾ ਨਾ ਕਰੇ। ਸ਼ਾਂਤ ਆਤਮਾ, ਗੰਭੀਰ ਮਤੀ, ਸੁਮਿੱਤਰ, ਸੁਹਿਰਦ ਮੂਰਤ ਅਤੇ ਪ੍ਰਸੰਨ ਚਿਤ ਰਹੇ। ਕਿਸੇ ਤਰ੍ਹਾਂ ਵੀ ਦੂਸਰੇ ਦੇ ਕਰਮਾਂ ਨੂੰ ਦੇਖ ਕੇ ਆਪਣੇ ਸੁਭਾਅ ਨੂੰ ਨਾ ਵਿਗਾੜੇ। ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ –

***ਹਰਿ ਜਨੁ ਰਾਮ ਨਾਮ ਗੁਨ ਗਾਵੈ॥***
***ਜੇ ਕੋਈ ਨਿੰਦ ਕਰੇ ਹਰਿ ਜਨ ਕੀ***
***ਅਪੁਨਾ ਗੁਨੁ ਨ ਗਵਾਵੈ॥ ਪੰਨਾ – 720***

ਸੋ ਇਸ ਤਰ੍ਹਾਂ ਨਾਲ ਆਪਣਾ ਸੁਭਾਅ ਸ਼ੁੱਧ ਰੱਖੇ।

ਪ੍ਰਸ਼ਨ – 6. **ਐਸੀ ਅਵਸਥਾ ਵਿਚ ਗੁਰਮੁਖਾਂ ਨੂੰ ਕਿਸ ਪ੍ਰਕਾਰ ਵਰਤਾਰਾ ਕਰਨਾ ਚਾਹੀਦਾ ਹੈ?**

ਉਤਰ – ਗੁਰਮੁਖਾਂ ਦਾ ਜੋ ਸੁਭਾਅ ਹੈ ਉਸ ਵਿਚੋਂ, 'ਮੈਂ', 'ਹਉਮੈ' ਦਾ ਪੂਰੀ ਤਰ੍ਹਾਂ ਅਭਾਵ ਹੋ ਚੁੱਕਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਸਭਨਾਂ ਦੇ ਅੰਦਰੋਂ ਇਕੋ ਪ੍ਰਮੇਸ਼ਰ ਦ੍ਰਿਸ਼ਟੀ ਆਉਂਦਾ ਹੈ ਜਿਸ ਤਰ੍ਹਾਂ ਭਾਈ ਘਨਈਆ ਜੀ ਨੇ ਆਪਣੇ ਅਤੇ ਬੇਗਾਨਿਆਂ ਨੂੰ ਇਕ ਰਸ ਗੁਰੂ ਰੂਪ ਜਾਣ ਕੇ ਪਾਣੀ ਪਿਲਾਇਆ। ਇਸ ਵਰਤਾਰੇ ਨੂੰ ਗੁਰੂ ਦਸ਼ਮੇਸ਼ ਪਿਤਾ ਨੇ ਪਿਆਰ ਦੇ ਕੇ ਬ੍ਰਹਮਗਿਆਨੀ ਕਹਿ ਕੇ ਅਸੀਸ ਦਿਤੀ ਅਤੇ ਹੁਕਮ ਕੀਤਾ ਕਿ ਅੱਗੇ ਵਾਸਤੇ ਮੇਰੇ ਜ਼ਖਮਾਂ ਉਤੇ ਮਲ੍ਹਮ ਲਾ ਕੇ ਪੱਟੀ ਵੀ ਬੰਨ੍ਹਿਆਂ ਕਰ। ਇਹ advanced stage (ਉਚੀ ਅਵਸਥਾ) ਦੇ ਗੁਰਸਿੱਖਾਂ ਦੀ ਸਮਤਾ ਭਰੀ ਬਿਰਤੀ ਹੈ ਜੋ ਹਰ ਘਟ ਵਿਚ ਪ੍ਰਭੂ ਦੇਖਦੀ, ਸਭ ਨਾਲ ਪਿਆਰ-ਪ੍ਰੇਮ ਨਾਲ ਵਰਤਦੀ, ਵੈਰੀ ਤੇ ਬੇਗਾਨੇ ਦੇ ਭਾਵਾਂ ਤੋਂ ਅਛੋਹ ਰਹਿੰਦੀ, ਧੀਰਜ ਤੇ ਸ਼ਾਂਤ ਰੱਖਦੀ ਹੈ ਕਿਉਂਕਿ ਗੁਰਮੁਖਾਂ ਦਾ ਮਨ, ਗਿਆਨ ਅਗਨ ਵਿਚ ਭਸਮ ਹੋ ਕੇ ਅ-ਮਨ ਹੋ ਚੁਕਿਆ ਹੁੰਦਾ ਹੈ ਅਤੇ ਸਾਰੀਆਂ ਵਾਸ਼ਨਾਵਾਂ 'ਖ੍ਹੈ' ਹੋ ਕੇ ਤੱਤ ਗਿਆਨ ਦੀ ਪ੍ਰਤੱਖ ਪ੍ਰਾਪਤੀ ਹੋ ਚੁੱਕੀ ਹੁੰਦੀ ਹੈ। ਸੋ ਸੁਖ ਦੇਣ ਵਾਲਾ, ਪੀੜਾ ਕਰਨ ਵਾਲਾ, ਮਾਨ ਦੇਣ ਵਾਲਾ, ਅਪਮਾਨ ਕਰਨ ਵਾਲਾ ਹੋਰ ਕੋਈ ਨਹੀਂ ਹੁੰਦਾ, ਆਪਣਾ ਹੀ ਆਤਮਾ ਹੋਇਆ ਕਰਦਾ ਹੈ ਅਤੇ ਸਾਰਿਆਂ ਦੇ ਨਾਲ ਸਮਾਨ ਵਰਤਾਰਾ ਕਰਦੇ ਹਨ। ਸੱਚ ਦੀ ਪ੍ਰਾਪਤੀ ਕਰ ਲੈਣਾ, ਸਤਿ ਮੰਡਲ ਵਿਚ ਸਥਿਤੀ ਪ੍ਰਾਪਤ ਕਰਕੇ ਸੱਚ ਦੇ ਅਚਾਰ ਵਿਚ ਸੰਸਾਰ ਨਾਲ ਵਰਤਣਾ ਪਰਮ ਪਦ ਦੀ ਪੂਰਨ ਅਵਸਥਾ ਹੈ, ਜਿਥੇ ਆਪਣੇ ਬੇਗਾਨੇ ਦਾ ਭੇਦ ਖਤਮ ਹੋ ਜਾਇਆ ਕਰਦਾ ਹੈ। ਦੁੱਖ-ਸੁੱਖ ਸਭ ਨੂੰ ਪ੍ਰਮੇਸ਼ਰ ਦੀ ਦਾਤ ਸਮਝ ਕੇ ਉਸਦੇ ਹੁਕਮ ਵਿਚ ਪ੍ਰਵਾਨ ਕਰਕੇ ਸਦਾ ਹੀ ਅਨੰਦਮਈ ਅਵਸਥਾ ਵਿਚ ਰਹਿੰਦੇ ਹਨ। ਉਨ੍ਹਾਂ ਦੇ ਜੀਵਨ ਦੀ ਵਿਆਖਿਆ ਇਨ੍ਹਾਂ ਸਬਦਾਂ ਦੇ ਨਾਲ ਪ੍ਰਤੱਖ ਰੂਪ ਵਿਚ ਸਮਝ ਆ ਜਾਵੇਗੀ ਜਿਵੇਂ ਕਿ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥***
***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥***
***ਗੁਰ ਕਿਰਪਾ ਜਿਹ ਨਰ ਕਉ ਕੀਨੀ ਤਹ ਇਹ ਜੁਗਤਿ ਪਛਾਨੀ॥***
***ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥***
***ਪੰਨਾ – 633-34***

ਇਸ ਤਰ੍ਹਾਂ ਜੀਵਨ ਸ਼ਕਤੀ ਦਾ ਪ੍ਰਮ ਅਨੰਦ ਮਾਣਦੇ ਹੋਏ ਆਪਣੇ ਜੀਵਨ ਨੂੰ ਹੁਕਮ ਦੇ ਵਿਚ ਇਕਤਾਰ ਪਰੋਤਾ ਹਾਨ-ਲਾਭ, ਮਾਨ-ਅਪਮਾਨ, ਵੈਰੀ-ਮਿੱਤਰ, ਆਪਣੇ-ਬੇਗਾਨੇ ਤੋਂ ਅਛੋਹ ਰਹਿੰਦੇ ਹੋਏ ਇਉਂ ਪ੍ਰਤੀਤ ਕਰਦੇ ਹਨ ਜਿਵੇਂ ਜਲ ਵਿਚ ਕਮਲ ਫੁੱਲ ਪਾਣੀ ਦੀਆਂ ਲਹਿਰਾਂ ਦੀਆਂ ਥਪੇੜਾਂ ਖਾਂਦਾ ਹੋਇਆ ਸਦਾ ਹੀ ਵਿਗਾਸ ਵਿਚ ਰਹਿੰਦਾ ਹੈ। ਗੁਰਮੁਖਿ ਦਾ ਹਿਰਦਾ ਕਦੇ ਵੀ ਨਿਰਾਸ਼ਾ ਵਿਚ ਨਹੀਂ ਜਾਂਦਾ ਅਤੇ ਨਾ ਹੀ ਦੁੱਖਾਂ ਨੂੰ ਦੇਖ ਕੇ ਮਲੀਨਤਾ ਧਾਰਨ ਕਰਦਾ ਹੈ। ਉਹ ਸੰਸਾਰ ਵਿਚ ਇਉਂ ਰਹਿੰਦਾ ਹੈ ਜਿਵੇਂ ਪਾਣੀ ਵਿਚ ਤਾਰੀਆਂ ਲਾਉਂਦੀ ਮੁਰਗਾਬੀ ਆਪਣੇ ਫੰਘਾਂ ਨੂੰ ਭਿੱਜਣ ਤੋਂ ਅਛੋਹ ਰੱਖਦੀ ਹੈ। ਪ੍ਰਭੂ ਪਿਆਰ ਵਿਚ ਆਪਣੇ ਆਪ ਨੂੰ ਉਸਦਾ ਰੂਪ ਜਾਣਦਾ ਹੋਇਆ ਆਪਣੀ ਵਿਕਲੋਤਰੀ ਹਉਂ ਤੋਂ ਮੁਕਤ ਰਹਿੰਦਾ ਜੀਵਨ ਬਤੀਤ ਕਰਦਾ ਹੈ। ਜਿਵੇਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***

(ਬਾਕੀ ਪੰਨਾ 28 ਤੇ)

# ਅਨੰਦਮਈ ਜੀਵਨ ਜਾਚ
# The Art of Joyful Living

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-59)*

ਤੁਹਾਡੇ ਨਖੇਦੀ ਦੇ ਵਿਚਾਰ ਤੁਹਾਨੂੰ ਤੁਹਾਡੇ ਭੂਤਕਾਲ ਵਿਚ ਲੈ ਜਾਂਦੇ ਹਨ, ਤੁਸੀਂ ਪਿਛਲੀਆਂ ਗੱਲਾਂ ਯਾਦ ਕਰਕੇ ਆਪਣੇ ਆਪ ਨੂੰ ਬੁਰਾ ਕਹਿੰਦੇ ਹੋ। ਤੁਸੀਂ ਆਪਣੇ ਆਪ ਨੂੰ ਪਿਛੋਕੜ ਨਾਲ ਜੋੜਦੇ ਹੋ। ਜੇ ਤੁਸੀਂ ਆਪਣੇ ਆਪ ਨਾਲ ਇਸ ਤਰ੍ਹਾਂ ਕਰਦੇ ਰਹੋਗੇ ਤੁਸੀਂ ਆਪਣੇ ਆਪ ਨੂੰ ਸੁਧਾਰ ਨਹੀਂ ਸਕਦੇ। ਇਸ ਤਰ੍ਹਾਂ ਨਾਲ ਤੁਸੀਂ ਆਪਣੇ ਪਿਛੋਕੜ ਤੋਂ ਨਿਕਲ ਨਹੀਂ ਸਕਦੇ, ਤੁਸੀਂ ਆਪਣੇ ਵਰਤਮਾਨ ਤੇ ਭਵਿੱਖ ਨੂੰ ਮਾਣ ਨਹੀਂ ਸਕੋਗੇ। ਤੁਹਾਨੂੰ ਆਪਣੇ ਪਿਛੋਕੜ ਵਿਚੋਂ ਨਿਕਲਣਾ ਪਵੇਗਾ ਕਿਉਂਕਿ ਉਹ ਹੀ ਤੁਹਾਨੂੰ ਇਹ ਸੋਚਣ ਨੂੰ ਮਜ਼ਬੂਰ ਕਰਦਾ ਹੈ ਕਿ ਤੁਸੀਂ ਮਾੜੇ ਹੋ, ਚੰਗੇ ਹੋ, ਨਖਿੱਧ ਹੋ। ਤੁਹਾਨੂੰ ਇਹ ਨਿਰਣਾ ਕਰਨਾ ਪਵੇਗਾ ਕਿ ਨਾ ਤਾਂ ਤੁਸੀਂ ਭੈੜੇ ਹੋ, ਨਾ ਕਮਜ਼ੋਰ ਹੋ, ਨਾ ਹੀ ਛੋਟੇ ਹੋ, ਸੀਮਤ ਹੋ। ਮਿਸਾਲ ਵਜੋਂ ਇਕ ਆਦਮੀ ਨੇ ਆਪਣੀ ਪਤਨੀ ਨੂੰ ਤਲਾਕ ਦੇ ਦਿਤਾ ਕਿਉਂਕਿ ਉਹ ਸੁਆਰਥੀ ਸੀ। ਪਤਨੀ ਸੋਚਦੀ ਹੈ, ਹੋ ਸਕਦਾ ਹੈ ਮੈਂ ਪਿਆਰ ਕਰਨ ਦੇ ਕਾਬਲ ਹੀ ਨਹੀਂ, ਉਹ ਮੈਨੂੰ ਪਿਆਰ ਕਰ ਹੀ ਨਹੀਂ ਸਕਦਾ ਤਾਂ ਹੀ ਉਸ ਨੇ ਮੈਨੂੰ ਛੱਡ ਦਿਤਾ ਹੈ। ਵਾਸਤਵ ਵਿਚ ਗੱਲ ਇਹ ਹੈ ਕਿ ਉਹ ਇਕ ਸੁਆਰਥੀ ਮਨੁੱਖ ਹੈ, ਤਲਾਕ ਉਸ ਦੇ ਸੁਆਰਥ ਹੋਣ ਕਰਕੇ ਹੀ ਹੋਇਆ ਹੈ। ਇਹ ਉਸ ਦੀ ਸਮੱਸਿਆ ਹੈ, ਇਹ ਪਤਨੀ ਦੀ ਸਮਸਿਆ ਨਹੀਂ ਹੈ ਪਰ ਜੇ ਪਤਨੀ ਇਸ ਨੂੰ ਆਪਣੀ ਸਮਸਿਆ ਬਣਾ ਲਵੇ ਤਾਂ ਉਹ ਦੁਖੀ ਹੋਏਗੀ ਹੀ।

ਨਖੇਧੀ ਨਾਲ ਆਪਣੇ ਆਪ ਨੂੰ ਜੋੜਨਾ ਮਾਨਵਤਾ ਦੀ ਕਮਜ਼ੋਰੀ ਰਹੀ ਹੈ, ਤੁਸੀਂ ਨਖੇਧੀ ਦੀ ਭਾਵਨਾ ਨਾਲ ਆਪਣੇ ਆਪ ਨਾਲ ਜੋੜਦੇ ਹੋ, ਨਖੇਦੀ ਦੇ ਵਿਚਾਰਾਂ ਨਾਲ ਜੋੜਦੇ ਹੋ, ਹੋਰ ਜੋ ਨਖੇਦੀ ਦੇ ਚਿੰਨ੍ਹ ਹੋਣ ਉਨ੍ਹਾਂ ਨਾਲ ਜੋੜਦੇ ਹੋ। ਹੋ ਸਕਦਾ ਹੈ ਤੁਸੀਂ ਵੀ ਆਪਣੇ ਜੀਵਨ ਵਿਚ ਨਖੇਧੀ ਦੇ ਕੁਝ ਕੰਮ ਕੀਤੇ ਹਨ, ਉਸ ਲਈ ਇਹ ਹੀ ਕੀਤਾ ਜਾ ਸਕਦਾ ਹੈ ਕਿ ਤੁਸੀਂ ਇਹ ਫੈਸਲਾ ਕਰੋ ਕਿ ਅੱਗੇ ਤੋਂ ਤੁਸੀਂ ਇਹ ਨਖੇਧੀ ਦੇ ਕੰਮ ਨਹੀਂ ਕਰੋਗੇ। ਤੁਸੀਂ ਉਹ ਕਰਮ ਆਪਣੀ ਆਤਮਾ ਦੇ ਵਿਰੁੱਧ ਹੀ ਕੀਤੇ ਹਨ, ਤੁਸੀਂ ਇਹ ਵੀ ਭਲੀ ਪ੍ਰਕਾਰ ਜਾਣਦੇ ਹੋ ਕਿ ਤੁਹਾਨੂੰ ਇਹ ਨਹੀਂ ਕਰਨੇ ਚਾਹੀਦੇ ਸੀ ਪਰ ਤੁਸੀਂ ਕੀਤੇ ਭਾਵੇਂ ਉਹ ਤੁਹਾਡੀ ਫਿਲੌਸਫੀ ਦੇ ਵਿਪਰੀਤ ਹੀ ਸਨ। ਤੁਸੀਂ ਆਪਣੇ ਜੀਵਨ ਵਿਚ ਬਹੁਤ ਸਾਰੀਆਂ ਗੱਲਾਂ ਇਸ ਤਰ੍ਹਾਂ ਦੀਆਂ ਕਰ ਲੈਂਦੇ ਹੋ, ਫੇਰ ਤੁਸੀਂ ਉਨ੍ਹਾਂ ਨੂੰ ਆਪਣੇ ਆਪ ਨਾਲ ਜੋੜਦੇ ਰਹਿੰਦੇ ਹੋ ਤੇ ਇਕ ਨਖੇਧੀ ਦੀ ਧਾਰਾ ਬਣਾ ਲੈਂਦੇ ਹੋ।

ਫੇਰ ਤੁਸੀਂ ਇਹ ਫੈਸਲਾ ਕਰ ਲੈਂਦੇ ਹੋ ਤੁਸੀਂ ਮਾੜੇ ਹੋ। ਤੁਸੀਂ ਇਹ ਸੋਚ ਲੈਂਦੇ ਹੋ ਕਿ ਤੁਸੀਂ ਕਮਜ਼ੋਰ ਹੋ ਤੇ ਕੁਝ ਕਰ ਨਹੀਂ ਸਕਦੇ, ਤੁਸੀਂ ਇਹ ਸੋਚਣ ਲਗ ਪੈਂਦੇ ਹੋ ਕਿ ਤੁਹਾਨੂੰ ਗਿਆਨ ਵੀ ਹੋ ਸਕਦਾ ਹੈ ਕਿ ਨਹੀਂ? ਤੁਸੀਂ ਸਭ ਕੁਝ ਤੋਂ ਸੁਤੰਤਰ ਹੋ ਸਕਦੇ ਹੋ ਕਿ ਨਹੀਂ? ਤੁਸੀਂ ਦੁਖ ਸੰਤਾਪ ਤੋਂ ਉਪਰ ਹੋ ਸਕਦੇ ਹੋ ਕਿ ਨਹੀਂ। ਤੁਸੀਂ ਨਾ ਖੁਸ਼ ਮਹਿਸੂਸ ਕਰਦੇ ਹੋ, ਲਾਚਾਰ ਮਹਿਸੂਸ ਕਰਦੇ ਹੋ, ਇਸ ਹੀ ਕਾਰਣ ਕਰਕੇ ਤੁਸੀਂ ਧਿਆਨ ਨਹੀਂ ਜੋੜ ਸਕਦੇ। ਤੁਹਾਡੇ ਅੰਦਰ ਭਰੋਸਾ ਨਹੀਂ, ਤੁਸੀਂ ਭਾਵੇਂ ਅੱਖਾਂ ਬੰਦ ਕਰ ਲਓ, ਬੈਠ ਜਾਓ, ਮੈਡੀਟੇਸ਼ਨ ਕਰਨ ਦੀ ਕੋਸ਼ਿਸ਼ ਵੀ ਕਰੋ। ਤੁਸੀਂ ਮੈਡੀਟੇਸ਼ਨ ਕਰਨ ਦੀ ਕੋਸ਼ਿਸ਼ ਕਰਦੇ ਹੋ ਫੇਰ ਤੁਹਾਡੇ ਦਿਮਾਗ ਵਿਚ ਆ ਜਾਂਦਾ ਹੈ, ਤੁਸੀਂ ਤਾਂ ਭੈੜੇ ਹੋ, ਮਾੜੇ ਹੋ, ਤੁਸੀਂ ਆਪਣੇ ਆਪ ਨੂੰ ਕੋਸਦੇ ਹੋ, ਨਿਕੰਮੇ ਮਹਿਸੂਸ ਕਰਦੇ ਹੋ, ਇੰਜ ਤੁਸੀਂ ਮੈਡੀਟੇਸ਼ਨ ਨਹੀਂ ਕਰ ਸਕਦੇ।

ਜਦੋਂ ਹੀ ਤੁਸੀਂ ਇਹ ਫੈਸਲਾ ਕਰ ਲੈਂਦੇ ਹੋ ਕਿ ਤੁਸੀਂ ਉਹ ਕਰਮ ਨਹੀਂ ਕਰੋਗੇ ਜਿਹੜੇ ਤੁਹਾਡੇ ਲਈ ਠੀਕ ਨਹੀਂ, ਜਿਹੜੇ ਤੁਹਾਨੂੰ ਅੱਗੇ ਨਹੀਂ ਵਧਣ ਦੇਣਗੇ, ਜਿਹੜੇ ਤੁਹਾਡੇ ਲਈ ਸੁਅਸਥ ਨਹੀਂ ਹਨ, ਉਸੇ ਸਮੇਂ ਤੁਸੀਂ ਸੁਤੰਤਰ ਹੋ ਜਾਂਦੇ ਹੋ, ਤੁਹਾਡੀਆਂ ਸਾਰੀਆਂ ਅਰਦਾਸਾਂ ਤੁਹਾਨੂੰ ਆਪਣੇ ਨਿਸ਼ਾਨੇ ਵਲ ਲੈ ਜਾਂਦੀਆਂ ਹਨ। ਤੁਸੀਂ ਅਰਦਾਸ ਕਰੋ, ਪ੍ਰਮਾਤਮਾ ਤੁਹਾਡੀ ਸਹਾਇਤਾ ਕਰੇ, ਤੁਹਾਨੂੰ ਸ਼ਕਤੀ ਦੇਵੇ। ਤੁਹਾਨੂੰ ਸ਼ਕਤੀ ਤਾਂ ਹੀ ਮਿਲੇਗੀ ਜੇ ਤੁਸੀਂ ਠੀਕ ਚੰਗੇ ਕਰਮ ਕਰੋਗੇ, ਆਪਣੀ ਆਤਮਾ ਦੀ ਆਵਾਜ਼ ਸੁਣੋਗੇ। ਜਿਹੜਾ ਵੀ ਕਰਮ ਤੁਹਾਡੇ ਲਈ ਬੁਰਾ ਹੈ ਉਹ ਦੂਸਰਿਆਂ ਲਈ ਵੀ ਬੁਰਾ ਹੀ ਹੈ। ਜਦੋਂ ਧਰਤੀ ਤੇ ਤੁਰੋ ਇਹ ਸੋਚ ਕੇ ਚੱਲੋ, ਜੇ ਤੁਸੀਂ ਢਹਿੰਦੀ ਕਲਾ ਵਿਚ ਰਹੋਗੇ ਇਸ ਤਰ੍ਹਾਂ ਵਿਚਰੋਗੇ ਉਹ ਤੁਹਾਡੇ ਲਈ ਠੀਕ ਨਹੀਂ, ਤੁਹਾਨੂੰ ਆਪਣੀ ਸਹਾਇਤਾ ਕਰਨੀ ਸਿਖਣੀ ਚਾਹੀਦੀ ਹੈ, ਹਰ ਇਕ ਮਨੁੱਖ ਕਿਤੋਂ ਨਾ ਕਿਤੋਂ ਤਾਂ ਰੋਗੀ ਹੈ ਹੀ, ਜਿਹੜੇ ਰੋਗੀ ਹਨ ਉਹ ਰੋਗ ਹੀ ਫੈਲਾਅ ਰਹੇ ਹਨ। ਤੁਸੀਂ ਆਪਣੀ ਸਹਾਇਤਾ ਕਰੋ, ਤੁਸੀਂ ਕਰ ਸਕਦੇ ਹੋ। ਤੁਸੀਂ ਇਹ ਸਭ ਕੁਝ ਕਰ ਸਕਦੇ ਹੋ, ਉਸ ਲਈ ਤੁਹਾਨੂੰ ਆਪਾ ਚੀਨਣਾ ਪੈਣਾ ਹੈ, ਆਪਾ ਚੀਨੇ ਬਿਨਾਂ ਤੁਸੀਂ ਆਪਣੇ ਆਪ ਨੂੰ ਸਮਝ ਹੀ ਨਹੀਂ ਸਕਦੇ, ਆਪਾ ਚੀਨ ਕੇ ਹੀ ਤੁਸੀਂ ਆਪਣੇ ਆਪ ਨੂੰ ਵਖਰੇ ਵਖਰੇ ਪੱਧਰ ਤੇ ਸਮਝ ਸਕਦੇ ਹੋ।

ਸਭ ਤੋਂ ਵੱਡੀ ਸਮੱਸਿਆ ਤੁਹਾਡੀ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਸਮਝਿਆ ਨਹੀਂ, ਜਾਣਿਆ ਨਹੀਂ, ਪਛਾਣਿਆ ਨਹੀਂ, ਆਪਣੇ ਆਪ ਨੂੰ ਸਵੀਕਾਰ ਨਹੀਂ ਕਰਦੇ ਹੋ। ਇਸ ਕਰਕੇ ਹੀ ਤੁਸੀਂ ਦੂਸਰਿਆਂ ਤੇ ਨਿਰਭਰ ਰਹਿੰਦੇ ਹੋ। ਦੂਸਰਿਆਂ ਦੀਆਂ ਸਲਾਹਾਂ ਮੰਗਦੇ ਹੋ, ਦੂਸਰਿਆਂ ਦੀ ਮਦਦ ਮੰਗਦੇ ਹੋ।

ਵਾਸਤਵ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਤੁਹਾਡੇ ਲਈ ਤੁਹਾਡੇ ਪਿਆਰੇ ਹੀ ਪੈਦਾ ਕਰਦੇ ਹਨ। ਉਹ ਹੀ ਤੁਹਾਨੂੰ ਦੁਖੀ ਕਰਦੇ ਹਨ, ਤੁਸੀਂ ਉਸ ਨੂੰ ਪਿਆਰ ਕਹਿੰਦੇ ਹੋ। ਜਿਸ ਨੂੰ ਤੁਸੀਂ ਪਿਆਰ ਕਹਿੰਦੇ ਹੋ, ਪਿਆਰ ਕਰਦੇ ਹੋ, ਤੁਸੀਂ ਉਸ ਤੇ ਨਿਰਭਰ ਹੋ ਜਾਂਦੇ ਹੋ, ਉਸ ਦਾ ਆਸਰਾ ਦੇਖਦੇ ਹੋ, ਫੇਰ ਉਸ ਤੋਂ ਆਸ ਰਖਦੇ ਹੋ, ਇਸ ਤਰ੍ਹਾਂ ਇਹ ਤੁਹਾਡੀ ਕਮਜ਼ੋਰੀ ਬਣ ਜਾਂਦੀ ਹੈ, ਤੁਹਾਡੇ ਪਿਆਰ ਨੇ ਤੁਹਾਨੂੰ ਧੋਖਾ ਨਹੀਂ ਦਿਤਾ, ਤੁਹਾਡੀਆਂ ਆਸਾਂ ਉਮੀਦਾਂ ਨੇ ਤੁਹਾਨੂੰ ਧੋਖਾ ਦਿਤਾ। ਜਿੰਨੀ ਵੱਧ ਤੁਸੀਂ ਕਿਸੇ ਤੋਂ ਆਸ ਰਖਦੇ ਹੋ ਉਨਾਂ ਹੀ ਵੱਧ ਤੁਸੀਂ ਦੁਖੀ ਹੁੰਦੇ ਹੋ, ਉਨੀਂ ਹੀ ਨਿਰਾਸਤਾ ਤੁਹਾਨੂੰ ਹੁੰਦੀ ਹੈ। ਤੁਹਾਡੀਆਂ ਆਸਾਂ ਉਮੀਦਾਂ ਹੱਦ ਤੋਂ ਵੱਧ ਜਾਂਦੀਆਂ ਹਨ, ਸੰਸਾਰ ਦੀ ਹਰ ਚੀਜ਼ ਤਾਂ ਸੀਮਤ ਹੈ ਇਹ ਦੂੰਦ ਹੀ ਤੁਹਾਡੇ ਦੁੱਖ ਦਾ ਕਾਰਣ ਹੈ, ਜੇ ਤੁਸੀਂ ਸੁਅਸਥ ਰਹਿਣਾ ਚਾਹੁੰਦੇ ਹੋ, ਠੀਕ ਤਰ੍ਹਾਂ ਨੀਂਦਰ ਲਵੋ ਠੀਕ ਤਰ੍ਹਾਂ ਨਾਲ ਸੋਵੋਂ। ਤੁਹਾਨੂੰ ਕੋਈ ਸੁਪਨੇ ਨਾ ਆਉਣ ਤੁਸੀਂ ਡਰੋ ਨਾ। ਕਿਸੇ ਤੋਂ ਵੀ ਕੋਈ ਫਜ਼ੂਲ ਆਸ ਉਮੀਦ ਨਾ ਰੱਖੋ, ਆਸਾਂ ਉਮੀਦਾਂ ਹੀ ਤੁਹਾਡੇ ਲਈ ਹਾਨੀਕਾਰਕ ਹਨ।

ਤੁਸੀਂ ਚਿਕਿਤਸਕ ਕੋਲ ਜਾਂਦੇ ਹੋ, ਉਹ ਤੁਹਾਡੀਆਂ ਸਮੱਸਿਆਵਾਂ ਦੇਖਦਾ ਹੈ, ਉਹ ਤੁਹਾਨੂੰ ਤੁਹਾਡੀ ਨਾ ਖੁਸ਼ੀ ਦਾ ਕਾਰਣ ਦਸਦਾ ਹੈ। ਪਰ ਜੇ ਤੁਹਾਡਾ ਸੁਭਾਅ ਬਣ ਗਿਆ ਹੈ ਤਾਂ ਤੁਸੀਂ ਆਪਣੇ ਲਈ ਸੰਤਾਪ ਇਕੱਠਾ ਕਰੋਗੇ ਹੀ, ਆਪਣੇ ਲਈ ਦੁਖ ਇਕੱਠਾ ਕਰੋਗੇ ਹੀ, ਇਕ ਵਾਰੀ ਨਹੀਂ ਬਾਰ ਬਾਰ ਕਰੋਗੇ। ਤੁਹਾਨੂੰ ਆਪਣੀ ਆਦਤ ਨੂੰ ਛੱਡਣਾ ਪਵੇਗਾ। ਹਾਲੇ ਤਾਂ ਤੁਹਾਡਾ ਦਿਮਾਗ ਉਥੇ ਹੀ ਫਸਿਆ ਪਿਆ ਹੈ ਜੋ ਵੀ ਕੁਝ ਤੁਸੀਂ ਆਪਣੇ ਲਈ ਬਣਾ ਲਿਆ ਹੈ। ਹਾਲੇ ਤਾਂ ਤੁਹਾਡਾ ਮਨ ਤੁਹਾਡੇ ਬਣਾਏ ਹੋਏ ਚਿੰਨ ਵਿਚੋਂ ਨਿਕਲਣ ਨੂੰ ਤਿਆਰ ਹੀ ਨਹੀਂ। ਸੰਤ ਮਹਾਤਮਾ ਸਭ ਕਹਿੰਦੇ ਹਨ ਬਦਲਣ ਲਈ, ਤੁਹਾਨੂੰ ਨਵੇਂ ਰਸਤੇ ਨਵੇਂ ਚਿੰਨ੍ਹ ਬਣਾਉਣੇ ਪੈਣਗੇ। ਜਦੋਂ ਮਨ ਨਵੇਂ ਬਣੇ ਰਸਤਿਆਂ ਤੇ ਚੱਲਣ ਲੱਗ ਪਵੇਗਾ ਉਨ੍ਹਾਂ ਤੇ ਚੱਲਣਾ ਸਿੱਖ ਜਾਵੇਗਾ, ਫੇਰ ਤੁਹਾਡੀਆਂ ਪੁਰਾਣੀਆਂ ਆਦਤਾਂ ਹਟ ਜਾਣਗੀਆਂ, ਟੁੱਟ ਜਾਣਗੀਆਂ। ਤੁਹਾਡੇ ਵਿਚਾਰ ਬਦਲ ਜਾਣਗੇ, ਤੁਹਾਡੀ ਸਖਸ਼ੀਅਤ ਬਦਲ ਜਾਏਗੀ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭੈੜੇ ਤੋਂ ਭੈੜਾ ਬੰਦਾ ਵੀ ਸਾਧੂ ਬਣ ਸਕਦਾ ਹੈ। ਯਾਦ ਰੱਖੋ ਕਿ ਬਾਲਮੀਕ ਕਿਵੇਂ ਬਦਲੇ, ਸੇਂਟ ਪੌਲ ਕਿਵੇਂ ਬਦਲੇ? ਸੂਫੀਆਂ ਦੀ ਪਰੰਪਰਾ ਨੂੰ ਦੇਖ ਲਵੋ, ਚੀਨ ਦਾ ਇਤਿਹਾਸ ਦੇਖੋ, ਜਾਪਾਨ ਦਾ ਇਤਿਹਾਸ ਦੇਖੋ। ਤੁਸੀਂ ਦੇਖੋਗੇ ਕਿ ਵੱਡੇ ਵੱਡੇ ਬੰਦਿਆਂ ਨੇ ਕਿਵੇਂ ਆਪਣੇ ਆਪ ਨੂੰ ਬਦਲਿਆ ਹੈ। ਤੁਸੀਂ ਦੇਖੋਗੇ ਬਹੁਤ ਸਾਰੀਆਂ ਵੱਡੀਆਂ ਹਸਤੀਆਂ ਭਾਵੇਂ ਪਹਿਲਾਂ ਏਡੀਆਂ ਕਾਬਲ ਨਹੀਂ ਸੀ ਪਰ ਉਨ੍ਹਾਂ ਨੇ ਕਿਵੇਂ ਆਪਣੇ ਆਪ ਨੂੰ ਬਦਲਿਆ, ਆਪਣੇ ਕਿਰਦਾਰ, ਆਪਣੀ ਸਖਸ਼ੀਅਤ ਨੂੰ ਮੋੜਿਆ ਤੇ ਕਿੰਨੀ ਉਚੀ ਪਦਵੀ ਪਾਈ। ਇਥੋਂ ਤਕ ਕਿ ਅਪਰਾਧੀ ਖੂਨੀਆਂ ਨੇ ਵੀ ਆਪਣੀ ਸਖਸ਼ੀਅਤ ਨੂੰ ਮੋੜਿਆ। ਜੇ ਸੌਲ ਸੇਂਟ ਪਾਲ ਬਣ ਸਕਦਾ ਹੈ ਤੁਸੀਂ ਵੀ ਆਪਣੇ ਆਪ ਨੂੰ ਮੋੜ ਸਕਦੇ ਹੋ। ਇਤਿਹਾਸ ਦਸਦਾ ਹੈ ਤੁਹਾਡੇ ਕੋਲ ਸ਼ਕਤੀ ਹੈ, ਸਮਰਥਾ ਹੈ, ਯੋਗਤਾ ਹੈ ਕਿ ਤੁਸੀਂ ਆਪਣੇ ਆਪ ਨੂੰ ਮੋੜੋ, ਬਦਲੋ, ਲੋੜ ਹੈ ਫੈਸਲਾ ਕਰਨ ਦੀ, ਦ੍ਰਿੜ ਨਿਸ਼ਚਾ ਕਰਨ ਦੀ। ਜਦੋਂ ਤੁਸੀਂ ਫੈਸਲਾ ਕਰ ਲੈਂਦੇ ਹੋ ਕਿ ਤੁਸੀਂ ਆਪਣੇ ਆਪ ਨੂੰ ਸੋਧਣਾ ਹੈ, ਦ੍ਰਿੜ ਇਰਾਦਾ ਕਰ ਲੈਂਦੇ ਹੋ, ਫੇਰ ਤੁਸੀਂ ਬਦਲ ਹੀ ਜਾਂਦੇ ਹੋ, ਫੇਰ ਤੁਸੀਂ ਸਾਧ ਬਣ ਹੀ ਜਾਂਦੇ ਹੋ। ਇਹ ਤਾਂ ਮਨ ਨੂੰ ਬਦਲਣ ਦੀ ਲੋੜ ਹੈ।

ਇਕ ਸਾਧਾਰਨ ਮਨੁੱਖ ਤੇ ਸਾਧੂ ਵਿਚ ਇਹ ਹੀ ਅੰਤਰ ਹੈ ਕਿ ਸਾਧੂ ਅੰਦਰੋਂ ਸ਼ਕਤੀਸ਼ਾਲੀ, ਅੰਦਰੋਂ ਬਹੁਤ ਹੀ ਦ੍ਰਿੜ ਨਿਸ਼ਚੇ ਵਾਲਾ ਹੁੰਦਾ ਹੈ, ਕੋਈ ਵੀ ਭਾਵਨਾ, ਸੰਵੇਗ ਉਸ ਨੂੰ ਹਿਲਾ ਨਹੀਂ ਸਕਦੇ। ਬੁੱਧ ਨੇ ਇਸ ਗੱਲ ਦਾ ਪ੍ਰਮਾਣ ਰਾਜ ਗਰਾਹੀ ਵਿਚ ਦਿਤਾ ਸੀ ਜਦੋਂ ਉਨ੍ਹਾਂ ਨੇ ਰਾਜ ਗੱਦੀ ਛੱਡੀ ਸੀ, ਸਾਰਾ ਰਾਜ ਪਾਠ ਛੱਡ ਕੇ ਉਹ ਦੂਸਰੇ ਪਿੰਡ ਜਾ ਕੇ ਗਰੀਬ ਤਰੀਕੇ ਨਾਲ ਰਹਿਣ ਲੱਗੇ, ਉਨ੍ਹਾਂ ਨੇ ਭੀਖ ਮੰਗੀ। ਮੰਗਣ ਨਾਲ ਈਗੋ ਹੰਕਾਰ ਦਾ ਨਾਸ਼ ਹੁੰਦਾ ਹੈ। ਉਹ ਇਕ ਰਾਜ ਕੁਮਾਰ ਸੀ ਪਰ ਉਹ ਸੰਸਾਰ ਦੇ ਸਭ ਤੋਂ ਸਾਧਾਰਣ ਮਨੁੱਖ ਬਣ ਕੇ ਰਹਿਣਾ ਚਾਹੁੰਦੇ ਸੀ। ਉਸ ਸਮੇਂ ਰਾਜ ਗਰਾਹੀ ਵਿਚ ਅਨੇਕਾਂ ਹੀ ਸਾਧੂ ਰਹਿੰਦੇ ਸੀ ਭਾਵੇਂ ਉਹ ਇਕ ਛੋਟਾ ਜਿਹਾ ਪਿੰਡ ਸੀ। ਇਥੋਂ ਤਕ ਕਿ ਹਰ ਤੀਸਰਾ ਮਨੁੱਖ ਸਾਧੂ ਸੀ ਤੇ ਲੋਕਾਂ ਲਈ ਇਨ੍ਹਾਂ ਨੂੰ ਭਿੱਖ ਦੇਣੀ ਔਖੀ ਲਗਦੀ ਸੀ।

ਇਕ ਦਿਨ ਮਹਾਤਮਾ ਬੁੱਧ ਅਨੰਦ ਨਾਲ ਭੀਖ ਮੰਗਣ ਗਏ, ਅਨੰਦ ਉਨ੍ਹਾਂ ਦਾ ਸਭ ਤੋਂ ਪ੍ਰਮੁੱਖ ਸ਼ਿਸ਼ ਸੀ, ਆਮ ਤੌਰ ਤੇ ਉਨ੍ਹਾਂ ਦੇ ਨਾਲ ਹੀ ਰਹਿੰਦਾ ਸੀ। ਉਹ ਬੂਹੇ ਅੱਗੇ ਜਾ ਕੇ ਕਹਿੰਦੇ, ਨਾਰਾਇਣ ਹਰੀ ਭਾਵ ਪ੍ਰਮਾਤਮਾ ਨੂੰ ਯਾਦ ਰੱਖੋ, ਜਦੋਂ ਲੋਕੀ ਇਹ ਆਵਾਜ਼ ਸੁਣਦੇ ਉਹ ਜਾਣ ਜਾਂਦੇ ਕਿ ਕੋਈ ਭੀਕਸ਼ਾ ਲਈ ਆਇਆ ਹੈ। ਮਹਾਤਮਾ ਬੁੱਧ ਚੁੱਪ ਕਰਕੇ ਖੜ੍ਹੇ ਰਹਿੰਦੇ, ਹੋਰ ਕੁਝ ਨਾ ਕਹਿੰਦੇ ਪਰ ਜਦੋਂ ਉਹ ਇਕ ਘਰ ਅੱਗੇ ਪਹੁੰਚੇ ਮਾਤਾ ਬਹੁਤ ਹੀ ਰੁੱਖਾ ਬੋਲੀ, ਗੁੱਸੇ ਹੋਈ।

ਤੂੰ ਚੰਗਾ ਭਲਾ ਹੈਂ, ਰਿਸ਼ਟ ਪੁਸ਼ਟ ਹੈਂ, ਸੋਹਣਾ ਸੁਨੱਖਾ ਹੈਂ, ਆ ਕੇ ਸਾਡੇ ਬੂਹੇ ਅੱਗੇ ਖੜ੍ਹਾ ਹੋ ਗਿਆ, ਮੇਰੇ ਕੋਲ ਤਾਂ ਐਨਾ ਹੈ ਹੀ ਨਹੀਂ ਕਿ ਮੈਂ ਤੈਨੂੰ ਵੀ ਦੇ ਸਕਾਂ। ਮੈਂ ਤਾਂ ਬਹੁਤ ਸਾਰੇ ਸਾਧੂਆਂ ਨੂੰ ਪਹਿਲੇ ਹੀ ਦੇ ਚੁੱਕੀ ਹਾਂ, ਤੈਨੂੰ ਕੀ ਦਿਆਂ? ਮੈਂ ਇਕ ਗਰੀਬ ਔਰਤ ਹਾਂ ਜਾਂ ਚਲਾ ਜਾ ਹੋਰ ਕੋਈ ਥਾਂ ਨਹੀਂ ਤੇਰੇ ਕੋਲ ਜਾਣ ਲਈ?

ਮਹਾਤਮਾ ਬੁੱਧ ਹਲਕਾ ਜਿਹਾ ਮੁਸਕਰਾਏ। ਉਹ ਦੇਖ ਕੇ ਕਹਿਣ ਲੱਗੀ ਠਹਿਰ, ਮੈਂ ਤੈਨੂੰ ਭੀਖਿਆ ਦਿੰਦੀ ਹਾਂ। ਉਹ ਬੱਚੇ ਦੇ ਕੋਲ ਆਈ ਤੇ ਬੱਚੇ ਦਾ ਗੰਦ ਚੁੱਕ ਕੇ ਦੇਣਾ ਚਾਹੁੰਦੀ ਸੀ, ਉਸ ਨੇ ਉਹ ਗੰਦ ਚੁੱਕਿਆ ਤੇ ਦੇ ਦਿਤਾ। ਕਹਿਣ ਲੱਗੀ, ਤੂੰ ਏਸੇ ਜੋਗਾ ਹੈਂ।

ਪਰ ਮਹਾਤਮਾ ਬੁੱਧ ਕਹਿਣ ਲੱਗਾ, "ਮਾਤਾ ਇਹ ਤੂੰ ਰੱਖ ਲੈ, ਮੈਨੂੰ ਨਹੀਂ ਚਾਹੀਦਾ।"

ਇਸ ਗੱਲ ਤੋਂ ਆਨੰਦ ਬਹੁਤ ਗੁੱਸੇ ਹੋਇਆ। ਉਹ ਅੱਗੇ ਹੋ ਕੇ ਕਹਿਣ ਲੱਗਾ, "ਮਾਤਾ ਤੂੰ ਮੇਰੇ ਗੁਰੂਦੇਵ ਦੀ ਬੇਇਜ਼ਤੀ ਕੀਤੀ ਹੈ, ਮੈਂ ਤੈਨੂੰ ਮਾਰ ਦੇਣਾ ਹੈ।"

ਪਰ ਮਹਾਤਮਾ ਬੁੱਧ ਕਹਿਣ ਲੱਗੇ, "ਰੁਕੋ ਉਹ ਤਾਂ ਮੈਨੂੰ ਕੁਝ ਦੇਣਾ ਚਾਹੁੰਦੀ ਹੈ ਪਰ ਮੈਨੂੰ ਉਸ ਦੀ ਲੋੜ ਨਹੀਂ। ਮੈਂ ਨਹੀਂ ਲਿਆ, ਇਸ ਵਿਚ ਗੁੱਸਾ ਕਿਸ ਗੱਲ ਦਾ?

ਇਹ ਇਕ ਬਹੁਤ ਹੀ ਮਹੱਤਵਪੂਰਨ ਪ੍ਰਸ਼ਨ ਹੈ। ਜਦੋਂ ਲੋਕੀ ਤੁਹਾਨੂੰ ਆਪਣਾ ਗੁੱਸਾ ਦੇਣਾ ਚਾਹੁੰਦੇ ਹਨ ਜਾਂ ਨਖੇਦੀ ਵਾਲੀਆਂ ਗੱਲਾਂ ਕਰਦੇ ਹਨ, ਤੁਸੀਂ ਉਹ ਕਿਉਂ ਲੈਂਦੇ ਹੋ? ਜੇ ਕੋਈ ਕਹਿੰਦਾ ਹੈ ਤੁਸੀਂ ਬੁਰੇ ਹੋ, ਮਾੜੇ ਹੋ, ਤੁਸੀਂ ਕਿਉਂ ਮੰਨਦੇ ਹੋ, ਤੁਸੀਂ ਇਹ ਇਸ ਕਰਕੇ ਮੰਨ ਜਾਂਦੇ ਹੋ ਕਿਉਂਕਿ ਤੁਹਾਡੇ ਆਪਣੇ ਅੰਦਰ ਵਿਸ਼ਵਾਸ਼ ਹੀ ਨਹੀਂ ਕਿ ਤੁਸੀਂ ਚੰਗੇ ਹੋ। ਵਾਸਤਵ ਵਿਚ ਤੁਹਾਨੂੰ ਪਤਾ ਹੀ ਨਹੀਂ ਤੁਸੀਂ ਕੀ ਹੋ? ਕਿਵੇਂ ਹੋ? ਤੁਸੀਂ ਤਾਂ ਦੂਸਰਿਆਂ ਦੇ ਕਹਿਣ ਤੇ ਨਿਰਭਰ ਹੋ। ਚੰਗਾ ਕਹਿਣ ਤਾਂ ਚੰਗਾ, ਬੁਰਾ ਕਹਿਣ ਤਾਂ ਬੁਰਾ। ਆਪਣੇ ਮਨ ਦੇ ਅੰਦਰ ਕਦੀ ਵੀ ਦੂਸਰਿਆਂ ਦਾ ਕਿਹਾ ਨਾ ਮੰਨੋ, ਕਦੀ ਵੀ ਦੂਸਰਿਆਂ ਦੀ ਨਖੇਦੀ ਵਾਲੀਆਂ ਗੱਲਾਂ, ਸਾਲਾਹਾਂ ਨੂੰ ਧਿਆਨ ਵਿਚ ਨਾ ਰੱਖੋ, ਜੇ ਤੁਸੀਂ ਉਨ੍ਹਾਂ ਦੀ ਨਖੇਧੀ ਦੀਆਂ ਸਲਾਹਾਂ ਨੂੰ ਕਹਿਣ ਨੂੰ ਧਿਆਨ ਵਿਚ ਰੱਖੋਗੇ ਉਹ ਤੁਹਾਨੂੰ ਬਹੁਤ ਨੁਕਸਾਨ ਪਹੁੰਚਾਏਗਾ।

ਤੁਹਾਨੂੰ ਇਹ ਸਿਖਾਇਆ ਹੀ ਨਹੀਂ ਗਿਆ ਕਿ ਤੁਸੀਂ ਆਪਣੇ ਅੰਦਰ ਵਿਸ਼ਵਾਸ਼ ਪੈਦਾ ਕਰੋ, ਵਿਸ਼ਵਾਸ਼ ਰੱਖੋ। ਤੁਹਾਡਾ ਵਿਸ਼ਵਾਸ਼ ਤਾਂ ਇਸ ਤਰ੍ਹਾਂ ਦਾ ਹੈ ਕਿ ਤੁਹਾਨੂੰ ਦੱਸ ਲੋਕਾਂ ਨੇ ਕਿਹਾ, ਤੁਸੀਂ ਸੋਹਣੇ ਲਗ ਰਹੇ ਹੋ, ਤੁਸੀਂ ਉਨ੍ਹਾਂ ਦੇ ਕਹਿਣ ਤੇ ਨਿਰਭਰ ਹੋ ਜਾਂਦੇ ਹੋ। ਜੇ ਤੁਸੀਂ ਕਿਸੇ ਨੂੰ ਕਹਿੰਦੇ ਹੋ, ਤੁਸੀਂ ਅੱਜ ਬੜੇ ਸੋਹਣੇ ਲਗ ਰਹੇ ਹੋ, ਉਹ ਅੱਗੋਂ ਜਵਾਬ ਦਿੰਦਾ ਹੈ, ਤੂੰ ਤਾਂ ਅੱਜ ਮੇਰਾ ਦਿਨ ਬਣਾ ਦਿਤਾ ਹੈ। ਜਦੋਂ ਦੂਸਰੇ ਤੁਹਾਨੂੰ ਕਹਿੰਦੇ ਹਨ ਕਿ ਤੁਸੀਂ ਸੋਹਣੇ ਲਗ ਰਹੇ ਹੋ, ਤੁਸੀਂ ਉਸ ਗੱਲ ਨੂੰ ਮੰਨ ਲੈਂਦੇ ਹੋ ਪਰ ਉਸ ਤੋਂ ਪਹਿਲਾਂ ਤੁਸੀਂ ਕਦੀ ਇਸ ਗੱਲ ਨੂੰ ਜਾਣਿਆ ਹੀ ਨਹੀਂ। ਤੁਸੀਂ ਦੂਸਰਿਆਂ ਤੋਂ ਇਹੋ ਆਸ ਰਖਦੇ ਹੋ ਕਿ ਦੂਸਰੇ ਤੁਹਾਡੀ ਸ਼ਲਾਘਾ ਕਰਨ, ਤੁਹਾਡੀ ਪ੍ਰਸੰਸਾ ਕਰਨ, ਫੇਰ ਤੁਸੀਂ ਉਨ੍ਹਾਂ ਤੋਂ ਆਸ ਰਖਦੇ ਹੋ, ਉਮੀਦ ਰਖਦੇ ਹੋ।

ਕਿਉਂਕਿ ਤੁਸੀਂ ਉਨ੍ਹਾਂ ਦੀ ਸ਼ਲਾਘਾ ਦੇ ਮੁਹਤਾਜ ਹੋ ਜਾਂਦੇ ਹੋ, ਤੁਸੀਂ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਨਹੀਂ ਕਰਦੇ, ਤੁਸੀਂ ਦੂਸਰਿਆਂ ਨਾਲ ਆਪਣੇ ਅਹੰਕਾਰ ਕਰਕੇ ਸਮੱਸਿਆ ਖੜ੍ਹੀ ਕਰ ਲੈਂਦੇ ਹੋ। ਕੁਝ ਸਾਲ ਹੋਏ ਮੈਂ ਤਲਾਕ ਦੀ ਸਮਸਿਆ ਨੂੰ ਜਾਚਣਾ ਸ਼ੁਰੂ ਕੀਤਾ। ਮੈਂ ਇਹ ਜਾਨਣਾ ਚਾਹੁੰਦਾ ਸੀ ਸਮੱਸਿਆ ਹੈ ਕੀ? ਮੈਂ ਇਹ ਦੇਖਿਆ ਹੈ ਕਿ ਵਾਸਤਵ ਵਿਚ ਸਮੱਸਿਆ ਤਾਂ ਈਗੋ ਦੀ ਹੀ ਹੈ, ਮਿਸਾਲ ਵਜੋਂ ਮੈਂ ਇਕ ਕੇਸ ਦਸਦਾ ਹਾਂ। ਇਕ ਪਤੀ ਪਤਨੀ ਜਿਹੜੇ ਕਿ ਬੜੇ ਉੱਘੇ ਅਭਿਨੇਤਾ ਸੀ, ਵਿਆਹ ਕਰਾਉਣ ਤੋਂ ਪਹਿਲਾਂ ਉਹ ਮੇਰਾ ਅਸ਼ੀਰਵਾਦ ਲੈ ਕੇ ਗਏ ਸੀ। ਮੈਂ ਉਨ੍ਹਾਂ ਲਈ ਅਰਦਾਸ ਵੀ ਕੀਤੀ ਸੀ, ਹੇ ਪ੍ਰਮਾਤਮਾ ਇਨ੍ਹਾਂ ਨੂੰ ਸੁਖੀ ਰੱਖੀਂ। ਪਰ ਪ੍ਰਸ਼ਨ ਤਾਂ ਇਹ ਹੈ ਜੇ ਤੁਸੀਂ ਆਪਣੇ ਆਪ ਨੂੰ ਖੁਸ਼ ਨਹੀਂ ਰੱਖਣਾ ਚਾਹੁੰਦੇ ਤਾਂ ਪ੍ਰਭੂ ਕੀ ਕਰ ਸਕਦਾ ਹੈ। ਉਨ੍ਹਾਂ ਦੀ ਆਪਸ ਵਿਚ ਨਹੀਂ ਬਣੀ। ਇਕ ਹਫਤੇ ਤੋਂ ਬਾਅਦ ਉਨ੍ਹਾਂ ਦੀ ਲੜਾਈ ਹੋ ਗਈ, ਲੜਾਈ ਵੀ tooth paste ਬਾਰੇ ਹੋਈ। ਇਸ ਛੋਟੇ ਜਿਹੇ ਮਾਮਲੇ ਤੇ ਦੋਨਾਂ ਦੀ ਈਗੋ ਦਾ ਸਵਾਲ ਹੋ ਗਿਆ ਤੇ ਉਨ੍ਹਾਂ ਦਾ ਤਲਾਕ ਹੋ ਗਿਆ। ਇਹ ਵੱਡੀ ਹਉਮੈ ਦੀ ਸਮਸਿਆ ਕੀ ਹੋ ਸਕਦੀ ਹੈ? ਇਹ ਇਕ ਦੂਸਰੇ ਤੋਂ ਸਿੱਖਣ ਨੂੰ ਤਿਆਰ ਹੀ ਨਹੀਂ। ਇਕ ਦੂਸਰੇ ਨੂੰ ਸਮਝਣ ਨੂੰ ਤਿਆਰ ਹੀ ਨਹੀਂ, ਫੇਰ ਵੀ ਤੁਸੀਂ ਕਹਿੰਦੇ ਹੋ ਕਿ ਅਸੀਂ ਇਕ ਦੂਸਰੇ ਨੂੰ ਪਿਆਰ ਕਰਦੇ ਹਾਂ।

ਤੁਹਾਡਾ ਅਹੰਕਾਰ ਤੁਹਾਡੀ ਆਤਮਾ ਦਾ ਦੂਤ ਹੈ। ਇਹ ਆਪਣਾ ਅਸਲੀ ਸਰੂਪ ਭੁੱਲ ਚੁੱਕਾ ਹੈ। ਆਪਣਾ ਫਰਜ਼ ਭੁੱਲ ਚੁੱਕਾ ਹੈ, ਅਹੰਕਾਰ ਬਾਹਰ ਦਾ ਇਕ ਮਸਲਾ ਬਣ ਗਿਆ ਹੈ। ਵਾਸਤਵ ਵਿਚ ਈਗੋ ਦੀ ਬੜੀ ਹੀ ਮਹੱਤਵਪੂਰਨ ਭੂਮਿਕਾ ਹੈ ਪਰ ਜੇ ਤੁਹਾਨੂੰ ਇਸ ਦੀ ਵਰਤੋਂ ਬਾਰੇ ਨਹੀਂ ਪਤਾ ਤਾਂ ਚੰਗਾ ਹੋਵੇਗਾ ਜੇ ਤੁਸੀਂ ਇਸ ਨੂੰ ਸੋਧੋ, ਇਸ ਨੂੰ ਮਾਂਜੋ, ਇਹ ਤੁਹਾਡੇ ਵਿਕਾਸ ਵਿਚ ਸਭ ਤੋਂ ਵੱਡਾ ਰੋੜਾ ਹੈ। ਜੇ ਈਗੋ ਨੂੰ ਪੂਰੀ ਤਰ੍ਹਾਂ ਸਮਝ ਲਿਆ ਜਾਵੇ ਉਸ ਨੂੰ ਸੋਧ ਲਿਆ ਜਾਵੇ ਇਹ ਬਹੁਤ ਹੀ ਸਹਾਇਕ ਹੋ ਸਕਦੀ ਹੈ। ਈਗੋ ਵਿਚ ਬਹੁਤ ਸ਼ਕਤੀ ਹੈ। ਇਹ ਤੁਹਾਡੇ ਮਨ ਦਾ ਸੰਸੋਧਨ ਹੈ ਪਰ ਈਗੋ ਤੁਹਾਡੇ ਪਿਆਰ ਜਾਂ ਵਿਕਾਸ ਵਿਚ ਬਾਧਾ ਨਹੀਂ ਬਣਨੀ ਚਾਹੀਦੀ।

ਬਹੁਤ ਵਾਰੀ ਤੁਹਾਡਾ ਪਿਆਰ ਵਧਦਾ ਫੁਲਦਾ ਨਹੀਂ ਕਿਉਂਕਿ ਤੁਹਾਡਾ ਪਿਆਰ ਇਕ ਦੂਸਰੇ ਨੂੰ ਸਮਝਣ ਵਿਚ ਨਹੀਂ ਲਗਦਾ। ਪਿਆਰ ਤੋਂ ਭਾਵ ਹੈ ਸਮਝਣਾ, ਇਕ ਦੂਸਰੇ ਨੂੰ ਜਾਨਣਾ ਉਸ ਤੋਂ ਬਾਅਦ ਇਕ ਦੂਸਰੇ ਨੂੰ ਕਬੂਲ ਕਰ ਲੈਣਾ। ਬਹੁਤ ਸਾਰੇ ਪਤੀ ਆਪਣੀ ਪਤਨੀ ਲਈ ਬਹੁਤ ਵੱਡੇ ਗੁਰੂ ਬਣ ਜਾਂਦੇ ਹਨ। ਹਰ ਸਮੇਂ ਉਹ ਦਸਦੇ ਹਨ ਇਸ ਤਰ੍ਹਾਂ ਕਰਨਾ ਹੈ, ਕੀ ਕਰਨਾ ਹੈ, ਕੀ ਨਹੀਂ ਕਰਨਾ। ਇਹ ਵੀ ਬਹੁਤ ਵੱਡੀ, ਈਗੋ ਸਮੱਸਿਆ ਹੈ। ਪਤਨੀ ਨੇ ਇਸ ਕਰਕੇ ਵਿਆਹ ਨਹੀਂ ਕੀਤਾ ਸੀ ਕਿ ਪਤੀ ਉਸ ਦਾ ਗੁਰੂ ਬਣੇ। ਇਸ ਗੱਲ ਦੀ ਤਾਂ ਉਸ ਨੂੰ ਕਦੀ ਆਸ ਹੀ ਨਹੀਂ ਸੀ ਇਸ ਕਰਕੇ ਹੁਣ ਉਹ ਬਹੁਤ ਉਦਾਸ ਹੈ ਤੇ ਅੰਦਰੋਂ ਔਖੀ ਹੈ, ਬਹੁਤ ਸਾਰੀਆਂ ਪਤਨੀਆਂ ਰੋਹਬ ਪਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਕਹਿੰਦੀਆਂ ਹਨ, ਤੁਸੀਂ ਇਹ ਇਸ ਤਰ੍ਹਾਂ ਕਰੋ ਕਿਉਂਕਿ ਤੁਸੀਂ ਮੇਰੇ ਪਤੀ ਹੋ, ਇਹ ਮੇਰੀ ਬਦਕਿਸਮਤੀ ਹੈ, ਮੇਰਾ ਜੋੜ ਤੁਹਾਡੇ ਨਾਲ ਜੁੜਿਆ ਹੈ, ਹੁਣ ਤਾਂ ਤੁਹਾਨੂੰ ਉਹ ਹੀ ਕਰਨਾ ਪਵੇਗਾ ਜੋ ਮੈਂ ਕਹਾਂਗੀ, ਇਕ ਜੱਦੋ ਜਹਿਦ ਸ਼ੁਰੂ ਹੋ ਜਾਂਦੀ ਹੈ, ਇਕ ਖਿਚੋਤਾਣ ਸ਼ੁਰੂ ਹੋ ਜਾਂਦੀ ਹੈ ਜਿਸ ਵਿਚ ਕੋਈ ਵੀ ਨਹੀਂ ਛੱਡਣਾ ਚਾਹੁੰਦਾ। ਦੋਨੋਂ ਹੀ ਜਿੱਤਣਾ ਚਾਹੁੰਦੇ ਹਨ।

ਸ਼ਾਦੀ ਸ਼ੁਦਾ ਲੋਕ ਅਕਸਰ ਇਹ ਗੱਲ ਕਰਦੇ ਹਨ ਕਿ ਵਿਆਹੁਤਾ ਭਾਈਆਂ ਤੇ ਬੀਬੀਆਂ ਨੂੰ ਬੈਠ ਜਾਣਾ ਚਾਹੀਦਾ ਹੈ ਤੇ ਗੱਲ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਸਾਥੀ ਨੂੰ ਕਿੰਨਾ ਕੁ ਕਾਬੂ ਰਖਦੇ ਹਨ। ਦੇਖੋ ਕਿ ਪਿਆਰ

ਦੇ ਨਾਮ ਤੇ ਤੁਸੀਂ ਇਕ ਦੂਸਰੇ ਨੂੰ ਕਿੰਨਾ ਦੁਖੀ ਕਰਦੇ ਹੋ। ਇਹ ਸਭ ਕੁਝ ਇਸ ਕਰਕੇ ਹੁੰਦਾ ਹੈ ਕਿਉਂਕਿ ਤੁਸੀਂ ਇਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਕੋਈ ਵੀ ਰਿਸ਼ਤਾ ਕਿਉਂ ਨਾ ਹੋਵੇ ਉਸ ਨੂੰ ਸੁਹਿਰਦ ਤੇ ਸੋਹਣਾ ਬਣਾਉਣ ਲਈ ਇਕ ਦੂਸਰੇ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ, ਇਕ ਦੂਸਰੇ ਨੂੰ ਮਨਜ਼ੂਰ ਕਰਨ ਨਾਲ, ਸਮਝਣ ਨਾਲ ਬਹੁਤ ਸੌਖ ਹੋ ਜਾਂਦੀ ਹੈ, ਤੁਸੀਂ ਇਕ ਦੂਸਰੇ ਦੀ ਮਦਦ ਕਰ ਸਕਦੇ ਹੋ। ਹਰ ਇਕ ਇਨਸਾਨ ਵਿਚ ਕਮਜ਼ੋਰੀਆਂ ਹਨ ਤੁਸੀਂ ਇਕ ਦੂਸਰੇ ਵਿਚ ਕਮਜ਼ੋਰੀਆਂ ਵਿਆਹ ਕਰਾਉਣ ਤੋਂ ਬਾਅਦ ਹੀ ਦੇਖਦੇ ਹੋ, ਉਸ ਤੋਂ ਪਹਿਲਾਂ ਨਹੀਂ ਦੇਖਦੇ, ਜਦੋਂ ਤੁਸੀਂ ਦੋਸਤੀ ਕਰ ਰਹੇ ਹੁੰਦੇ ਹੋ। ਤੁਹਾਨੂੰ ਇਕ ਦੂਸਰੇ ਨੂੰ ਸਮਝਣਾ ਸਿਖਣਾ ਚਾਹੀਦਾ ਹੈ, ਇਕ ਦੂਸਰੇ ਨੂੰ ਮਨਜ਼ੂਰ ਕਰਨਾ, ਅਪਨਾਉਣਾ ਚਾਹੀਦਾ ਹੈ, ਕੇਵਲ ਉਪਰੋਂ ਉਪਰੋਂ ਪਿਆਰ ਨਹੀਂ ਕਰਨਾ ਚਾਹੀਦਾ। ਤੁਹਾਡਾ ਦਿਖਾਵੇ ਵਾਲਾ ਪਿਆਰ, ਪਿਆਰ ਦੀ ਪਵਿੱਤਰਤਾ ਨੂੰ ਨਸ਼ਟ ਕਰ ਦਿੰਦਾ ਹੈ ਤੇ ਤੁਸੀਂ ਸੁਹਿਰਦਤਾ ਦੇਖ ਹੀ ਨਹੀਂ ਸਕਦੇ, ਅੰਦਰ ਦੀ ਸੁੰਦਰਤਾ ਦੇਖ ਹੀ ਨਹੀਂ ਸਕਦੇ, ਅੰਦਰ ਦੇ ਗੁਣ ਤੁਸੀਂ ਦੇਖ ਹੀ ਨਹੀਂ ਸਕਦੇ।

ਜੀਵਨ ਵਿਚ ਦੋ ਧਾਰਾਵਾਂ ਨਾਲ ਨਾਲ ਚਲਦੀਆਂ ਹਨ, ਅਪਨਾਉਣ ਦੀਆਂ ਤੇ ਤਿਆਗਣ ਦੀਆਂ। ਜਦੋਂ ਮੈਂ ਚਲਦਾ ਹਾਂ, ਮੈਂ ਪਿਛੇ ਧਰਤੀ ਛੱਡ ਰਿਹਾ ਹਾਂ, ਉਸ ਨੂੰ ਪਿਛੇ ਕਰ ਰਿਹਾ ਹਾਂ ਤੇ ਅਗਲੀ ਧਰਤੀ ਤੇ ਜਦੋਂ ਪੈਰ ਰੱਖ ਰਿਹਾ ਹਾਂ ਤਾਂ ਮੈਂ ਉਸਨੂੰ ਅਪਨਾ ਰਿਹਾ ਹਾਂ। ਇਸ ਤਰ੍ਹਾਂ ਹੀ ਤੁਸੀਂ ਸੁਆਸਾਂ ਨਾਲ ਕਰਦੇ ਹੋ, ਤੁਸੀਂ ਕਾਰਬਨ ਡਾਇਆਕਸਾਈਡ ਬਾਹਰ ਕੱਢਦੇ ਹੋ ਤੇ ਤਾਜ਼ੀ ਹਵਾ ਭਾਵ ਆਕਸੀਜਨ ਅੰਦਰ ਕਰਦੇ ਹੋ, ਕਦੀ ਵੀ ਨਖੇਦੀ ਦੇ ਵਿਚਾਰ ਆਪਣੇ ਅੰਦਰ ਨਾ ਲਓ, ਕਦੀ ਇਹ ਨਾ ਸੁਣੋ ਕਿ ਤੁਸੀਂ ਮਾੜੇ ਹੋ, ਬੁਰੇ ਹੋ। ਜਦੋਂ ਲੋਕੀ ਕੁਝ ਇਸ ਤਰ੍ਹਾਂ ਦਾ ਕਹਿੰਦੇ ਹਨ ਤੁਸੀਂ ਸੁਣਦੇ ਹੋ, ਫੇਰ ਘਰ ਜਾ ਕੇ ਤੁਸੀਂ ਉਦਾਸ ਹੋ ਜਾਂਦੇ ਹੋ, ਤੁਸੀਂ ਉਨ੍ਹਾਂ ਦੀਆਂ ਗੱਲਾਂ ਮੰਨ ਲੈਂਦੇ ਹੋ ਤੇ ਇਹ ਸੋਚਣ ਲਗ ਪੈਂਦੇ ਹੋ ਕਿ ਤੁਸੀਂ ਭੈੜੇ ਹੀ ਹੋ। ਉਹ ਕਹਿੰਦੇ ਹਨ ਮੈਂ ਬੁਰਾ ਹਾਂ ਮੈਂ ਬੁਰਾ ਹੀ ਹੋਣਾ ਹਾਂ। ਇਸ ਤਰ੍ਹਾਂ ਗੱਲਾਂ ਸੁਣ ਕੇ ਤੁਹਾਨੂੰ ਮਨੋਵਿਗਿਆਨਕ ਚਿਕਿਸਤਕ ਕੋਲ ਜਾਣ ਦੀ ਲੋੜ ਪੈ ਸਕਦੀ ਹੈ। ਜੇ ਉਹ ਇਨਸਾਨ ਅੰਦਰੋਂ ਕਮਜ਼ੋਰ ਹੈ ਤਾਂ ਉਹ ਦੂਸਰਿਆਂ ਦੇ ਪ੍ਰਭਾਵ ਥੱਲੇ ਆ ਹੀ ਜਾਇਗਾ।

ਆਪਣੇ ਅੰਦਰ ਦੀ ਸੋਚ ਨੂੰ ਦੇਖੋ। ਆਪਣੇ ਅੰਦਰ ਝਾਤੀ ਮਾਰੋ। ਪਰ ਇਹੋ ਜਿਹੀ ਨਖੇਦੀ ਦੀਆਂ ਗੱਲਾਂ ਨਾ ਮੰਨੋ, ਹਰ ਕੋਈ ਗਲਤੀਆਂ ਕਰਦਾ ਹੈ, ਤੁਸੀਂ ਵੀ ਕੀਤੀਆਂ ਹਨ ਪਰ ਉਨ੍ਹਾਂ ਨੂੰ ਠੀਕ ਕਰੋ, ਸੁਧਾਰੋ, ਗਲਤੀਆਂ ਨੂੰ ਠੀਕ ਕਰਕੇ ਅੱਗੋਂ ਤੋਂ ਨਾ ਦੁਹਰਾਅ ਕੇ ਹੀ ਤੁਸੀਂ ਸੁਤੰਤਰ ਹੁੰਦੇ ਹੋ। ਗਲਤੀ ਤੇ ਬੈਠ ਕੇ ਸੋਚੋ ਨਾ, ਝੁਰੋ ਨਾ। ਪ੍ਰਾਥਨਾ ਕਰੋ, ਅਰਦਾਸ ਕਰੋ, ਅਰਦਾਸ ਐਸੀ ਚੀਜ਼ ਹੈ, ਤੁਸੀਂ ਆਪਣਾ ਪੂਰਾ ਅੰਦਰ, ਇਛਾਵਾਂ, ਅਵਗੁਣ ਸਾਰੀਆਂ ਪ੍ਰਮਾਤਮਾ ਅੱਗੇ ਰੱਖ ਕੇ ਨਵੇਂ ਨਰੋਏ ਹੋ ਜਾਂਦੇ ਹੋ, ਤੁਸੀਂ ਆਪਣੇ ਨਰੋਏਪਨ ਨਾਲ ਸਬੰਧ ਬਣਾ ਲੈਂਦੇ ਹੋ, ਤੁਸੀਂ ਚੇਤਨਾ ਦੇ ਬਿੰਦੂ ਤਕ ਪਹੁੰਚ ਜਾਂਦੇ ਹੋ, ਉਥੇ ਪਹੁੰਚ ਜਾਂਦੇ ਹੋ, ਜਿਥੋਂ ਚੇਤਨਾ ਹਰ ਦਿਸ਼ਾ ਵਿਚ ਜਾਂਦੀ ਹੈ। ਤੁਸੀਂ ਪ੍ਰਾਥਨਾ ਕਰੋ, ਪ੍ਰਮਾਤਮਾ ਮੈਨੂੰ ਸ਼ਕਤੀ ਦੇ, ਮੈਨੂੰ ਇਸ ਕਾਬਲ ਬਣਾ ਦੇ ਮੈਂ ਇਸ ਹਾਲਤ ਦਾ, ਘਟਨਾ ਦਾ ਮੁਕਾਬਲਾ ਕਰ ਸਕਾਂ, ਤੁਸੀਂ ਕਰ ਸਕਦੇ ਹੋ ਜੇ ਤੁਸੀਂ ਆਪਣੇ ਅੰਦਰ ਜਾ ਕੇ ਸੰਪਰਕ ਪੈਦਾ ਕਰ ਲਿਆ ਹੈ। ਇਸ ਗੱਲ ਦਾ ਅਭਿਆਸ ਕਰ ਲਿਆ ਹੈ, ਫੇਰ ਤੁਸੀਂ ਆਪਣੇ ਅੰਦਰ ਤੇ ਭਰੋਸਾ ਕਰ ਸਕਦੇ ਹੋ।

ਬਾਹਰ ਦੇ ਸਰੋਤ ਬਾਹਰ ਦੇ ਕਾਰਜ ਸੰਪੂਰਨ ਕਰਨ ਲਈ ਸਹਾਇਕ ਹੋ ਸਕਦੇ ਹਨ ਪਰ ਤੁਹਾਨੂੰ ਸ਼ਕਤੀਸ਼ਾਲੀ ਬਣਾਉਣ ਲਈ ਅੰਦਰ ਦੇ ਸਰੋਤਾਂ ਦੀ ਹੀ ਲੋੜ ਹੈ। ਇਹ ਜਾਣ ਲੈਣਾ ਬੜਾ ਜ਼ਰੂਰੀ ਹੈ ਕਿ ਦੋ ਤਰ੍ਹਾਂ ਦੇ ਸਰੋਤ ਹਨ, ਬਾਹਰੀ ਤੇ ਅੰਦਰ ਦੇ। ਬਾਹਰੀ ਸਰੋਤ ਛਿਨ ਭਰ ਲਈ ਹਨ, ਬਨਾਵਟੀ ਹਨ, ਛੇਤੀ ਹੀ ਨਾਸ਼ ਹੋਣ ਵਾਲੇ ਹਨ। ਵਾਸਤਵਿਕ, ਅੰਦਰ ਦੇ ਸਰੋਤ ਹੀ ਸਥਾਈ ਹਨ, ਸਦਾ ਰਹਿਣ ਵਾਲੇ ਹਨ। ਤੁਹਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਤੁਹਾਡੇ ਕੋਲ ਸਾਰੇ ਸਰੋਤ, ਸਾਰੀਆਂ ਸ਼ਕਤੀਆਂ ਹਨ, ਤੁਸੀਂ ਉਨ੍ਹਾਂ ਨੂੰ ਵਰਤਦੇ ਨਹੀਂ, ਇਹ ਤੁਹਾਡੀ ਆਦਤ ਬਣ ਗਈ ਹੈ ਕਿ ਤੁਸੀਂ ਬਾਹਰੋਂ ਹੀ ਸਹਾਇਤਾ ਚਾਹੁੰਦੇ ਹੋ। ਇਹ ਤਾਂ ਕੋਈ ਚੰਗੀ ਗੱਲ ਨਹੀਂ, ਇਹ ਤਾਂ ਫੋਹੜੀਆਂ ਨਾਲ ਤੁਰਨ ਵਾਲੀ ਗੱਲ ਹੈ। ਜਿੰਨਾਂ ਤੁਸੀਂ ਆਪਣੇ ਉਤੇ ਭਰੋਸਾ ਕਰਦੇ ਹੋ, ਆਪਣੀਆਂ ਗਲਤੀਆਂ ਤੋਂ ਸਿਖਦੇ ਹੋ, ਉਨਾਂ ਹੀ ਸ਼ਕਤੀਸ਼ਾਲੀ ਤੁਸੀਂ ਬਣਦੇ ਜਾਂਦੇ ਹੋ, ਜਦੋਂ ਤੁਸੀਂ ਗਲਤੀ ਕਰਦੇ ਹੋ ਤਾਂ ਉਸ ਤੋਂ ਸਿਖਦੇ ਹੋ। ਵੱਡੇ ਉਹ ਹੀ ਬਣਦੇ ਹਨ ਜਿਹੜੇ ਆਪਣੀਆਂ ਗਲਤੀਆਂ ਤੋਂ ਸਿਖਦੇ ਹੋ। ਗਲਤੀ ਮਨੁੱਖ ਕੋਲੋਂ ਹੀ ਹੁੰਦੀ ਹੈ ਤੇ ਮਨੁੱਖ ਹੀ ਗਲਤੀਆਂ ਕਰਕੇ ਸਿਖਦਾ ਹੈ ਪਰ ਗਲਤੀਆਂ ਕਰਦੇ ਹੀ ਜਾਣਾ ਇਹ ਪਾਪ ਹੈ। ਇਕ ਵਾਰੀ ਜਦੋਂ ਤੁਹਾਨੂੰ ਪਤਾ ਲੱਗ ਜਾਵੇ ਇਹ ਗਲਤ ਹੈ, ਤੁਹਾਡੇ ਲਈ ਹਾਨੀਕਾਰਕ ਹੈ, ਫੇਰ ਉਸਨੂੰ ਕਰੀ ਜਾਣਾ ਪਾਪ ਹੈ। ਉਸ ਨੂੰ ਜਾਣ ਕੇ, ਸਮਝ ਛੱਡ ਦੇਣ ਨਾਲ ਹੀ ਤੁਸੀਂ ਅੱਗੇ ਵਧਦੇ ਹੋ, ਤੁਹਾਡੀ ਸਖਸ਼ੀਅਤ ਤਾਂ ਹੀ ਸੋਹਣੀ ਬਣਦੀ ਹੈ, ਜਦੋਂ ਤੁਸੀਂ ਗਲਤੀਆਂ ਤੋਂ ਸਿੱਖ ਕੇ ਉਨ੍ਹਾਂ ਨੂੰ ਦਹੁਰਾਉਂਦੇ ਨਹੀਂ।

ਤੁਹਾਡਾ ਵਿਅਕਤੀਤ੍ਵ ਬਦਲਿਆ ਜਾ ਸਕਦਾ ਹੈ, ਇਸੇ ਜੀਵਨ ਵਿਚ ਤੁਸੀਂ ਉਚੀ ਤੋਂ ਉਚੀ ਥਾਂ ਦੁਖ ਤੋਂ ਰਹਿਤ, ਸੰਤਾਪ ਤੋਂ ਰਹਿਤ ਹੋ ਸਕਦੇ ਹੋ। ਇਸਨੂੰ ਕੱਲ੍ਹ ਤੇ ਨਾ ਪਾਓ, ਗਿਆਨ ਪ੍ਰਾਪਤੀ ਤੁਹਾਡਾ ਜਨਮਸਿੱਧ ਅਧਿਕਾਰ ਹੈ, ਉਹ ਅਵਸਥਾ ਹੀ ਦੁਖ ਸੰਤਾਪ ਤੋਂ ਮੁਕਤ ਹੈ। ਗਿਆਨ ਕੋਈ ਪ੍ਰਾਪਤ ਕਰਨ ਵਾਲੀ ਚੀਜ਼ ਨਹੀਂ, ਨਵੀਂ ਚੀਜ਼ ਨਹੀਂ ਗਿਆਨ ਤਾਂ ਕੇਵਲ ਉਸਨੂੰ ਮਹਿਸੂਸ ਕਰਨ ਦੀ ਗੱਲ ਹੈ। ਆਪਾ ਚੀਨੋ, ਆਪਣੀਆਂ ਘੁੰਡੀਆਂ ਕੱਢੋ, ਵਿਕਸਿਤ ਹੋਵੋ, ਆਪਣੀਆਂ ਆਦਤਾਂ ਛੱਡੋ, ਬਦਲੋ। ਆਪਣੀ ਸਖਸ਼ੀਅਤ ਨੂੰ ਪਵਿੱਤਰ ਕਰੋ। ਇਹ ਤੁਹਾਡੇ ਲਈ ਇਕ ਵੰਗਾਰ ਹੈ, ਆਪਣੀ ਸਖਸ਼ੀਅਤ ਨੂੰ ਬਦਲ ਕੇ ਸੋਹਣੀ ਬਣਾਓ।

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-63)*

**੧੦.**

***ਜੋ ਪ੍ਰਭੁ ਕਰੈ ਸੋਈ ਭਲ ਮਾਨਹੁ***
***ਸੁਖਿ ਦੁਖਿ ਓਹੀ ਧਿਆਈਐ ਰੇ॥ ਪੰਨਾ - 209***

ਕੁਛ ਸਮਾਂ ਬੀਤਿਆ ਕਿ ਬਰਖਾ ਨੇ ਜ਼ੋਰ ਆ ਪਾਇਆ, ਥਲ ਜਲ ਹੋ ਗਏ। ਪਹਿਲਾਂ ਤਾਂ ਬਰਖਾ ਦੀ ਲੋੜ ਹੋਣ ਕਰਕੇ ਖੁਸ਼ੀਆਂ ਤੇ ਮੰਗਲ ਸਨ, ਪਰ ਜਦੋਂ ਅਸਮਾਨ ਦੇ ਪਰਨਾਲਿਆਂ ਨੇ ਕਈ ਦਿਨ ਬੱਸ ਹੀ ਨਾਂ ਕੀਤੀ ਤਾਂ ਪੁਕਾਰਾਂ ਮਚ ਗਈਆਂ। ਬਾਬੇ ਨੌਧ ਸਿੰਘ ਪਾਸ ਲੋਕੀ ਭੱਜੇ ਆਉਣ। ਪਹਿਲਾਂ ਤਾਂ ਬਾਬੇ ਨੇ ਰਜ਼ਾ ਦਾ ਉਪਦੇਸ਼ ਕੀਤਾ, ਪਰ ਜਦ ਦੁਖੀ ਦਿਲ ਦੇਖੇ ਕਿ ਬਹੁਤ ਘਾਬਰ ਵਿਚ ਹਨ ਤਾਂ ਧਰਮਸਾਲੇ ਅਖੰਡ ਪਾਠ ਰਖਾ ਦਿੱਤਾ। ਵਾਹਿਗੁਰੂ ਨੇ ਮੇਹਰ ਕੀਤੀ, ਬਰਖਾ ਨੇ ਅੱਤ ਤੋਂ ਬੱਸ ਕੀਤੀ। ਇਧਰ ਭੋਗ ਪੈ ਚੁੱਕਾ ਸੀ, ਲੰਗਰ ਵਰਤੀਜ ਰਿਹਾ ਸੀ, ਸਾਰੇ ਪਿੰਡੋਂ ਆਏ ਤੇ ਬਾਹਰੋਂ ਆਏ ਗਏ ਅਤਿੱਥੀ ਮੁਸਾਫਰ ਹਰੇਕ ਪ੍ਰਸ਼ਾਦ ਛਕ ਰਹੇ ਸਨ, ਤਦ ਬਾਬੇ ਨੇ ਕੀਹ ਡਿੱਠਾ ਕਿ ਸਦਾ ਦੇ ਦਸਤੂਰ ਦੇ ਉਲਟ ਅੱਜ ਪਿੰਡ ਦੇ ਮੁਸਲਮਾਨ ਜੋ ਗਿਣਤੀ ਵਿਚ ਥੋੜ੍ਹੇ ਸਨ, ਪ੍ਰਸ਼ਾਦ ਛਕਨ ਨਾਂ ਆਏ। ਬਾਬੇ ਨੂੰ ਫਿਕਰ ਹੋਇਆ ਕਿ ਇਹ ਕੀ ਗੱਲ ਹੈ? ਫੇਰ ਬਾਬੇ ਨੇ ਉਹਨਾਂ ਨੂੰ ਬੁਲਾ ਘੱਲਿਆ, ਪਰ ਬੁਲਾਏ ਤੇ ਬੀ ਕੋਈ ਨਾਂ ਆਇਆ। ਜਦ ਫੇਰ ਇਕ ਦੋ ਸੱਦੇ ਗਏ ਤਾਂ ਨੱਥੂ ਮੋਚੀ ਆਇਆ ਤੇ ਆਖਣ ਲੱਗਾ, ਬਈ ਬਾਬਾ! ਪਿਛਲੀਆਂ ਬੀਤੀਆਂ ਬੀਤ ਗਈਆਂ, ਹੁਣ ਅੱਗੋਂ ਨੂੰ ਬਰ ਨਹੀਂ ਮਿਚਦਾ।

ਬਾਬਾ - ਕਿਉਂ ਬਰਖੁਰਦਾਰਾ?

ਮੋਚੀ - ਪੁੱਛ ਕੁਛ ਨਾਂ।

ਬਾਬਾ - ਕਿਉਂ ਬਈ?

ਮੋਚੀ - ਅਸੀਂ ਥੋੜ੍ਹੇ ਤੁਸੀਂ ਬਹੁਤੇ, ਬਹੁਤਿਆਂ ਦੀ ਜੈ! ਜੇ ਅਸੀਂ ਮੂੰਹ ਖੋਲ੍ਹੀਏ ਤਾਂ ਮਾਰੇ ਪਏ ਹਾਂ। ਪੁੱਛ ਕੁਛ ਨਾਂ, ਤੇ ਬੱਸ ਹੋਣ ਦੇਹ। ਹੁਣ ਤੁਹਾਨੂੰ ਤੁਹਾਡਾ ਆਪਣਾ ਦੀਨ, ਸਾਨੂੰ ਆਪਣਾ।

ਬਾਬਾ - ਆਖਿਆ ਤਾਂ ਠੀਕ ਹਈ ਤੇ ਦੀਨ ਭੀ ਆਪੋ ਆਪਣਾ ਸਭ ਨੂੰ ਨਿਬਾਹੂ, ਪਰ ਬੱਚਾ! ਨਵ੍ਹਾਂ ਤੋਂ ਪੋਟਿਆਂ ਦਾ ਮਾਸ ਕੀਕੂੰ ਅਵਾਜ਼ਾਰ ਹੋ ਸਕਦਾ ਹੈ? ਪੀੜ੍ਹੀਆਂ ਦੇ ਸਾਡੇ ਤੁਹਾਡੇ ਕੱਠੇ ਵਾਸ, ਸਾਂਝੇ ਭਾਈਚਾਰੇ, ਇਹ ਨੇਹੁੰ ਕੀਕੂੰ ਟੁੱਟ ਗਿਆ?

ਮੋਚੀ - ਆਪੋ ਆਪਣਾ ਦੀਨ ਪਿਆਰਾ ਹੈ। ਸਾਡੇ ਦੀਨ ਵਿਚ ਏਹ ਆਇਆ ਹੈ ਕਿ ਜੋ ਕਲਮੇ ਤੋਂ ਬਾਹਰ ਹਨ, ਕਾਫਰ ਹਨ ਤੇ ਉਹਨਾਂ ਨਾਲ ਨਹੀਂ ਵਰਤਣਾ।

ਬਾਬਾ - ਬੱਚਿਆ! ਇਹ ਦੀਨ ਪੁਰਾਨਾ ਹੈ ਕਿ ਨਵਾਂ?

ਮੋਚੀ - ਪੁਰਾਣਾ।

ਬਾਬਾ - ਤੇ ਫੇਰ ਅੱਗੇ ਤੁਸੀਂ ਸਾਡੇ ਨਾਲ ਕੀਕੂੰ ਵਰਤਦੇ ਰਹੇ?

ਮੋਚੀ - ਵਰਤਦੇ ਰਹੇ, ਬੇਥਵੇ ਜੁ ਸਾਂ, ਸਾਨੂੰ ਪਤਾ ਨਹੀਂ ਸੀ।

ਬਾਬਾ - ਤੇ ਹੁਣ ਪਤਾ ਕਿਵੇਂ ਲੱਗਾ?

ਮੋਚੀ - ਸੈਫ ਦੀਨ ਸਾਡਾ ਬਜ਼ੁਰਗ ਅੱਠ ਸੱਤ ਦਿਨਾਂ ਤੋਂ ਆਇਅ✤ਾ ਹੋਇਆ ਹੈ, ਓਸ ਨੇ ਸਾਡੀਆਂ ਅੱਖਾਂ ਖੋਹਲੀਆਂ ਹਨ।

ਬਾਬਾ - ਹੁਣ ਕਿਥੋਂ ਆਇਆ ਹੈ?

ਮੋਚੀ - ਹੁਣ ਤਾਂ ਲਾਹੌਰੋਂ ਆਇਆ ਹੈ ਪਰ ਪਿਛੋਂ ਓਹ ਅਲੀਗੜ੍ਹ ਤੇ ਹੋਰ ਦੂਰ ਦੂਰ ਥਾਈਂ ਰਹਿ ਰਹਿ ਕੇ ਤੇ ਸ਼ਰ੍ਹਾ ਪੜ੍ਹਕੇ ਆਇਆ ਹੈ।

ਬਾਬਾ - ਅੰਗਰੇਜ਼ੀ ਬੀ ਪੜ੍ਹੀ ਸੂ?

ਮੋਚੀ - ਤੇ ਹੋਰ।

ਬਾਬੇ ਨੇ ਹਉਕਾ ਲੀਤਾ ਤੇ ਆਖਿਆ - ਹੈਂ, ਐਨਾ ਕੁਛ ਪੜ੍ਹ ਸੁਣਕੇ ਫੇਰ ਦੁਫੇੜ ਪੁਆਂਦਾ ਹੈ?

ਮੋਚੀ - ਮੈਂ ਜਾਵਾਂ?

ਬਾਬਾ - ਫੇਰ ਹੁਣ ਤੁਸੀਂ ਜੁੱਤੀਆਂ ਬੀ ਸਾਡੀਆਂ ਨਹੀਂ ਸੀਵੋਂਗੇ?

ਮੋਚੀ - ਕਿੱਤਾ ਤਾਂ ਨਹੀਂ ਨਾਂ ਛੁੱਟਦਾ, ਤੁਹਾਡੇ ਹੱਥ ਦਾ ਖਾਵਾਂ ਪੀਵਾਂਗੇ ਨਹੀਂ।

ਬਾਬਾ - ਤਾਂ ਸੁੱਖ ਬੱਚਾ, ਮੈਨੂੰ ਤਾਂ ਫਿਕਰ ਪੈ ਗਿਆ ਸੀ ਕਿ ਤੁਸੀਂ ਸਾਨੂੰ ਮੂਲੋਂ ਹੀ ਛੱਡ ਦਿੱਤਾ ਹੈ।

ਲੌਢਾ ਪਹਿਰ ਹੋ ਆਇਆ, ਕਈ ਦਿਨਾ ਪਿਛੋਂ ਸੂਰਜ ਨਿਕਲਿਆ ਸੀ, ਲੋਕੀਂ ਵੱਟਾਂ ਬੰਨਿਆਂ ਖੂਹਾਂ ਤੇ ਬੈਠੇ ਸਨ। ਪਿੰਡ ਦੇ ਮੁਸਲਮਾਨ ਕੋਈ ਦੋ ਕੁ ਘਰ ਤਾਂ ਜ਼ਿਮੀਦਾਰਾਂ ਦੇ

ਸਨ, ਬਾਕੀ ਕੁਝ ਜੁਲਾਹੇ, ਮੋਚੀ, ਛੀਂਬੇ ਆਦਿਕ ਕਿਰਤੀ ਲੋਕ ਸਨ, ਇਹ ਸਾਰੇ ਖੂਹ ਤੇ ਜੁੜੇ ਬੈਠੇ ਸਨ। ਬਾਬਾ ਬੀ ਪੈਲੀ ਬੰਨੇ ਵੇਖਦਾ, ਪਾਣੀ ਦੀਆਂ ਰੌਆਂ ਤੱਕਦਾ ਆ ਨਿਕਲਿਆ। ਅੱਗੇ ਸੈਫਦੀਨ ਹੁਰਾਂ ਦੀ ਜ਼ੁਬਾਨ ਤਲਵਾਰ ਵਾਂਗ ਚਲ ਰਹੀ ਸੀ, ਉਹ ਪੁਰਾਣੇ ਕਿੱਸੇ ਸੁਣਾ ਰਿਹਾ ਸੀ ਕਿ ਹਿੰਦੂਆਂ ਨੂੰ ਕੀਕੂੰ ਸਾਡੇ ਮੁਗਲ ਪਠਾਣਾਂ ਨੇ ਵੱਢਿਆ ਤੇ ਮਾਰਿਆ, ਨਾਲੇ ਸਮਝਾ ਰਿਹਾ ਸੀ ਕਿ ਇਹ ਗੱਲ ਦੀਨ ਵਿਚ ਜਾਇਜ਼ ਹੈ। ਨਾਲੇ ਕਹਿ ਰਿਹਾ ਸੀ ਕਿ ਸਾਨੂੰ ਇਕ ਮੁੱਠ ਹੋਣਾ ਚਾਹੀਦਾ ਹੈ ਤੇ ਸਮਝਾ ਰਿਹਾ ਸੀ ਕਿ ਤੁਸੀਂ ਕਾਇਰ ਹੋ ਗਏ ਹੋ ਜੋ ਬਕਰੀਦ ਨੂੰ ਬੱਕਰਾ ਵੱਢਦੇ ਹੋ ਤੇ ਗਊ ਦੀ ਕੁਰਬਾਨੀ ਨਹੀਂ ਦੇਂਦੇ। ਬਾਬੇ ਦੇ ਕੰਨੀ ਇਹ ਗੱਲਾਂ ਦੂਰੋਂ ਪੈ ਗਈਆਂ ਸਨ, ਸੋ ਉਹ ਧਸੜ ਕੇ ਅਗੇ ਅਗੇ ਆ ਹੀ ਗਿਆ ਤੇ ਵਿਚ ਆ ਬੈਠਾ। ਭਾਵੇਂ ਸੈਫਦੀਨ ਕਈ ਦਿਨਾਂ ਤੋਂ ਵੈਰ ਦੀ ਅੱਗ ਮਘਾ ਰਿਹਾ ਸੀ, ਪਰ ਤਦ ਬੀ ਬਾਬੇ ਦੀ ਪਿਆਰੀ ਤੇ ਨੂਰਾਨੀ ਸੂਰਤ ਵੇਖ ਕੇ ਸਾਰਿਆਂ ਦੇ ਮੂਹੋਂ 'ਬਾਬਾ ਆਯਾ, ਬਾਬਾ ਆਯਾ' ਨਿਕਲ ਹੀ ਗਿਆ, ਚਿਹਰੇ ਖਿੜ ਹੀ ਪਏ ਤੇ 'ਆਓ ਬੈਠੋ' ਆਖ ਹੋ ਹੀ ਗਿਆ।

ਹੁਣ ਜਦ ਸੈਫਦੀਨ ਨੇ ਸੂਰਤ ਨਜ਼ਰ ਭਰਕੇ ਤੱਕੀ ਤਾਂ ਉਸਦੇ ਅੰਦਰ ਬੀ ਹੌਲ ਜਿਹਾ ਪਿਆ। ਸੁਹਣੀ ਢਲਵੀਂ ਨਕਸ਼ਬੰਦੀ ਦੀ ਨੁਹਾਰ ਤੇ ਤ੍ਰਿਖੇ ਨੱਕ ਵਾਲਾ ਚਿਹਰਾ, ਬੀਬਾ ਦਾਹੜਾ, ਨੈਣਾਂ ਵਿਚ ਕੋਈ ਰਸੀਲੀ ਖਿੱਚ, ਭਰਵੱਟਿਆਂ ਵਿਚ ਕੋਈ ਰੋਅਬ ਤੇ ਮੱਥੇ ਵਿਚ ਕੋਈ ਖੇੜਾ, ਗੱਲ੍ਹਾਂ ਉਪਰ ਕੋਈ ਜਮਾਲ ਤੇ ਬੁੱਲ੍ਹਾਂ ਦੀ ਮੁਸਕ੍ਰਾਹਟ ਵਿਚ ਕੋਈ ਮਿਹਰ ਤੇ ਪਿਆਰ ਦਾ ਨਕਸ਼ਾ, ਇਹ ਸੀ ਬਾਬੇ ਦੀ ਸੂਰਤ। ਇਹ ਨੇਕੀ ਦੇ ਨਕਸ਼ ਵਾਲਾ ਚਿਹਰਾ ਵੇਖ ਉਹ ਘਬਰਾ ਗਿਆ, ਅੰਦਰਲੇ ਜ਼ਿਦ ਵਾਲੇ ਥਰ ਤੋਂ ਉਖੇੜ ਗਿਆ ਤੇ ਉਸ ਨੇ ਗੁਫਤਗੂ ਬਦਲ ਲਈ ਤੇ ਹੁਣ ਹਜ਼ਰਤ ਉਮਰ ਦੀ ਸਾਖੀ ਸੁਨਾਉਣ ਲਗ ਪਿਆ। ਕੁਛ ਚਿਰ ਬੋਲਦਾ ਰਿਹਾ, ਪਰ ਥਿੜਕਦਾ ਥਿੜਕਦਾ। ਇਹ ਗੱਲ ਉਸਦੇ ਦੀਨ ਭਾਈਆਂ ਬੀ ਲਖ ਲਈ। ਜਦੋਂ ਉਸਦੀ ਵਾਅਜ਼ ਖਤਮ ਹੋਈ ਤਾਂ ਸੈਫਦੀਨ ਨੇ ਕਿਹਾ, "ਬਾਬਾ! ਤੁਹਾਡੀ ਸੂਰਤ ਬੜੀ ਸੁਹਣੀ ਹੈ, ਪਰ ਕਾਸ਼! ਤੁਸੀਂ ਮੁਸਲਮਾਨ ਹੁੰਦੇ?

ਬਾਬਾ – ਭਾਈਆ! ਮੁਸਲਮਾਨ ਕਿਸਨੂੰ ਆਖਦੇ ਹਨ?

ਸੈਫਦੀਨ – ਈਮਾਨਦਾਰ ਨੂੰ।

ਬਾਬਾ – ਈਮਾਨਦਾਰ ਦਾ ਕੀ ਅਰਥ ਹੋਇਆ?

ਸੈਫਦੀਨ – ਜੋ ਇਕ ਅੱਲਾ ਤੇ ਭਰੋਸਾ ਰੱਖਦਾ ਹੈ ਤੇ ਸ਼ਿਰਕ ਤੇ ਕੁਫਰ ਤੋਂ ਪਾਕ ਹੈ।

ਬਾਬਾ – ਪਤਾ ਨਹੀਂ ਨਿਭੇ ਕਿ ਨਾਂ, ਪਰ ਮੈਂ ਬੀ ਤਾਂ ਅੱਲਾ ਨੂੰ ਹੀ ਮੰਨਣ ਵਾਲਾ ਹਾਂ ਤੇ ਨਿਰਾ ਇਕੋ ਉਸੇ ਦਾ ਹਾਂ।

ਸੈਫਦੀਨ – ਬੁੱਤ ਨਹੀਂ ਪੂਜਦਾ?

ਬਾਬਾ – ਕਈ ਵਾਰੀ ਵਹੁਟੀ, ਪੁਤ੍ਰ, ਇੱਜ਼ਤ, ਦੌਲਤ ਅੱਲਾ ਨਾਲੋਂ ਵਧੀਕ ਪਿਆਰੇ ਲੱਗ ਜਾਂਦੇ ਹਨ, ਫੇਰ ਮੈਂ ਅੱਲਾ ਅੱਗੇ ਅਰਦਾਸ ਕਰਕੇ ਹੰਭਲਾ ਮਾਰਦਾ ਹਾਂ ਜੋ ਅੱਲਾ ਨੂੰ ਬਹੁਤ ਪਿਆਰ ਕਰਾਂ। ਇਹੋ ਤੁਹਾਡਾ ਮਤਲਬ ਹੈ ਨਾਂ ਕਿ ਵਹੁਟੀ, ਪੁਤ੍ਰ, ਚਾਂਦੀ, ਪੱਥਰ, ਸਭ ਤੋਂ ਅੱਲਾ ਵੱਧ ਪਿਆਰਾ ਲਗੇ। ਤੇ ਜੇ ਓਸ ਅੱਲਾ ਨਾਲੋਂ ਕੁਛ ਹੋਰ ਵਧੇਰਾ ਲੱਗ ਗਿਆ ਤਾਂ ਬੁਤਪਰਸਤੀ ਹੋ ਗਈ। ਮੈਂ ਪੜ੍ਹਿਆ ਨਹੀਂ, ਪਰ ਮੇਰੀ ਜਾਚ ਵਿਚ ਇਉਂ ਹੀ ਆਉਂਦਾ ਹੈ।

ਸੈਫਦੀਨ ਕਦੇ ਬਾਬੇ ਦੇ ਮੂੰਹ ਵਲ ਤੱਕੇ, ਕਦੇ ਪੈਰਾਂ ਵੱਲ। ਆਖੇ ਤਾਂ ਹੁਣ ਕੀ ਆਖੇ। ਬਾਬੇ ਦੇ ਸਿੱਧੇ ਅੱਖਰਾਂ ਨੇ ਉਸਦੇ ਅੰਦਰ ਘਾਟ ਪਾ ਦਿੱਤੀ ਸੀ।

ਬਾਬਾ – ਦੱਸ ਬਈ ਸੱਜਣਾਂ! ਠੀਕ ਹੈ ਕਿ ਅਸੀਂ ਭੁੱਲ ਵਿਚ ਹਾਂ? ਪੇਂਡੂ ਹਾਂ ਅਨਪੜ੍ਹ ਹਾਂ।

ਸੈਫਦੀਨ – ਨਹੀਂ, ਠੀਕ ਹੈ, ਤੁਸੀਂ ਮੁਆਹਦ ਤਾਂ ਹੋ ਪਰ ਤੁਸੀਂ ਰਸੂਲ ਦੇ ਕਾਇਲ ਨਹੀਂ।

ਬਾਬਾ – ਰਸੂਲ ਕਿਸਨੂੰ ਆਖਦੇ ਹੋ?

ਸੈਫਦੀਨ – ਅੱਲਾ ਦੇ ਘੱਲੇ ਹੋਏ ਪੂਰੇ ਬੰਦੇ ਨੂੰ।

ਬਾਬਾ – ਤਾਂ ਮੈਂ ਰਸੂਲ ਨੂੰ ਬੀ ਮੰਨਦਾ ਹਾਂ।

ਸੈਫਦੀਨ – ਫੇਰ ਲਬਾਂ ਕਤਰੀਆਂ ਹੋਈਆਂ ਕਿਉਂ ਨਹੀਂ?

ਬਾਬਾ – ਸੱਜਣ ਜੀ! ਗੱਲ ਯਕੀਨ ਦੀ ਕਰ ਰਹੇ ਹੋ ਤੇ ਕੁਲਸ ਫੜਦੇ ਹੋ ਲਬਾਂ ਦੀ, ਇਹ ਕੀ ਹੋਇਆ?

ਸੈਫਦੀਨ – ਬਾਬਾ! ਤੁਸੀਂ ਆਪਣੇ ਰਸੂਲ ਦਾ ਨਾਂ ਤਾਂ ਦਸੋ।

ਬਾਬਾ – ਕੀ ਲੋੜ?

ਸੈਫਦੀਨ – ਮੈਨੂੰ ਪਤਾ ਲੱਗ ਜਾਵੇ।

ਬਾਬਾ – ਸੱਜਣਾਂ! ਕੀ ਕਰਨਾ ਈ ਪਤਾ ਲਾ ਕੇ। ......... (ਹਾਹੁਕਾ ਲੈ ਕੇ) ਪਿੰਡ ਸੁਖੀ ਪਿਆ ਵੱਸਦਾ ਸੀ, ਭਰਾਵਾਂ ਵਿਚ ਦੁਫੇੜ ਪਾ ਚਲਿਆ ਹੈਂ? ਚੰਗਾ, ਰੱਬ ਤੇਰਾ ਭਲਾ ਕਰੇ।

ਸੈਫਦੀਨ – ਕਿਉਂ, ਮੈਂ ਕੀ ਆਖਿਆ ਹੈ? ਆਪਣੇ ਦੀਨ ਦੀ ਮੱਤ ਨਾ ਦਿਆਂ?

ਬਾਬਾ – ਜੰਮ ਜੰਮ ਦਿਓ, ਪਰ ਸ਼ੈਤਾਨੀ ਵਹਿਬਤਾਂ ਕਿਉਂ ਸਿਖਾਓ?

ਸੈਫਦੀਨ – (ਤਮਕ ਕੇ) ਸ਼ੈਤਾਨੀ?

ਬਾਬਾ – ਗੁੱਸੇ ਨਾ ਹੋ, ਮੈਂ ਅਨਪੜ੍ਹ ਆਦਮੀ ਹਾਂ। ਮੈਂ ਗਾਲ ਨਹੀਂ ਦਿੱਤੀ, ਮੇਰੀ ਗਲ ਸੁਣ ਲੈ। ਤੁਸੀਂ ਇਕ ਖੁਦਾ ਤੇ ਇਕ ਸ਼ੈਤਾਨ ਮੰਨਦੇ ਹੋ ਕਿ ਨਹੀਂ?

ਸੈਫਦੀਨ – ਮੰਨਦੇ ਹਾਂ?

ਬਾਬਾ – ਨੇਕੀ, ਪਿਆਰ, ਉਪਕਾਰ, ਭਲਾ ਕਰਨਾ, ਬੰਦਗੀ ਕਰਨਾ ਇਹ ਗੱਲਾਂ ਰੱਬ ਦੀਆਂ ਹਨ ਕਿ ਨਹੀਂ?

ਸੈਫਦੀਨ – ਠੀਕ।

ਬਾਬਾ – ਚੁਗਲੀ, ਨਿੰਦਜ਼ਾ, ਮਾਰਨਾ, ਦੁਖ ਦੇਣਾ, ਵੈਰ ਕਰਨਾ, ਬੁਰਾ ਕਰਨਾ, ਬੰਦਗੀ ਤੋਂ ਗਾਫਲ ਹੋਣਾ, ਏਹ ਸ਼ੈਤਾਨੀ ਵਹਿਬਤਾਂ ਹਨ ਕਿ ਨਹੀਂ?

ਸੈਫਦੀਨ – ਠੀਕ।

ਬਾਬਾ – ਫੇਰ ਤੁਸੀਂ ਇਨ੍ਹਾਂ ਸਾਡੇ ਹਮਸਾਇਆਂ ਮਾਂ ਪਿਉ ਜਾਇਆਂ ਨੂੰ ਸਾਡੇ ਨਾਲ ਵੈਰ ਕਰਨਾ, ਸਾਥੋਂ ਨੱਕ ਚਾੜ੍ਹਨਾ ਸਿਖਾ ਚੱਲੇ ਹੋ ਕਿ ਨਹੀਂ? ਤੇ ਇਹ ਵੈਰ ਕਰਨਾ, ਸੂਗ ਵੱਟਣਾ ਸ਼ੈਤਾਨੀ ਵਹਿਬਤ ਹੈ ਕਿ ਨਹੀਂ?

ਬਾਬੇ ਦੀ ਜਟਕੀ ਤੇ ਖਰੀ ਖਰੀ ਗੱਲ ਸੈਫਦੀਨ ਨੂੰ ਚੁੱਭੀ, ਹੁਣ ਸੋਚੇ ਜਵਾਬ ਕੀ ਹੋਵੇ? ਲੱਗਾ ਭੋਂ ਵੱਲ ਤੱਕਣ।

ਬਾਬਾ – ਦੇਖ ਸੱਜਣਾਂ! ਰੱਬ ਇਕੋ ਹੈ ਤੇ ਸਭ ਦਾ ਸਾਂਝਾ ਹੈ ਤੇ ਸਾਰਿਆਂ ਓਸ ਦੀ ਬੰਦਗੀ ਕਰਨੀ ਹੈ, ਜਿੱਕੂੰ ਜਿਸ ਨੂੰ ਭਾਵੇ। ਫੇਰ ਅਸਾਂ ਆਪੋ ਵਿਚ ਰਲਕੇ ਵੱਸਣਾ ਹੈ। ਜੇ ਇਕ ਦੂਜੇ ਨਾਲ ਵੰਡ ਨਾ ਖਾਵਾਂਗੇ, ਦੁਖ ਸੁਖ ਸਾਂਝੇ ਨਾਂ ਕਰਾਂਗੇ, ਝਟ ਕੀਕੂੰ ਟੱਪੇਗਾ? ਜੇ ਰੱਬ ਸਭਨਾਂ ਦਾ ਸਾਂਝਾ ਬਾਪੂ ਹੈ ਤਾਂ ਦੱਸ ਕਿ ਅਸੀਂ ਸਾਰੇ ਭਰਾ ਨਹੀਂ? ਭਰਾਵਾਂ ਵਿਚ ਦੁਫੇੜ ਕਿਉਂ ਪੁਆ ਚੱਲਿਆ ਹੈਂ? ਤੈਨੂੰ ਪਤਾ ਹੈ ਕਿ ਸਾਡੀ ਧਰਮਸਾਲਾ ਦੀ ਮੁਰੰਮਤ ਹੋਈ ਤਾਂ ਪਿੰਡ ਦੇ ਸਾਰੇ ਮੁਸਲਮਾਨਾਂ ਨਿਉਂਦਰਾ ਪਾਇਆ ਸੀ ਤੇ ਜਦੋਂ ਮਸੀਤ ਉੱਸਰੀ ਸੀ ਤਾਂ ਸਿੱਖਾਂ ਤੇ ਹਿੰਦੂਆਂ ਸਾਰਿਆਂ ਨੇ ਸਹਾਇਤਾ ਦਿੱਤੀ ਸੀ। ਹੁਣ ਤੂੰ ਬੀਉ ਬੀਜ ਚੱਲਿਆ ਹੈਂ ਕਿ ਹਿੰਦੂ ਸਿੱਖ ਤਾਂ ਦਾਉ ਲੱਗੇ ਤੇ ਮਸੀਤ ਦੀ ਇੱਟ ਇੱਟ ਕਰਨਗੇ ਤੇ ਇਹੋ ਉਦਮ ਮੁਸਲਮਾਨਾਂ ਦੇ ਅੰਦਰ ਧਰਮਸਾਲਾ ਲਈ ਰਹੇਗਾ। ਤੁਸੀਂ ਪੜ੍ਹੇ ਹੋਏ ਕਿਉਂ ਸਾਡੇ ਸੁਖੀ ਵੱਸਦੇ ਪਸ਼ੂਆਂ ਵਿਚ ਆ ਕੇ ਸਾਨੂੰ ਢੁੱਡ ਮਾਰਨੇ ਸਿਖਾਲ ਜਾਂਦੇ ਹੋ? ਤੁਹਾਡੇ ਭਾਣੇ ਅਸੀਂ ਕੁਝ ਨਹੀਂ ਪੜ੍ਹੇ, ਨਾਂ ਸਾਨੂੰ ਸ਼ਰ੍ਹਾ ਫਿਕਰ ਦੀ ਸੋਝੀ ਹੈ, ਪਰ ਸੁਖੀ ਵੱਸਦੇ ਸਾਂ, ਤੁਸੀਂ ਦੁਖੀ ਕਰ ਚਲੇ ਹੋ। ਮੇਰੇ ਦੋ ਪੁਤ ਹੋਣ, ਮੈਂ ਤਾਂ ਕਦੇ ਨਹੀਂ ਚਾਹੁੰਦਾ ਕਿ ਮੇਰੇ ਪੁੱਤ ਆਪੋ ਵਿਚ ਵੈਰ ਕਰਨ। ਅੱਲਾ ਕੀਕੂੰ ਖੁਸ਼ ਹੈ ਕਿ ਓਸ ਦੇ ਬੇਟੇ ਆਪੋ ਵਿਚ ਵੈਰ ਤੇ ਸੂਗ ਰੱਖਣ?

ਸੈਫਦੀਨ – (ਬੜਾ ਸ਼ਰਮਿੰਦਾ ਤੇ ਕੱਚਾ ਹੋ ਕੇ) ਤੇਰਾ ਕੀ ਮਤਲਬ ਹੈ ਕਿ ਦੀਨ ਸਭ ਗੁੰਮ ਹੋ ਜਾਏ?

ਬਾਬਾ – ਇਹ ਮੈਂ ਕਦੋਂ ਆਖਿਆ ਹੈ? ਸੱਜਣਾਂ! ਮੇਰੀ ਗੱਲ ਤੇ ਰਿੰਜ ਨਾਂ ਹੋਵੀਂ। ਮੈਂ ਤਾਂ ਆਖਦਾ ਹਾਂ ਕਿ ਦੀਨ ਤੇ ਰੱਬ ਦਾ ਨਾਮ ਲੈਕੇ ਪਿਆਰ ਦਾ ਵਲੂੰਧਰਨਾ ਕਿਉਂ ਸਿਖਾਲਦੇ ਹੋ? ਜਿਸ ਨੂੰ ਕੁਰਾਨ ਚੰਗਾ ਲੱਗੇ ਕੁਰਾਨ ਪੜ੍ਹੇ, ਜਿਸ ਨੂੰ ਪੁਰਾਨ ਚੰਗਾ ਲੱਗੇ ਪੁਰਾਨ ਪੜ੍ਹੇ। ਜੇ ਕੁਰਾਨ ਵਾਲਾ ਚਾਹੁੰਦਾ ਹੈ ਕਿ ਪੁਰਾਨੀ ਕੁਰਾਨੀ ਹੋ ਜਾਏ ਤਾਂ ਪਿਆਰ ਨਾਲ ਪ੍ਰੇਰ ਲਵੇ; ਆਪੋ ਵਿਚ ਈਰਖਾ, ਵੈਰ ਤੇ ਸੂਗ ਕਿਉਂ ਹੋਵੇ? ਇਕ ਆਦਮੀ ਰਾਮ ਨੂੰ ਰਸੂਲ ਆਖਦਾ ਹੈ ਇਕ ਮੁਹੰਮਦ ਨੂੰ, ਏਹ ਦੋਵੇਂ ਬੇਸ਼ੱਕ ਇਕ ਦੂਜੇ ਨੂੰ ਆਪਣੇ ਮਗਰ ਲਾ ਲੈਣ, ਪਰ ਦੋਹਾਂ ਵਿਚ ਵੈਰ ਕਿਉਂ ਵੱਸੇ? ਮੈਂ ਤਾਂ ਜਟਕੀ ਗੱਲ ਜਾਣਦਾ ਹਾਂ ਕਿ ਜਿਸ ਸੀਨੇ ਵਿਚ ਵੈਰ ਹੈ ਓਹ ਸੁਖੀ ਨਹੀਂ, ਤੇ ਓਸ ਦੇ ਅੰਦਰ ਰੱਬ ਨਹੀਂ ਹੈ। ਜਿਸ ਦੇ ਅੰਦਰ ਰੱਬ ਹੈ ਉਹ ਪਿਆਰ ਵਿਚ ਵੱਸਦਾ ਹੈ, ਉਹ ਤੇਜ ਪ੍ਰਤਾਪ ਵਾਲਾ ਹੋ ਕੇ ਬੀ ਪਿਆਰਾ ਹੈ। ਜੇ ਉਹ ਕਿਸੇ ਨੂੰ ਭੁੱਲ ਵਿਚ ਸਮਝਦਾ ਹੈ ਤਾਂ ਪਿਆਰ ਨਾਲ ਸਮਝਾਉਂਦਾ ਹੈ। ਵੈਰ ਨਾਲ ਤਾਂ ਰੱਬ ਦੀ ਮਰਜ਼ੀ ਦੇ ਉਲਟ ਕੰਮ ਹੋ ਗਿਆ, ਕਿਤੇ ਕੁਰਾਨ ਵਿਚ ਹੈ ਲਿਖਿਆ ਕਿ ਵੈਰ ਵਿਰੋਧ ਅੱਲਾ ਨੂੰ ਪਿਆਰਾ ਹੈ? ਮੇਰੀ ਜਾਚੇ ਤਾਂ ਪਿਆਰ ਹੈ ਰੱਬ ਦਾ ਦਿਲ, ਤੇ ਵੈਰ ਹੈ ਉਸ ਦਾ ਦਿਲ ਜਿਸ ਨੂੰ ਸ਼ੈਤਾਨ ਆਖਦੇ ਹਨ।

ਸੈਫਦੀਨ – ਬਾਬਾ! ਤੇਰਾ ਦੀਨ ਕੀ ਹੈ?

ਬਾਬਾ – ਜੇ ਤੂੰ ਮੇਰੇ ਦੀਨ ਦਾ ਨਾਮ ਪੁਛੇਂ ਤਾਂ ਉਹ ਮੇਰੇ ਮੱਥੇ ਦੇ ਉਤੇ ਲਿਖਿਆ ਹੈ, ਜੇ ਵਰਤੋਂ ਪੁੱਛੇਂ ਤਾਂ ਸੁਣ–

ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ।

ਸੱਜਣਾਂ! ਇਹ ਗੱਲਾਂ ਤੇਰੇ ਕੁਰਾਨ ਵਿਚ ਨਿੰਦੀਆਂ ਹਨ?

ਸੈਫਦੀਨ – ਨਹੀਂ।

ਬਾਬਾ – ਫੇਰ ਸੱਚ ਦੱਸ ਤੂੰ ਸਾਡੇ ਭਰਾਵਾਂ ਨੂੰ ਸਾਥੋਂ ਕਿਉਂ ਵਿਛੋੜ ਚਲਿਆ ਹੈਂ। ਮੈਂ ਸੁਣਿਆਂ ਹੈ ਕਿ ਹੁਣ ਇਨ੍ਹਾਂ ਨੇ, ਜੋ ਥੋੜ੍ਹੀ ਜ਼ਿਮੀਂ ਵਾਲੇ ਹਨ, ਸ਼ਾਮਲਾਟ ਵੰਡਣ ਲਈ ਤਹਿਸੀਲੇ ਜਾਣਾ ਹੈ ਤੇ ਥਾਣੇਦਾਰ ਮੁਸਲਮਾਨ ਆਇਆ ਹੈ, ਓਸ ਨੂੰ ਜਾ ਕੇ ਆਖਣਾ ਹੈ ਕਿ ਅਸੀਂ ਥੋੜ੍ਹੇ ਹਾਂ, ਸਾਡੀ ਧਿਰ ਰੱਖੋ। ਦੱਸ ਏਨ੍ਹਾਂ ਗੱਲਾਂ ਦੀ ਕੀ ਲੋੜ ਸੀ? ਅਸੀਂ ਅੱਗੇ ਟੱਬਰ ਵਾਂਗੂੰ ਵੱਸਦੇ ਸਾਂ, ਹੁਣ ਪਏ ਠਾਣਿਆਂ ਵਿਚ ਰੁਲਾਂਗੇ ਤੇ ਮੁਨਸ਼ੀਆਂ ਮੁਸੱਦੀਆਂ ਦੇ ਹੂਰੇ ਖਾਵਾਂਗੇ। ਅਗੇ ਹਿੰਦੂ ਸਿਖ, ਮੁਸਲਮਾਨ ਰਲ ਬੈਠਦੇ ਸਾਂ, ਹਰ ਗੱਲ ਪੰਚਾਇਤ ਵਿਚ ਮੁਕਾ ਲੈਂਦੇ ਸਾਂ, ਹੁਣ ਠਾਣੇ ਦੀ ਧੁਰ ਬੱਝੇਗੀ। ਫੇਰ ਸਿੱਖ ਠਾਣੇਦਾਰ ਆ ਗਿਆ ਤਾਂ ਸਿੱਖ ਤੇ ਹਿੰਦੂ ਤੇਰੇ ਦੀਨ ਭਾਈਆਂ ਦਾ ਮੱਕੂ ਬੰਨ੍ਹਣਗੇ। ਸੈਫਦੀਨਾਂ ਵੀਰਾ! ਹਲ ਅਸੀਂ ਵਾਹਾਂਗੇ, ਮੁੜ੍ਹਕੇ ਸਾਡੇ ਚੋਣਗੇ, ਸਿਆਲੇ ਦੀਆਂ ਕੱਕਰੀਆਂ ਰਾਤਾਂ ਅਸੀਂ ਜੱਫਰ ਜਾਲਾਂਗੇ, ਭੋਂ ਨਾਲ ਭੋਂ ਅਸੀਂ ਬਣਾਂਗੇ, ਪਰ ਸਾਡੀ ਐਸ ਤਰ੍ਹਾਂ ਦੀ ਦੁੱਖਾਂ ਦੀ ਕਮਾਈ ਸੱਤ ਸੱਤ ਰੁਪਏ ਦੇ ਸਿਪਾਹੀਆਂ ਦੇ ਘਰ ਜ਼ਰਦੇ ਪੁਲਾਅ ਰਿਨ੍ਹਾਵੇਗੀ, ਮੁਨਸ਼ੀਆਂ ਮੁਸੱਦੀਆਂ ਦੇ ਘਰ ਦੁੱਧ ਘੇਵਾਂ ਦੀਆਂ ਨਦੀਆਂ ਚਲਾਵੇਗੀ। ਅਸੀਂ ਸੁੱਕੇ ਟੁੱਕਰ ਖਾਵਾਂਗੇ, ਭੋਆਂ ਗਹਿਣੇ ਪੈਣਗੀਆਂ, ਭਰਾ ਦੇ ਹੱਥੋਂ ਹੀਰੇ

ਹਰਨ ਵਰਗੇ ਸੁਹਣੇ ਭਰਾ ਮਾਰੇ ਜਾਇਆ ਕਰਨਗੇ, ਤੇ ਸਾਡੀ ਓਸ ਕਠਨ ਕਮਾਈ ਤੋਂ ਡਿਪਟੀ ਤੇ ਵਕੀਲ ਬਣਨਗੇ ਤੇ ਮੋਟਰਾਂ ਤੇ ਸੈਲਾਂ (ਸੈਰਾਂ) ਲੁੱਟਣਗੇ। ਕੀ ਸੈਫ ਦੀਨਾਂ ਬੀ ਬੀਜ ਚੱਲਿਓਂ? ਯਾਰਾ! ਵਿਦਿਆ ਤਾਂ ਸੁਹਣੀ ਚੀਜ਼ ਹੈ, ਪਰ ਤੁਹਾਨੂੰ ਲੜਨਾ ਹੀ ਕਿਉਂ ਸਿਖਾਲਦੀ ਹੈ? ਸੱਚ ਹੈ, ਕੈਰੋਂ ਪਾਂਡੋ ਪੜ੍ਹੇ ਪਰ ਵੈਰ ਨਾ ਮਾਰਿਓ ਨੇ, ਦੇਸ਼ ਗਾਲ ਘੱਤਿਆ। ਹੱਛਾ ਬਈ ਜਾਹ! ਸਾਡੇ ਭਾਗ! (ਮੁਸਲਮਾਨਾਂ ਵੱਲ ਤੱਕ ਕੇ) ਭਰਾਵੋ! ਸਲਾਮ, ਐਨੇਂ ਚਿਰ ਲੰਘ ਗਏ ਸੀ, ਸਾਰੇ ਸ਼ੀਰ ਸ਼ੱਕਰ ਰਹੇ ਸਾਂ, ਡਿਪਟੀ ਕਮਿਸ਼ਨਰ ਦੌਰੇ ਆਇਆ ਕਹਿ ਜਾਂਦਾ ਹੁੰਦਾ ਸੀ, "ਤੁਮਾਰੇ ਮਾਫਕ ਸਭ ਗਾਉਂ ਭਲਾ ਮਾਨਸ ਚਾਹੀਏ।" ਸਰਕਾਰ ਖੁਸ਼ੀ ਤੇ ਅਸੀਂ ਖੁਸ਼ ਸਾਂ, ਸਭ ਤੋਂ ਵੱਧ ਸਾਡੀ ਸੱਚੀ ਸਰਕਾਰ ਖੁਸ਼ ਸੀ। ਹੁਣ ਸੱਭੇ ਭੇਡਾਂ ਮੁਕਾਲੀਆਂ, ਜੇਹੇ ਹੋਰ ਪਿੰਡ ਤੇਹੇ ਅਸੀਂ ਹੋ ਜਾਵਾਂਗੇ, ਲਓ ਭਰਾਓ ਵਿਛੜਨ ਲੱਗੇ ਹੋ ਤਾਂ ਇਕ ਵੇਰੀ ਜੱਫੀ ਪਾਕੇ ਮਿਲ ਤਾਂ ਲਓ, ਇਹ ਅਰਮਾਨ ਤਾਂ ਨਾਂ ਰਹਿ ਜਾਏ ਕਿ ਸਾਡੇ ਭਰਾ ਵਿਛੜੇ ਤੇ ਗਲ ਲੱਗ ਕੇ ਬੀ ਨਾ ਵਿੱਛੜੇ।

ਉਸ ਪੱਕੇ ਹਿਰਦੇ ਬਾਬੇ ਦੇ ਨੈਣਾਂ ਵਿਚ ਇਸ ਵੇਲੇ ਇਕ ਅੱਥਰੂ ਆ ਗਿਆ ਸੀ, ਤੇ ਮੁਸਲਮਾਨਾਂ ਸਭਨਾਂ ਵਿਚੋਂ ਵੱਡਾ ਜਿਮੀਂਦਾਰ ਰਾਂਝਾ ਟੱਕ ਬੰਨ੍ਹੀ ਖੜ੍ਹਾ ਸੀ, ਭੁੱਬ ਮਾਰ ਕੇ ਰੋ ਪਿਆ ਤੇ ਬਾਬੇ ਦੀ ਗਲਵੱਕੜੀ ਵਿਚ ਆ ਗਿਆ। ਦੋਵੇਂ ਘੁੱਟ ਕੇ ਮਿਲੇ, ਤੇ ਕੁਛ ਐਸਾ ਰੱਬ ਦਾ ਕਰਨਾ ਹੋਇਆ ਕਿ ਸਭ ਦੇ ਨੈਣ ਭਰ ਗਏ ਤੇ ਰਾਂਝੇ ਨੇ ਹਾਹ ਮਾਰ ਕੇ ਕਿਹਾ, "ਬਾਬਾ! ਅਸਾਂ ਨਹੀਓਂ ਲੜਨਾ, ਅਸਾਂ ਨਹੀਓਂ ਵਿਛੁੜਨਾ।" ਇਹ ਸੱਦ ਸੁਣਕੇ ਸਾਰੇ ਇਕ ਦੂਜੇ ਦੇ ਦੁਆਲੇ ਚੰਬੜਦੇ ਚੰਬੜਦੇ ਬਾਬੇ ਨੂੰ ਵਿਚਕਾਰ ਲੈਕੇ ਮਾਨੋਂ ਇਕ ਗੁੱਥਾ ਹੋ ਗਏ। ਇਕ ਸੈਫਦੀਨ ਖੜ੍ਹਾ ਵੱਖਰਾ ਤੱਕ ਰਿਹਾ ਸੀ ਤੇ ਇਕ ਅਨਪੜ੍ਹ ਪਰ ਸੱਚੇ ਸਾਫ ਰੱਬੀ ਜੀਵਨ ਵਾਲੇ ਖੁਰਦਰੇ ਬੰਦੇ ਦੇ ਪਿਆਰ ਦਾ ਜੀਉਂਦਾ ਅਸਰ ਤੱਕ ਰਿਹਾ ਸੀ, ਹਾਂ ਇਸ ਦਾ ਪੱਥਰ ਦਿਲ ਬੀ ਪੰਘਰ ਰਿਹਾ ਸੀ। ਉਹ ਬੀ ਜੋ ਤੀਰਾਹ ਵਿਚ ਜਾ ਕੇ ਜਹਾਦ ਦੇ ਹੋਕਰੇ ਦੇ ਕੇ ਬੰਦਿਆਂ ਦੇ ਖੂਨ ਦੇ ਉਪਦੇਸ਼ ਦੇਣ ਵਿਚ ਸਖਤ ਹੋ ਚੁੱਕਾ ਸੀ, ਇਸ ਵੇਲੇ ਪਿਆਰ ਦਾ ਇਕ ਨਕਸ਼ਾ ਤੱਕ ਕੇ ਪੰਘਰ ਰਿਹਾ ਸੀ। ਕੋਈ ਐਸੀ ਇਹ ਪਲ ਸੀ ਕਿ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਸੈਫਦੀਨ ਦੀਆਂ ਅੱਖਾਂ ਅਗੋਂ ਉਸਦੇ ਕੀਤੇ ਚਾਲਬਾਜ਼ੀ ਦੇ ਕਰਤਬ, ਤਅੱਸਬ ਤੇ ਵੈਰ ਦੇ ਕੰਮ, ਬੰਦਿਆਂ ਨੂੰ ਦਿਤੇ ਦੁੱਖ, ਚੋਪੜੀ ਰੋਟੀ ਖਾਣ ਖਾਤਰ ਪਰਜਾ ਦਾ ਅਮਨ ਭੰਗ ਕਰਨ ਵਾਲੇ ਦਿੱਤੇ ਉਪਦੇਸ਼ ਸਾਰੇ ਲੰਘ ਗਏ। ਆਪਣੇ ਅੰਦਰ ਕਲਹ ਦਾ ਵਾਸ ਡਿੱਠਾ, ਤੇ ਅਵਗੁਣਾਂ ਦੀ ਪੋਟ ਜੋ ਆਪ ਭਰੀ ਸੀ ਦਿੱਸੀ ਤੇ ਚੰਗੀ ਭਾਰੂ ਹੋ ਦਿਸੀ।

ਜਦੋਂ ਬਗਲਗੀਰੀ ਤੋਂ ਸਾਰੇ ਅੱਡ ਹੋਏ ਤਾਂ ਸੈਫਦੀਨ ਨੇ ਬਾਬੇ ਦੇ ਗੋਡਿਆਂ ਤੇ ਹੱਥ ਲਾ ਕੇ ਆਖਿਆ, "'ਬਾਬਾ ਆਉਂਦੀ ਤਾਂ ਸ਼ਰਮ ਹੈ ਪਰ ਤੇਰੇ ਪਿਆਰ ਨੇ ਮੈਨੂੰ ਬੀ ਅੱਜ ਹਿਲਾ ਦਿੱਤਾ ਹੈ। ਤੂੰ ਬੜਾ ਖਰਾ ਆਦਮੀ ਹੈਂ, ਤੇ ਇਹ ਤੇਰੀ ਗੱਲ ਲੱਖ ਰੁਪੈ ਦੀ ਹੈ ਕਿ ਰੱਬ ਦੇ ਕੰਮ ਕਰਨ ਵਾਲਿਆਂ ਵਿਚ ਮੁਹੱਬਤ ਚਾਹੀਦੀ ਹੈ, ਵੈਰ ਭੈੜੀ ਆਦਤ ਹੈ, ਇਹ ਇਲਾਹੀ ਖੂਬੀ ਨਹੀਂ ਹੈ, ਸ਼ੈਤਾਨੀ ਵਸਫ ਹੈ।"

ਬਾਬਾ – ਫੇਰ ਯਾਰਾ! ਨਿੱਤਰ! ਤੂੰ ਬੀ ਪਿਆਰ ਕਰ।

ਸੈਫਦੀਨ – ਮੈਂ ਜਗਤ ਵਿਚ ਹਰ ਥਾਂ ਕਪਟ ਡਿੱਠਾ ਹੈ ਤੇ ਕਿਤੇ ਇਨਸਾਫ ਦਿੱਸਦਾ ਬੀ ਹੈ ਤਾਂ ਉਥੇ ਬੀ ਸਭ ਕੋਈ ਆਪਣੇ ਨਫੇ ਲਈ ਹੱਥ ਪੈਰ ਮਾਰ ਰਿਹਾ ਹੁੰਦਾ ਹੈ। ਕਿਵੇਂ ਕੋਈ ਟੁਰੇ, ਕਿਵੇਂ ਕੋਈ ਕਰੇ, ਸਭ ਦੇ ਹੇਠਾਂ ਆਪਣਾ ਮਤਲਬ ਹੁੰਦਾ ਹੈ। ਪਹਿਲੀ ਅਹਲ ਜੁਆਨੀ ਵਿਚ ਤਾਂ ਖਿਆਲ ਹੁੰਦਾ ਹੈ ਕਿ ਕਿਤੇ ਭਲਿਆਈ, ਨੇਕੀ ਹੋਵੇਗੀ, ਪਰ ਜਿਉਂ ਜਿਉਂ ਵਾਹ ਪੈਂਦੇ ਹਨ, ਜਗਤ ਵਿਚ ਕਪਟ ਹੀ ਕਪਟ ਤੇ ਖੁਦਗਰਜ਼ੀ (ਸੁਆਰਥ) ਹੀ ਖੁਦਗਰਜ਼ੀ ਦੀਹਦੀ ਹੈ। ਫੇਰ ਤਬੀਅਤ ਬਦਲ ਜਾਂਦੀ ਹੈ, ਲੂਣ ਦੀ ਖਾਣ ਵਿਚ ਹਰ ਸ਼ੈ ਜੀਕੂੰ ਲੂਣ ਹੋ ਜਾਂਦੀ ਹੈ, ਤੀਕੂੰ ਆਪ ਹੋ ਜਾਈਦਾ ਹੈ।

ਬਾਬਾ – ਸੱਚ ਹੈ (ਹਾਹੁਕਾ ਲੈਕੇ)

***ਲੋਭ ਲਹਰਿ ਅਤਿ ਨੀਝਰ ਬਾਜੈ॥***
***ਕਾਇਆ ਡੂਬੈ ਕੇਸਵਾ॥*** ***ਪੰਨਾ – 1196***

ਸੈਫਦੀਨਾ! ਜਗਤ ਵਿਚ ਤ੍ਰਿਸ਼ਨਾ ਦਾ ਰਾਜ ਹੈ, ਇਹ ਤ੍ਰਿਸ਼ਨਾ ਸਾਡੇ ਅੰਦਰ ਜੋ ਇਕ ਲਿਵ ਦੀ ਤਾਰ ਹੈ, ਜੋ ਸਾਨੂੰ ਅੱਲਾ ਨਾਲ ਬੰਨ੍ਹ ਰੱਖਦੀ ਹੈ, ਉਸ ਨੂੰ ਤੋੜ ਦੇਂਦੀ ਹੈ। ਬੱਸ ਜਦ ਇਹ ਤਾਰ ਟੁੱਟੀ, ਤ੍ਰਿਸ਼ਨਾ ਵਰਤੀ, ਤਦ ਮਾਇਆ ਕਹੋ, ਹਉਮੈ ਕਹੋ, ਸ਼ੈਤਾਨ ਕਹੋ, ਬਦੀ ਕਹੋ, ਭੁਲੇਖਾ ਕਹੋ, ਦਿਲ ਪਰ ਜ਼ੋਰ ਪਾ ਘੱਤਦਾ ਹੈ; ਮਨੁੱਖ ਦੀ ਬਿਰਤੀ ਪਸ਼ੂ ਸਗੋਂ ਪਸ਼ੂ ਤੋਂ ਬੀ ਮਾੜੀ ਹੋ ਜਾਂਦੀ ਹੈ। ਤ੍ਰਿਸ਼ਨਾਂ ਦੇ ਜ਼ੋਰ ਹੇਠ ਬੰਦਾ ਬੰਦੇ ਦੇ ਹੱਕ ਮਾਰਦਾ ਤੇ ਵੈਰ ਵਿਰੋਧ ਕਰਦਾ ਹੈ। ਮੈਨੂੰ ਕਦੇ ਕਦੇ ਸੋਚ ਫੁਰਦੀ ਹੁੰਦੀ ਹੈ ਕਿ ਜੇ ਹਕੂਮਤ ਫੌਜਾਂ, ਪੁਲਸਾਂ ਤੇ ਜੇਲ੍ਹਖਾਨੇ ਬੰਦ ਕਰ ਦੇਵੇ ਤਦ ਇਸ ਪਸ਼ੂ ਬਿਰਤੀ ਦੇ ਕਾਰਨ ਜਗਤ ਵਿਚ ਬੱਸ ਘਮਸਾਨ ਮਚ ਜਾਵੇ ਤੇ ਪਿਆ ਬੰਦੇ ਨੂੰ ਬੰਦਾ ਵੱਢ ਵੱਢ ਖਾਵੇ। ਤੇ ਜੇ ਬੰਦਿਆਂ ਵਿਚ 'ਨਿਆਂ' ਦੀ ਵਰਤੋਂ ਵੱਸ ਜਾਵੇ, ਧੱਕਾ ਧੋੜਾ ਪਸ਼ੂਆਂ ਵਾਲਾ ਨਾ ਕਰਨ, ਆਪਣਾ ਹੱਕ ਪਛਾਣ ਕੇ ਤੁਰਨ ਤੇ ਦੂਜੇ ਦੇ ਹੱਕ ਦਾ ਆਦਰ ਪਏ ਕਰਨ, ਤਦ ਪੁਲਸ ਤੇ ਜੇਲ੍ਹਖਾਨੇ ਦੀ ਲੋੜ ਹੀ ਨਾ ਰਹੇ। ਤੇ ਜੇ ਕਦੇ ਧਰਮ ਪਛਾਣ ਕੇ ਬੰਦਾ ਸੰਤੋਖ ਤੇ ਦਇਆ ਧਾਰ ਲਵੇ ਤਦ ਤਾਂ ਮਨੁੱਖ ਫਰਿਸ਼ਤਾ ਹੋ ਜਾਵੇ। ਸੈਫ ਦੀਨਾਂ! ਫੇਰ ਤਾਂ ਮਨੁੱਖ ਫਰਿਸ਼ਤਾ ਹੋ ਜਾਵੇ। ਸੈਫ ਦੀਨਾਂ! ਫੇਰ ਤਾਂ ਖਵਰੇ ਸਾਨੂੰ ਜੰਦਰਿਆਂ ਦੀ ਬੀ ਲੋੜ ਨਾ ਰਹੇ।

ਸੈਫਦੀਨ – ਇਹ ਬਿਲਕੁਲ ਠੀਕ ਹੈ, ਸਾਰੇ ਦੀਨਾਂ

ਦੇ ਬਜ਼ੁਰਗ ਏਸੇ ਤਰ੍ਹਾਂ ਮੱਤ ਦੇਂਦੇ ਹਨ। ਪਰ ਫੇਰ ਕੀਹ ਧਾੜ ਪੈਂਦੀ ਹੈ ਕਿ ਪੜ੍ਹ ਸੁਣ ਕੇ ਸਮਝ ਕੇ ਸਾਰੇ ਖੁਦਗਰਜ਼ੀ ਪਰ ਟੁਟਦੇ ਹਨ, ਹੱਕ ਕੋਈ ਨਹੀਂ ਪਛਾਣਦਾ। ਦਇਆ ਕੋਈ ਨਹੀਂ ਕਰਦਾ, ਸੰਤੋਖ ਕਿਸੇ ਨੂੰ ਨਹੀਂ, ਆਪਣੇ ਹੱਕ ਹਲਾਲ ਪਰ ਕੋਈ ਕਾਇਮ ਹੀਂ ਹੈ, ਨਾ ਵਿਹਾਰੀ, ਨਾ ਵਾਹੀ ਵਾਲੇ, ਨਾ ਧਰਮ ਦੇ ਆਗੂ, ਨਾ ਪੜ੍ਹੇ ਲਿਖੇ।

ਬਾਬਾ – ਇਹੋ ਔਖੀ ਘਾਟੀ ਹੈ, ਇਸੇ ਲਈ ਪੀਰ, ਪੈਗੰਬਰ, ਅਵਤਾਰ, ਗੁਰੂ ਆਏ, ਇਹੋ ਉਨ੍ਹਾਂ ਦਾ ਮਤਲਬ ਸੀ ਕਿ ਪਿਆਰ ਵਿਚ ਵੱਸੋ, ਧੱਕੇ ਧੋੜੇ ਨਾ ਕਰੋ, ਹੱਕ ਨਾ ਮਾਰੋ, ਦਇਆ ਕਰੋ। ਮੇਰੇ ਰਸੂਲ ਨੇ ਆਖਿਆ ਹੈ –

***ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥***
***ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥***
***ਪੰਨਾ – 141***

ਪਰਾਇਆ ਹੱਕ ਮੁਰਦਾਰ ਹੈ, ਤੇ ਫੇਰ ਉਹਨਾਂ ਕਿਹਾ ਹੈ ਕਿ ਸੰਸਾਰ ਦਾ ਸੂਤ ਤਾਂ ਬੱਝਦਾ ਹੈ ਕਿ ਸਭ ਕੋਈ ਧਰਮ ਪਰ ਟੁਰੇ ਤੇ ਹੱਕ ਹਲਾਲ ਪਰ ਸੰਤੋਖ ਕਰੇ ਤੇ ਦੂਜਿਆਂ ਪਰ ਦਇਆ ਵਰਤੇ। ਇਸ ਗੱਲ ਨੂੰ ਸਾਰੇ ਖਰੀ ਮੰਨਦੇ ਹਨ, ਤੁਸਾਂ ਬੀ ਮੰਨਿਆ ਹੈ, ਪਰ ਹੁਣ ਦੁਖ ਇਹ ਹੈ ਕਿ ਪੜ੍ਹ ਸੁਣ ਕੇ ਫੇਰ ਨਹੀਂ ਟੁਰੀਦਾ। ਸੋ ਮੈਨੂੰ ਵਰਤ ਵਰਤ ਕੇ ਇਹ ਸੋਝੀ ਆਈ ਹੈ ਕਿ ਅੰਦਰ ਸਾਡੇ ਕਸਰ ਹੈ, ਸਾਡੇ ਅੰਦਰ ਇਕ ਕਿਣਕਾ ਤ੍ਰਿਸ਼ਨਾ ਦਾ ਹੈ, ਓਹ ਸਾਡੀ ਸਾਰੀ ਵਰਤੋਂ ਨੂੰ ਖੋਟ ਵਿਚ ਗੁਆਈ ਰੱਖਦਾ ਹੈ। ਜੇ ਪਰਮੇਸ਼ਰ ਨੂੰ ਯਾਦ ਕਰੀਏ, ਪਿਆਰ ਕਰੀਏ, ਜੇ ਉਸ ਵਿਚ ਸਾਡੀ ਲਿਵ ਲਗ ਜਾਵੇ ਤਾਂ ਉਸ ਅੰਦਰਲੀ ਲਿਵ ਦੇ ਜ਼ੋਰ ਤ੍ਰਿਸ਼ਨਾ ਘਟਦੀ ਹੈ ਤੇ ਬਾਹਰਲੀ ਵਰਤੋਂ ਸੂਤ ਹੋ ਜਾਂਦੀ ਹੈ। ਇਹ ਗੱਲ ਪੰਜਾਬ ਵਿਚ ਉੱਤਰੇ ਸੁਲਹ ਦੇ ਰਸੂਲ ਨੇ ਇਸ ਤਰ੍ਹਾਂ ਆਖੀ ਹੈ –

***ਗੁਰਾ ਇਕ ਦੇਹਿ ਬੁਝਾਈ॥***
***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***
***ਪੰਨਾ – 2***

ਸੈਫਦੀਨ – (ਤ੍ਰੱਪ ਕੇ) ਖੂਬ! ਬਾਬਾ ਇਹ ਲੱਖਾਂ ਦੀ ਇਕ ਗੱਲ ਆਖੀ ਹਈ, ਇਹ ਅੰਦਰ ਸੱਖਣਾ ਹੋਣ ਦੇ ਸਾਰੇ ਭੰਬਲਭੂਸੇ ਹਨ। ਠੀਕ, ਬਹੁਤ ਠੀਕ, ਫੇਰ ਇਹ ਵਰਤੋਂ ਕੀਕੂੰ ਸੂਤ ਹੋਵੇ?

ਬਾਬਾ – "ਰੱਬ ਦੀ ਲਿਵ ਵਾਲੇ ਬੰਦਿਆਂ ਦੀ ਸੁਹਬਤ ਤੇ ਅੱਲਾ ਦੀ ਯਾਦ।" ਇਸ ਨਾਲ ਅੰਦਰ ਸਾਬਤ ਹੋ ਜਾਂਦਾ ਹੈ, ਲਿਵ ਲੱਗ ਜਾਂਦੀ ਹੈ, ਫੇਰ ਬਾਹਰ ਦੀ ਵਰਤੋਂ ਧਰਮ ਤੇ ਦਇਆ ਵਾਲੀ ਹੋ ਜਾਂਦੀ ਹੈ। ਦੋਵੇਂ ਪਾਸੇ ਹੱਥ ਪੈਰ ਮਾਰੀ ਗਏ, ਸੁਖੀ ਹੋ ਗਏ। ਤੁਸਾਂ ਵਿਦਿਆ ਪਾਈ ਸੀ, ਵਿਦਿਆ ਦੱਸਦੀ ਹੈ ਕਿ ਸਭ ਨੇਕੀ ਕਰੋ ਤੇ ਸਭ ਨੇਕੀਆਂ ਦਾ ਅੰਤ ਹੈ ਸੱਚਾ ਗਿਆਨ ਤੇ ਸੁੱਚਾ ਜੀਵਨ।"

ਸੈਫਦੀਨ – ਲਓ ਬਈ ਦੀਨ ਭਾਈਓ! (ਭਰਾਵਾਂ ਵੱਲ ਤੱਕ ਕੇ) ਸੱਚ ਅੱਗੇ ਕਾਹਦੀ ਸ਼ਰਮ, ਮੈਂ ਆਲਮ ਫਾਜ਼ਲ ਹਾਂ, ਨਮਾਜ਼, ਰੋਜ਼ਾ, ਜ਼ਕਾਤ ਹਰ ਗੱਲੇ ਪੂਰਾ ਹਾਂ, ਪਰ ਅੱਲਾ ਮੁਹੱਬਤ ਦਾ ਮਰਕਜ਼ ਹੈ ਤੇ ਅਸੀਂ ਜੋ ਅੱਲਾ ਦੇ ਹਾਂ ਤਾਂ ਸਾਡੇ ਹਰ ਫੇਅਲ (ਕਰਮ), ਵਾਕ, ਖਿਆਲ ਵਿਚ ਮੁਹੱਬਤ ਲੋੜੀਏ, ਇਹ ਮੇਰੇ ਵਿਚ ਕਸਰ ਸੀ। ਤੁਹਾਨੂੰ ਮੈਂ ਸ਼ਰ੍ਹਾ ਸਿਖਾਈ ਤੇ ਉਲਟਾ ਪੁਲਟਾ ਕੇ ਤੇ ਸ਼ਰ੍ਹਾ ਦੀ ਰੂਹ 'ਮੁਹੱਬਤ' ਨਾਂ ਸਿਖਾਈ। ਮੈਨੂੰ ਅੱਜ ਇਸ ਜੀਉਂਦੇ ਸੱਚ ਦੇ ਮਿਕਨਾਤੀਸੀ ਬੰਦੇ ਨਾਲ ਮਿਲ ਕੇ ਜਾਗ ਆ ਗਈ ਹੈ। ਮੈਂ ਜਾਣਦਾ ਹੋਇਆ ਸੁੱਤਾ ਪਿਆ ਸਾਂ, ਹੁਣ ਮੈਨੂੰ ਉਸ ਦੁਨੀਆਂ ਵਿਚ, ਜਿਸ ਵਿਚ ਮੈਂ ਫਿਰਿਆ ਹਾਂ, ਜਾਂਦਿਆਂ ਡਰ ਲਗਦਾ ਹੈ। ਅੱਜ ਮੇਰੇ ਦਿਲ ਵਿਚ ਇਕ ਅਸਮਤ (ਨਿਰਦੋਸ਼ਤਾ) ਜਾਗੀ ਹੈ, ਇਕ ਕਦਰਦਾਨੀ ਉਪਜੀ ਹੈ, ਇਕ ਸੁਖ ਤੇ ਸਾਬਤੀ ਦਾ ਜਲਵਾ ਵੱਜਾ ਹੈ, ਸੋ ਮੇਰਾ ਜੀ ਹੈ ਕਿ ਮੈਨੂੰ ਏਥੇ ਹੀ ਰੱਖ ਲਵੋ ਤੇ ਮੈਂ ਹੁਣ ਤੁਹਾਡੇ 'ਇਸ਼ਕ ਦੀ ਟੇਕ' ਵਾਲੇ ਮਕਤਬ ਵਿਚ ਹੀ ਰਹਿ ਪਵਾਂ। ਕੀ ਮੇਰੇ ਟੁੱਕ ਦਾ ਕੋਈ ਉਪ੍ਰਾਲਾ ਕਰ ਲਓਗੇ ਤੇ ਮੈਨੂੰ ਰੱਖ ਲਓਗੇ?

ਸਾਰੇ – ਜ਼ਰੂਰ, ਜ਼ਰੂਰ।

ਬਾਬਾ – ਨਹੀਂ, ਨਹੀਂ।

ਸੈਫਦੀਨ – ਕਿਉਂ ਜੀ?

ਬਾਬਾ – ਅਸੀਂ ਭਰਾਵਾ! ਰਾਜ਼ਕ ਨਹੀਂ। ਅਸੀਂ ਤੈਨੂੰ ਰਚਿਆ ਨਹੀਂ, ਅਸੀਂ ਤੇਰੇ ਰਾਜ਼ਕ ਨਹੀਂ ਬਣ ਸਕਦੇ। ਰਾਜ਼ਕ ਬਣੀਏਂ? ਝੂਠੀਆਂ ਗੱਲਾਂ। ਅਸੀਂ ਕੋਈ ਬੁਲਾਰੇ ਨਹੀਂ ਕਿ ਬਟੇਰੇ ਫਸਾਉਣੇ ਹਨ। ਅਸਾਂ ਤਾਂ ਗਲਤੀ ਕੱਢਕੇ ਸੱਚ ਤੇ ਖੜੋਣਾ ਹੈ ਤੇ ਸੱਚ ਨੇ ਸਾਨੂੰ ਸੁਖ ਦੇਣਾ ਹੈ। ਸੋ ਵੀਰਾ! ਗਰੀਬ ਰਾਹਕ ਤੇਰੇ ਲਈ ਸੌ ਦੋ ਸੌ ਕਿਥੋਂ ਕੱਢੀਏ? ਤੈਨੂੰ ਤੇਰੇ ਰੱਬ ਨੇ ਰਚਿਆ, ਤੇਰਾ ਰੱਬ ਰਾਜ਼ਕ ਹੈ, ਪੰਜਾਬ ਵਿਚ ਉੱਤਰੇ ਅਵਤਾਰ ਦਾ ਇਹ ਵਾਕ ਹੈ –

***ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥***
***ਸਭ ਘਟ ਭੀਤਰਿ ਹਾਟੁ ਚਲਾਵੈ॥ ਪੰਨਾ – 794***

ਤੂੰ ਓਸ ਜੀਉਂਦੇ ਦਾਤੇ ਵਾਹਿਗੁਰੂ ਦਾ ਹੋ ਜਾ। ਓਹ ਵਾਹਿਗੁਰੂ ਤੇਰਾ ਰਾਜ਼ਕ ਤੈਨੂੰ ਰਿਜ਼ਕ ਦੇਵੇਗਾ। ਜਿਸਦੇ ਲੰਗਰੋਂ ਸਾਨੂੰ ਪ੍ਰਸ਼ਾਦਾ ਮਿਲਦਾ ਹੈ, ਤੈਨੂੰ ਬੀ ਮਿਲੇਗਾ। ਹੋਰ ਵੀਰਾ! ਦਾਤਾ ਕੌਣ, ਤੇ ਮੰਗਤਾ ਕੌਣ? ਇਕੋ ਉਹੋ ਦਾਤਾ ਹੈ। ਸਾਡੇ ਪਾਸ ਤਾਂ ਸਤਿਸੰਗ ਹੈ। ਦਿਲ ਸਾਬਤੀ ਦਾ ਹੀਲਾ ਤਰਲਾ ਹੈ। ਜੀਕੂੰ ਅਸੀਂ ਪਏ ਕਰਦੇ ਹਾਂ ਤੂੰ ਬੀ ਕਰ। ਦਿਲ ਸਾਬਤ ਹੋ ਗਿਆਂ ਖੁਦਾ ਮਿਲਦਾ ਹੈ। ਖੁਦਾ ਵਾਲੇ ਨੂੰ ਟੁੱਕ ਦੀ ਕੀ ਚਿੰਤਾ? ਵੇਖ! ਤੇਰੀ ਵਹੁਟੀ ਤੇਰੀ ਹੋ ਗਈ। ਕੀ ਉਹ ਕਾਰ ਵਿਹਾਰ ਵਿਚ ਤੇਰੇ ਨਾਲ ਮੇਹਨਤ ਮਜੂਰੀ ਕਰਦੀ ਹੈ? ਕੁਛ ਨਹੀਂ, ਉਹ ਤੇਰੀ ਹੋ ਗਈ, ਉਸਦੀ ਰੋਜ਼ੀ ਦਾ

(ਬਾਕੀ ਪੰਨਾ 49 ਤੇ)

# ਸੰਤ ਅਨੰਤਹਿ ਅੰਤਰੁ ਨਾਹੀ
## ਸ੍ਰੀ ੧੦੮ ਸੰਤ ਈਸ਼ਰ ਸਿੰਘ ਜੀ (ਰਾੜਾ ਸਾਹਿਬ)

***ਸੰਤ ਵਰਿਆਮ ਸਿੰਘ ਜੀ***

4 ਅਗਸਤ, 1905 ਵਾਲੇ ਦਿਨ ਪਿੰਡ ਆਲੋਵਾਲ, ਜ਼ਿਲਾ ਪਟਿਆਲਾ ਵਿਖੇ ਵੀਹਵੀਂ ਸਦੀ ਦੀ ਮਹਾਨ ਤਾਰਕ ਆਤਮਾ ਦਾ ਪ੍ਰਕਾਸ਼ ਹੋਇਆ। ਪਿਤਾ ਰਾਮ ਸਿੰਘ ਅਤੇ ਮਾਤਾ ਰਤਨ ਕੌਰ ਜੀ ਉਪਰ ਅਪਾਰ ਕ੍ਰਿਪਾ ਹੋਈ, ਜਿਨ੍ਹਾਂ ਦੇ ਘਰ ਤੱਤ ਬੇਤੇ ਮਹਾਂਪੁਰਸ਼ਾਂ ਦਾ ਆਵਣਾ ਹੋਇਆ। ਆਪ ਦਾ ਨਾਮ ਗੁਲਾਬ ਸਿੰਘ ਰੱਖਿਆ ਗਿਆ। ਬਚਪਨ ਤੋਂ ਹੀ ਆਪ ਦੇ ਕੌਤਕ ਪਰਗਟ ਕਰ ਰਹੇ ਸਨ ਕਿ ਆਪ ਕੋਈ ਮਹਾਨ ਪੁਰਖ ਹੋਣਗੇ। ਚੌਕੜਾ ਮਾਰ ਕੇ, ਰੀੜ ਦੀ ਹੱਡੀ ੯੦ ਡਿਗਰੀ ਤੇ ਰੱਖ ਕੇ ਯੋਗੀਆਂ ਵਾਂਗੂੰ ਬੈਠਣਾ ਹੈਰਾਨ ਕਰ ਦਿੰਦਾ। ਇਕ ਵਾਰੀ ਮਾਤਾ ਪਿਤਾ, ਬਾਲ ਅਵਸਥਾ ਵਿਚ ਹੀ ਏਹਨਾਂ ਨੂੰ ਪਰਮ ਬੀਤਰਾਗ ਬ੍ਰਹਮ ਗਿਆਨੀ ਮਹਾਂਪੁਰਸ਼ ਵਿਦੌਸ਼ੀ ਵਾਲੇ ਸ੍ਰੀ ਬੀਰਮਦਾਸ ਜੀ ਪਾਸ ਲੈ ਗਏ। ਮਹਾਂਪੁਰਸ਼ਾਂ ਨੇ ਗੋਦੀ ਚੁੱਕ ਕੇ ਪਿਆਰ ਦਿੰਦੇ ਬਚਨ ਕੀਤਾ ਕਿ ਰਾਮ ਸਿੰਘ! ਮੈਨੂੰ ਲੋਕ ਸੰਤ ਕਹਿੰਦੇ ਹਨ ਪਰ ਇਹ ਤੇਰਾ ਪੁੱਤਰ ਪੂਰਨ ਬ੍ਰਹਮਗਿਆਨੀ ਕਾਰਕ ਪੁਰਸ਼, ਸੰਸਾਰ ਦਾ ਉਧਾਰ ਕਰਨ ਵਾਲਾ, ਮਹਾਨ ਜੰਗਮ ਤੀਰਥ ਹੋਵੇਗਾ। ਮਾਂ ਬਾਪ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨ ਸੁਣ ਕੇ ਇਕ ਝਟਕਾ ਜੇਹਾ ਲੱਗਿਆ ਅਤੇ ਕੁਝ ਸੋਚ ਭੀ ਫੁਰੀ ਕਿ ਅਸਾਡਾ ਬੱਚਾ ਸਾਧੂ ਬਣੇਗਾ।

ਬੀਰਮਦਾਸ ਜੀ ਨੇ ਕਿਹਾ, "ਰਾਮ ਸਿੰਘ! ਫਿਕਰ ਹੋ ਗਿਆ ਇਸਦੇ ਸਾਧੂ ਬਨਣ ਦਾ? ਸੁਣ! ਇਹ ਤੇਰੀਆਂ, ਆਪਣੀ ਮਾਤਾ ਦੀਆਂ ਤੇ ਹੋਰ ਕੁਲਾਂ ਦਾ ਤਾਰਕ ਹੈ, ਸੰਸਾਰ ਤਰੇਗਾ। ਇਹਨੂੰ ਪੁੱਤਰ ਨ ਸਮਝ, ਸੇਵਾ ਕਰ ਲੈ, ਤੇਰੇ ਲੇਖੇ ਇਹੋ ਕੁਝ ਹੈ।"

ਪਹਿਲੀ ਵਿਦਿਆ ਆਪ ▲ਨੇ ਪਿੰਡਾਂ ਦੇ ਸਕੂਲਾਂ ਤੋਂ ਪ੍ਰਾਪਤ ਕੀਤੀ। ਛੇਵੀਂ ਜਮਾਤ ਤੋਂ ਆਪ ਪਟਿਆਲਾ ਵਿਚ ਮਾਡਲ ਸਕੂਲ ਵਿਚ ਦਾਖਲ ਹੋ ਗਏ। ਇਥੇ ਵੱਡੇ ਸਰਦਾਰਾਂ ਦੇ ਬੱਚੇ ਪੜ੍ਹਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਮੈਨੂੰ ਇਕ ਵਾਰੀ ਦੱਸਿਆ ਕਿ ਇਥੇ ਇਕ ਵਾਰੀ ਸਿੰਧੀ ਮਹਾਤਮਾ ਟੀ. ਐਲ. ਵਿਸਵਾਨੀ ਜੀ ਆਏ। ਉਨ੍ਹਾਂ ਕਲਾਸ ਵਿਚ ਕਿਹਾ ਕਿ ਜਪੁਜੀ ਸਾਹਿਬ ਜ਼ਰੂਰ ਯਾਦ ਹੋਣਾ ਚਾਹੀਦਾ ਹੈ। ਅਸੀਂ ਦੋ ਦਿਨਾਂ ਵਿਚ ਹੀ ਯਾਦ ਕਰ ਲਿਆ। ਪੜ੍ਹਾਈ ਵਿਚ ਆਪ ਫਸਟ ਆਇਆ ਕਰਦੇ ਸਨ। ਲਿਖਤ ਆਪ ਦੀ ਛਾਪੇ ਵਰਗੀ ਸੀ। ਸਾਧੂਆਂ ਦੀ ਸੰਗਤ ਆਪ ਜੀ ਵਿਦਿਆਰਥੀ ਜੀਵਨ ਤੋਂ ਹੀ ਕਰਦੇ ਸਨ। ਆਪ ਜੀ ਵੇਹਲ ਕੱਢ ਕੇ ਤੋਪਖਾਨੇ ਕੀਰਤਨ ਦੀਆਂ ਹਾਜ਼ਰੀਆਂ ਭਰਦੇ। ਤੋਪਖਾਨੇ ਦੇ ਫੌਜੀ ਸਿੰਘ ਕਰਨੀ ਕਮਾਈ ਵਾਲੇ ਸਨ। ਭਿੰਨੀ ਰੈਣ ਜਾਗਣਾ, ਨਾਮ ਸਿਮਰਨ ਕਰਨਾ ਉਹਨਾਂ ਦਾ ਨਿਤ ਕਰਮ ਸੀ। ਸਤੋ ਗੁਣੀ ਭੋਜਨ ਫੌਜੀ ਲੰਗਰ ਵਿਚ ਬਣਦਾ, ਏਥੋਂ ਤਕ ਕਿ ਲਸਣ ਭੀ ਨਹੀਂ ਵਰਤਦੇ ਸਨ। ਤੋਪਖਾਨੇ ਵਿਚੋਂ ਨੌਕਰੀ ਛੱਡ ਕੇ ਬਹੁਤ ਪ੍ਰੇਮੀ ਮਹਾਤਮਾ ਦੇ ਪ੍ਰੇਮੀ ਬਣ ਗਏ ਸਨ। ਇਹਨਾਂ ਵਿਚੋਂ ਬਹੁਤੇ ਰੇਰੂ ਸਾਹਿਬ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਪਾਸ ਪੁੱਜ ਕੇ ਨਾਮ ਕਮਾਈ ਕਰਦੇ ਸਨ।

ਆਪ ਜੀ ਉਪਰ ਇਹਨਾਂ ਜਗਿਆਸੂਆਂ ਦਾ ਬਹੁਤ ਅਸਰ ਸੀ। ਪੜ੍ਹਾਈ ਦੇ ਨਾਲ ਹੀ ਆਪ ਜੀ ਸੰਤਾਂ ਦੀ ਸੰਗਤ ਕਰਨ ਦੀ ਪੂਰੀ ਸ਼ਰਧਾ ਭਰੀ ਲਗਨ ਰੱਖਦੇ ਸਨ। ਆਪ ਜੀ ਪਟਿਆਲੇ ਦੇ ਚੌਗਿਰਦੇ, ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ ਜਿਨ੍ਹਾਂ ਵਿਚੋਂ ਉਦਾਸੀ ਮਹਾਤਮਾ ਹਰਨਾਮ ਦਾਸ, ਰਾਮਦਾਸ ਜੀ, ਤ੍ਰਿਪੜੀ ਦੇ ਸੰਤ ਸੰਤੋਖ ਦਾਸ ਜੀ, ਸੁਧਾਸਰ ਸਰੋਵਰ ਪਰ ਸੰਤ ਸੋਹਨਦਾਸ, ਅਤੇ ਪਟਿਆਲੇ ਵਾਲੇ ਬਾਬਾ ਧਿਆਨਾ ਜੀ ਦਾ ਪੂਰਾ ਸਤਿਕਾਰ ਕਰਦੇ ਸਨ।

ਸੱਤਵੀਂ ਜਮਾਤ ਤੋਂ ਹੀ ਆਪ ਜੀ ਅੰਮ੍ਰਿਤ ਵੇਲੇ ਦੋ ਵਜੇ ਉਠਕੇ ਸੁਧਾਸਰ ਜਾਣਾ, ਸਰੋਵਰ ਵਿਚ ਇਸ਼ਨਾਨ ਕਰਕੇ, ਕੰਢੇ ਮਹਾਨ ਯੋਗੀਆਂ ਵਾਂਗੂੰ ਪੰਜ ਘੰਟੇ ਅਫੁਰ ਸਮਾਧ ਵਿਚ ਲੀਨ ਹੋਣਾ। ਉਪ੍ਰੰਤ ਆਪਣੇ ਨਿਵਾਸ ਅਸਥਾਨ, ਸ. ਦਲੀਪ ਸਿੰਘ ਜੀ ਗਾਰਡੀਅਨ ਦੀ, ਜੋ ਆਪ ਜੀ ਦੇ ਭੂਆ ਦੇ ਪੁੱਤਰ ਸਨ, ਉਨ੍ਹਾਂ ਪਾਸ ਪੁੱਜਣਾ ਤੇ ਸਕੂਲ ਦੀ ਤਿਆਰੀ ਕਰਨੀ।

ਇਕ ਵਾਰੀ ਮਹਾਂਪੁਰਸ਼ਾਂ ਨੇ ਦੱਸਿਆ ਕਿ ਅਸਾਨੂੰ ਐਉਂ ਪ੍ਰਤੀਤ ਹੋਇਆ ਕਰਦਾ ਸੀ ਕਿ ਅਸੀਂ ਪ੍ਰਕਾਸ਼ ਮੰਡਲ ਵਿਚ ਪ੍ਰਕਾਸ਼ ਪੀਂਘ ਤੇ ਹੁਲਾਰੇ ਲੈ ਰਹੇ ਹਾਂ ਅਤੇ ਇਕ ਫੁੱਲ ਤੇ ਸਮਾਧਿਤ ਬੈਠੇ, ਪਾਣੀ ਤੇ ਅਚਲ ਬੈਠੇ ਹੁੰਦੇ ਹਾਂ। ਅਜੇ ਤੀਕਰ ਨਾਮ ਦਾਤ ਪ੍ਰਾਪਤ ਨ ਹੋਣ ਕਰਕੇ ਆਪ ਨਿਤਨੇਮ ਵਿਚ ਹੋਰ ਬਾਣੀਆਂ ਤੋਂ ਇਲਾਵਾ ੨੫ ਪਾਠ ਜਪੁਜੀ ਸਾਹਿਬ ਅਤੇ ੫ ਪਾਠ ਸੁਖਮਨੀ ਸਾਹਿਬ ਦੇ ਅਬੋਲ ਹੀ ਸੁਰਤ ਰਾਹੀਂ ਕਰਿਆ ਕਰਦੇ ਸਨ। ਆਪਨੇ ਦੱਸਿਆ ਕਿ ਪਾਠ ਅੰਦਰ ਸ਼ੁਰੂ ਹੋ ਜਾਣਾ, ਅਸੀਂ ਤਾਂ ਸਰੋਤੇ ਬਣਕੇ ਹੀ ਸੁਣਿਆ ਕਰਦੇ ਸਾਂ। ਸੰਸਾਰੀ ਫੁਰਨਾ ਕੋਈ ਉਠਦਾ ਹੀ ਨਹੀਂ ਸੀ। ਇਕ ਵਾਰੀ ਆਪ ਦੇ ਭਰਾ ਨੇ ਦਰਵਾਜ਼ੇ ਨੂੰ ਤਾਲਾ ਲਾ ਦਿਤਾ ਕਿ ਆਪ ਬਾਹਰ ਨ ਜਾਣ। ਜਦੋਂ ੦੨੩੦ ਤੇ ਉਹ ਮੋਤੀ ਮਹਿਲ ਤੋਂ ਆਏ ਤਾਂ ਕੀ ਦੇਖਦੇ ਹਨ ਕਿ ਆਪ ਜੀ ਪਉੜੀਆਂ ਵਿਚ ਸਮਾਧੀ ਲਾਈ ਅਡੋਲ ਬੈਠੇ ਹਨ। ਉਸ ਦਿਨ ਤੋਂ ਉਹਨਾਂ ਨੇ ਭੀ ਨਾਮ ਜਪਣ ਦੀ ਖੁਲ੍ਹੀ ਛੁੱਟੀ ਦੇ ਦਿਤੀ। ਇਹ ਸੀ ਮਹਾਨ ਘਾਲਣਾ ਇਹਨਾਂ ਮਹਾਂਪੁਰਖਾਂ ਦੀ, ਜਿਸਦੀ ਬੁਨਿਆਦ ਉਤੇ ਮਹਾਨ ਹਸਤੀ ਦੀ ਜੀਵਨ ਉਸਾਰੀ ਹੋਣੀ ਸੀ। ਇਹ ਕੇਵਲ ਗੱਲਾਂ ਵਾਲੇ ਗਿਆਨੀ ਨਹੀਂ ਸਨ, ਕਰਨੀ ਵਾਲੇ ਧੁਰੋਂ ਆਏ ਮਹਾਂਪੁਰਸ਼ ਸਨ।

***ਜੌਹਰੀ ਪਾਉਂਦੇ ਕੀਮਤਾਂ, ਦੁਖ ਮਿਟਾਵੇ ਪੀਰ।***

ਅਗਸਤ 1923 ਵਿਚ ਆਪ ਜੀ ਦਾ ਮਿਲਾਪ, ਤੱਤ ਬੇਤੇ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਨਾਲ ਹੋਇਆ। ਉਹਨਾਂ ਦੀ ਅਤਰ

ਸੁਗੰਧੀ ਸੰਸਾਰ ਵਿਚ ਫੈਲ ਰਹੀ ਸੀ। ਐਉਂ ਲੱਗਿਆ ਕਿ ਅਤਰ ਲਈ ਗੁਲਾਬ ਆਪ ਹੀ ਆ ਗਿਆ। ਇਕੋ ਨਜ਼ਰ ਵਿਚ ਆਪਨੂੰ ਪਛਾਣਿਆ ਗਿਆ। ਅੰਮ੍ਰਿਤ ਛਕਾ ਕੇ ਨਾਮ ਦੀ ਦਾਤ, ਨਾਮ ਦੀ ਸੁਖੈਨ ਜੁਗਤ, ਚਿਤ ਨੂੰ ਇਕਾਗਰ ਕਰਨ ਦੇ ਭੇਦ, ਸ਼ਬਦ ਸੁਰਤ ਦੇ ਨਾਮ ਮਾਰਗ ਦੀ ਸੋਝੀ ਬਖਸ਼ ਦਿਤੀ। ਇਮਤਿਹਾਨ ਦੇਣ ਲਈ ਵਾਪਸ ਭੇਜ ਦਿਤੇ, ਪਰ ਹੁਣ ਨਾਮ ਦੇ ਰਸ, ਨਾਮ-ਨਾਮੀ ਦੇ ਪਿਆਰ ਦਾ ਵੇਗ ਸੁਰਤੀ ਉਪਰ ਐਨਾ ਪ੍ਰਬਲ ਛਾ ਗਿਆ ਕਿ ਹਰ ਵਕਤ ਸੁਰਤਿ ਅੰਤਰ ਮੁਖ ਹੋ ਕੇ ਅਕਹਿ ਚਰਨ ਕਮਲੀ ਮੌਜ ਵਿਚ ਲੀਨ ਹੋ ਗਈ। ਇਮਤਿਹਾਨ ਕਿਵੇਂ ਦਿਤਾ, ਕੀਹਨੇ ਦਿਤਾ, ਇਹ ਗੱਲਾਂ ਜਾਨਣ ਦੀ ਲੋੜ ਨਹੀਂ। ਆਪ ਦੀ ਅਵਸਥਾ ਕੁਝ ਅਜੇਹੀ ਸੀ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ।।***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ।।***

***ਪੰਨਾ - 1374***

ਆਲਸ, ਨੀਂਦ, ਭੁੱਖ, ਤੇਹ, ਦਿਲ ਪਰਚਾਵੇ ਦੀਆਂ ਗੱਲਾਂ ਸੁਪਨਾ ਬਣ ਗਈਆਂ। ਨੇਤਰਾਂ ਵਿਚ ਅਰੋਕ ਅਥਰੂ ਵਗਣੇ, ਅੰਦਰਲੇ ਦਾ ਪ੍ਰਤੀਕ ਪਰਗਟ ਹੋ ਰਹੇ ਸਨ।

***ਸਾਂਈ ਵਾਲੇ ਸੁਖ ਨ ਸੌਂਦੇ ਅਤੇ ਰਜ ਨ ਖਾਂਦੇ ਰੋਟੀ।***
***ਔਰਤ ਦੇਖ ਓਹ ਨਾਹਿ ਲੁਭਾਵਨਿ, ਚਾੜ੍ਹੀ ਅਸਲ ਲੰਗੋਟੀ।***
***ਮਨ ਤੇ ਸਭ ਮਨਵਾਵਣ ਅਪਣੀ, ਸਚ ਦੀ ਮਾਰ ਕਸੌਟੀ।***
***ਚੂਹੜ ਸਾਂਈ ਵਾਲਾ ਕੋਈ, ਹੋਰ ਸਗਲੀ ਖਲਕਤ ਖੋਟੀ।***

***ਪੰਨਾ - 71 (ਰੂਹਾਨੀ ਸੰਦੇਸ਼)***

ਆਪ ਪਿਆਰ ਵਿਚ ਪੂਰੀ ਤਰ੍ਹਾਂ ਵਿਕ ਗਏ। ਗੁਲਾਬ ਤੋਂ ਈਸ਼ਰ ਬਨਣ ਲਗੇ। ਆਪਾ ਚਰਨਾਂ ਵਿਚ ਭੇਟ ਕਰ ਦਿਤਾ। ਆਪਣੇ ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਲੀਨ ਹੋ ਕੇ ਉਹਨਾਂ ਦੀ ਰਜ਼ਾ ਵਿਚ ਆਪਣੀ ਹਸਤੀ ਰਲਾ ਦਿਤੀ। ਮੁਰਦੇ ਵਾਂਗੂੰ ਅਚਾਹ, ਅਫੁਰ ਹੋ ਕੇ ਹੁਕਮੀ ਘਾਲ ਘਾਲਦੇ ਰਹੇ। ਪਿਆਰ ਵਿਚ ਆਪਾ ਵੇਚ ਕੇ ਗੁਲਾਮ ਬਣ ਗਏ। ਖਾਣਾ, ਸੌਣਾ, ਭੁੱਖ ਤੋਂ ਬੇਪ੍ਰਵਾਹ ਕਾਰੇ ਜੁਟੇ ਰਹਿੰਦੇ। ਜਿਨ੍ਹਾਂ ਨੇ ਇਹ ਕਰੜੀ ਘਾਲ ਅਖੀਂ ਵੇਖੀ, ਉਹ ਵੇਖ-ਵੇਖ ਕੇ ਆਪਣੇ ਸੀਸ ਸ਼ਰਧਾ ਵਿਚ ਨਿਵਾਉਂਦੇ ਸਨ। ਇਕ ਵਾਰੀ ਇਕ ਪ੍ਰੇਮੀ ਅੰਮ੍ਰਿਤ ਵੇਲੇ ਹੀ ਸੰਤ ਅਤਰ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ। ਕੀ ਦੇਖਦਾ ਹੈ ਕਿ ਇਹਨਾਂ ਦੇ ਗੜਵਈ, ਦਰਵਾਜ਼ੇ ਤੇ ਅਫੁਰ ਸਮਾਧੀ ਵਿਚ ਸੰਸਾਰ ਭੁੱਲੀਂ ਅਡੋਲ ਬੈਠੇ ਹਨ ਪਰ ਮੱਥੇ ਉਪਰ ਮਿਟੀ ਦਾ ਨਿਸ਼ਾਨ ਹੈ ਜੋ ਇਸ ਗਲ ਦਾ ਪ੍ਰਤੀਕ ਹੈ ਕਿ ਨੀਂਦ ਦਾ ਮੁਕਾਬਲਾ ਕਰਦਿਆਂ ਆਪ ਜੀ ਦਾ ਮਸਤਕ ਧਰਤੀ ਨਾਲ ਛੋਹਿਆ ਗਿਆ ਹੋਣਾ ਹੈ।

ਹਰ ਵਕਤ ਵੈਰਾਗ ਦੇ ਪ੍ਰਬਲ ਵੇਗ ਦੀ ਰੋੜ ਵਿਚ ਰੁੜ੍ਹੇ ਰਹਿੰਦੇ। 1924 ਅਪ੍ਰੈਲ ਤੋਂ ਇਕ ਰਸ ਸੇਵਾ, ਸਿਮਰਨ, ਹਰੀ ਕੀਰਤਨ ਵਿਚ ਲੀਨ ਰਹਿੰਦੇ। ਵੱਡੇ ਮਹਾਂਪੁਰਸ਼ਾਂ ਨਾਲ ਹੀ ਸੈਦੂ ਸਾਹਿਬ ਦੀ ਯਾਤਰਾ ਲਈ ਗਏ। ਆਪ ਮੈਨੂੰ ਕਈ ਵਾਰੀ ਦਸਿਆ ਕਰਦੇ ਕਿ ਲੁੰਡੇ ਦਰਿਆ ਵਿਚ ਇਸ਼ਨਾਨ ਕਰਕੇ ਐਨਾ ਜ਼ੋਰ ਠੰਡ ਦਾ ਪੈਣਾ ਕਿ ਕਮੀਜ਼ ਦੇ ਬਟਨ ਭੀ ਨਾ ਲਾ ਸਕਣੇ। ਕਿਨਾਰੇ ਤੇ ਹੀ ਆਸਣ ਲਾ ਲੈਣਾ, ਦਿਨ ਦੇ ਦਸ ਵੱਜ ਜਾਣੇ, ਧੁੱਪ ਚੜ੍ਹ ਆਉਣੀ, ਸਰੀਰ ਵਿਚ ਨਿੱਘ ਵਰਤਣੀ, ਫਿਰ ਸੁੰਨ ਦੂਰ ਹੋਣ ਤੇ ਸਾਵਧਾਨ ਹੋਣਾ। ਵੱਡੇ ਸੰਤਾਂ ਨੇ ਇਸ ਅਕਥ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਕਫਣੀ ਪਹਿਨਾ ਕੇ ਬਚਨ ਕੀਤਾ, ਹੁਣ ਸੰਸਾਰ ਵਲੋਂ ਮੁਰਦਾ ਹੋ ਕੇ ਗੁਰੂ ਸੇਵਾ ਵਿਚ ਜਿਉਣਾ। ਦੁਨੀਆਂ ਦੀ ਉਸਤਤਿ-ਨਿੰਦਿਆ, ਮਾਣ-ਅਪਮਾਨ, ਆਦਰ-ਅਨਾਦਰ ਤੋਂ ਅਛੋਹ ਰਹਿ ਕੇ ਆਤਮ-ਪ੍ਰਮਾਤਮ ਦੀ ਅੰਦਰੋਂ ਹੀ ਖੋਜ ਕਰਨੀ ਹੈ। ਜੀਰਾਂਦ ਵਿਚ ਵਰਤਣਾ ਹੈ -

ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ)

***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।।***

***ਪੰਨਾ - 1381***

***ਖੋਦ ਖਾਦ ਧਰਤੀ ਸਹੇ, ਕਾਟ ਕੂਟ ਬਨਰਾਇ।।***
***ਬੋਲ ਕਬੋਲ ਸਾਧੂ ਸਹੈ, ਅਵਰ ਪੈ ਸਹਿਆ ਨ ਜਾਇ।।***

ਸਬਰ ਸ਼ੁਕਰ ਨੂੰ ਸਾਥੀ ਬਣਾਉਣਾ ਹੈ। ਲੋਹਾ ਕੰਚਨ ਨੂੰ ਇਕ ਸਮਾਨ ਜਾਣ ਕੇ ਸਮਾਨ ਬਿਰਤੀ ਧਾਰਨ ਕਰਨੀ ਹੈ।

21 ਜਨਵਰੀ 1927 ਨੂੰ ਵੱਡੇ ਮਹਾਂਪੁਰਸ਼ ਸੰਤ ਅਤਰ ਸਿੰਘ ਜੀ ਸਚਖੰਡ ਲੀਨ ਹੋ ਗਏ। ਵਿਛੋੜਾ ਅਸਹਿ ਸੀ। ਆਪ ਜੀ ਦਿਨ ਰਾਤ ਬੈਰਾਗ ਦਾ ਹੀ ਰੂਪ ਬਣੇ ਰਹਿੰਦੇ-

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ।।***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ।।***

***ਪੰਨਾ - 1368***

ਹਰ ਸਮੇਂ ਆਪ ਜੀ ਲਿਵ ਮੰਡਲ ਵਿਚ ਹੀ ਪ੍ਰਵੇਸ਼ ਰਖਦੇ।

ਅਗਲੇ ਸਾਲ ਆਪ ਜੀ ਨੂੰ ਰਾੜੇ ਸਾਹਿਬ ਵਾਲੀ ਢੱਕੀ ਦੇ ਮਹਾਨ ਪੁੰਨ ਕਰਮਾਂ ਨੇ ਖਿਚ ਪਾਈ। ਜੀਵਾਂ ਦੀ ਪ੍ਰਬਲ ਪੁੰਨ ਪ੍ਰਾਲਬਧ ਨੂੰ ਅਨੁਭਵ ਕੀਤਾ ਅਤੇ ਇਸ ਪੁੰਨ ਭੂਮੀ ਨੂੰ ਆਪ ਜੀ ਨੇ ਤਪੋ ਭੂਮੀ ਅਤੇ ਕਰਮ ਭੂਮੀ ਵਜੋਂ ਚੁਣਿਆ। ਸੰਸਾਰ ਨੂੰ ਸੋਝੀ ਪਾਉਣ ਲਈ ਆਪ ਜੀ ਨੇ ਗੁਰਮਤਿ ਮਾਰਗ ਅਨੁਸਾਰ ਘਾਲ ਕਮਾਈ ਆਰੰਭ ਦਿਤੀ। ਗੁਰੂ ਕਾ ਲੰਗਰ 24 ਘੰਟੇ ਚਲਣ ਲਗਿਆ। ਜਗਿਆਸੂ, ਭੌਰਿਆਂ ਵਾਂਗੂੰ ਨਾਮ ਰਸ ਦੀ ਭਿੰਨੀ ਸੁਗੰਧੀ ਲੈਣ ਲਈ ਪਿਛਲੇ ਪੁੰਨਾਂ ਦੇ ਪ੍ਰੇਰੇ ਪੁਜ ਗਏ।

***ਰੇਤ ਅਕੁ ਅਹਾਰ ਕਰਿ ਰੋੜਾਂ ਦੀ ਗੁਰ ਕਰੀ ਵਿਛਾਈ***
***ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ॥***
***ਭਾਈ ਗੁਰਦਾਸ ਜੀ, ਵਾਰ – 1/24***

ਆਪ ਜੀ ਦੇ ਸਾਹਮਣੇ ਉਪਰਲਾ ਲਕਸ਼ ਸੀ। ਬਹੁਤ ਸਾਰੇ ਪ੍ਰੇਮੀ ਬਾਣੀ ਦੇ ਪਾਠ, ਸੁਰਤਿ ਇਕਾਗਰ ਕਰਕੇ ਕਰਨ ਲਗੇ। 25 ਸੁਖਮਨੀ ਸਾਹਿਬ ਦੇ ਪਾਠ ਸੁਰਤ ਨਾਲ, 108-108 ਜਪੁਜੀ ਸਾਹਿਬ ਦੇ ਪਾਠ, ਗੁਰੂ ਗਰੰਥ ਸਾਹਿਬ ਦੇ ਬਾਰਾਂ-ਬਾਰਾਂ ਘੰਟੇ ਪਾਠ, ਕੋਈ ਗੁਰਮੰਤ੍ਰ ਦਾ ਅਖੰਡ ਜਾਪ, ਕੋਈ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ॥', ਕੋਈ 'ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥,' ਕੋਈ ਆਤਮ ਚਿੰਤਨ, ਕੋਈ ਬ੍ਰਹਮ ਬੀਚਾਰੁ ਆਦਿ ਪ੍ਰੇਮ ਕਰਮਾਂ ਵਿਚ ਲੀਨ ਹੋ ਗਏ। ਅਲਪ ਅਹਾਰ, ਸੁਲਪ ਸੀ ਨਿੰਦ੍ਰਾ ਦੇ ਧਾਰਨੀ ਹੋ ਗਏ। ਦਿਨ ਵਿਚ ਇਕ ਵਾਰੀ ਖਿਚੜੀ ਤੇ ਇਕ ਵਾਰੀ ਸਰਦਾਈ, ਲੱਸੀ ਜਾਂ ਦੁੱਧ ਦਾ ਗਲਾਸ ਮਿਲਦਾ। ਕੋਈ ਕਿਸੇ ਨਾਲ ਬੋਲਦਾ ਨਹੀਂ ਸੀ। ਸੰਤ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਰੇਤਲੇ ਟਿੱਬਿਆਂ ਵਿਚ ਬੈਠ ਜਾਣਾ। ਦੁਪਹਿਰੇ ਰੇਤ ਤਪ ਜਾਣੀ, ਲੂ ਚਲਦੀ ਰਹਿਣੀ, ਰੇਤ ਅਗਨ ਰੂਪ ਹੋ ਜਾਣੀ ਪਰ ਆਪ ਜੀ ਦੀ ਅਖੰਡ ਸਮਾਧਿ ਕਈ-ਕਈ ਦਿਨ ਖੰਡਿਤ ਨ ਹੋਣੀ। ਜੇ ਆਪ ਦਰਵਾਜ਼ਾ ਬੰਦ ਕਰਕੇ ਬੈਠ ਗਏ ਤਾਂ ਸੱਤ-ਸੱਤ ਦਿਨ ਦਰਵਾਜ਼ਾ ਨ ਖੁਲ੍ਹਣਾ। ਭਾਦਰੋਂ ਦੇ ਸਖਤ ਹੁੰਮੜਾਂ ਤੋਂ ਅਚੇਤ ਹੋ ਕੇ ਸੁਰਤ ਵਾਹਿਗੁਰੂ ਜੀ ਦੇ ਪ੍ਰੇਮ ਪ੍ਰੀਤੀ ਅਤਿ ਗਹਿਰੀ ਲੀਨਤਾ ਵਿਚ ਲਿਵਤਾਰ ਰਹਿਣੀ।

ਸਰਦੀਆਂ ਵਿਚ ਨਹਿਰ ਦੇ ਠੰਡੇ ਪਾਣੀ ਵਿਚ ਇਸ਼ਨਾਨ ਕਰ ਕੰਢੇ ਤੇ ਹੀ ਸੱਜ ਜਾਣਾ। ਇਕੋ ਖੱਦਰ ਦੀ ਚਾਦਰ ਤੇ ਇਕ ਖੱਦਰ ਦਾ ਚੋਲਾ ਹੀ ਹੁੰਦਾ ਸੀ। ਕਈ ਵਾਰੀ ਕੱਕਰ ਉਪਰ ਜੰਮ ਜਾਣਾ, ਦਿਨ ਚੜ੍ਹੇ ਸਮਾਧੀ ਤੋਂ ਉਥਾਨ ਹੋਣਾ, ਏਹੋ ਕ੍ਰਿਆ ਉਸ ਸਮੇਂ ਦੇ ਨਾਲ ਬੈਠਦੇ ਸਾਥੀਆਂ ਦੀ ਸੀ।

***ਇਹ ਬਿਧਿ ਕਰਤ ਤਪਸਿਆ ਭਯੋ॥***
***ਦ੍ਵੈ ਤੇ ਏਕ ਰੂਪ ਹੋ ਗਯੋ॥***

ਅਲਪ ਆਹਾਰ, ਸੁਲਪ ਸੀ ਨਿੰਦ੍ਰਾ ਕਾਰਨ ਸਰੀਰ ਤਾਂ ਪਿੰਜਰ ਹੀ ਬਣ ਗਿਆ ਪਰ ਚੇਹਰੇ ਦੀ ਆਭਾ ਰੋਸ਼ਨੀ ਦੀ ਭਾਅ ਕਾਰਨ ਰਾਤ ਦੇ ਅਨ੍ਹੇਰੇ ਵਿਚ ਵੀ ਨੂਰੀ ਕਿਰਣਾਂ ਝਰਦੀਆਂ ਰਹਿਣੀਆਂ। ਤਪ-ਤੇਜ਼ ਰਾਹੀਂ ਜਲਾਲ ਐਨਾ ਵਧ ਗਿਆ ਕਿ ਆਪਦੇ ਨੇਤ੍ਰਾਂ ਵਲ ਵੇਖ ਹੀ ਨਹੀਂ ਸੀ ਹੁੰਦਾ। ਮਿਕਨਾਤੀਸੀ ਪ੍ਰਭਾਵ, ਨੇਤਰਾਂ ਵਿਚ ਐਨਾ ਪ੍ਰਬਲ ਹੋ ਗਿਆ ਕਿ ਜੇ ਇਕ ਵਾਰੀ ਝਾਕ ਲੈਂਦੇ ਤਾਂ ਅੰਦਰ ਝਰਨਾਟਿਆ ਜਾਣਾ ਅਤੇ ਆਪੇ ਹੀ ਵਾਹਿਗੁਰੂ ਵਾਹਿਗੁਰੂ ਹੋਣ ਲਗ ਜਾਣਾ ਅਤੇ ਕਈ ਕਈ ਦਿਨ ਨ ਬੰਦ ਹੋਣਾ।

ਕੋਈ ਅੰਦਰੂਨੀ ਅਵਸਥਾ ਬਾਰੇ ਕੁਝ ਭੀ ਕਹਿ ਨਹੀਂ ਸਕਦਾ ਕਿਉਂਕਿ ਮਹਾਂਪੁਰਖ ਆਪਣੀਆਂ ਅਵਸਥਾਵਾਂ ਦੇ ਇਸ਼ਤਿਹਾਰ ਨਹੀਂ ਕੱਢਦੇ –

***ਹੋਨਿ ਨਜ਼ੀਕਿ ਖੁਦਾਇ ਦੇ ਭੇਤੁ ਨ ਕਿਸੈ ਦੇਨਿ॥***
***ਪੰਨਾ – 1384***

ਪਰ ਕਦੇ-ਕਦੇ ਕਿਸੇ ਜਗਿਆਸੂ ਦੇ ਭਲੇ ਲਈ ਕੁਝ ਕੁ ਪਰਗਟ ਭੀ ਕਰ ਦਿੰਦੇ ਸਨ। ਇਕ ਵਾਰੀ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ, ਦਿੱਲੀ ਤੋਂ ਇਕ ਪ੍ਰੇਮੀ ਨੇ ਤੁਹਾਡਾ ਜੀਵਨ ਲਿਖਣ ਦੇ ਫੁਰਨੇ ਨਾਲ ਮੈਥੋਂ ਕੁਝ ਤਥ ਮੰਗੇ ਹਨ। ਆਪ ਨੇ ਫੁਰਮਾਇਆ ਕਿ ਸੰਤਾਂ ਦਾ ਜੀਵਨ ਕੋਈ ਸਾਧੂ ਹੀ ਲਿਖ ਸਕਦਾ ਹੈ, ਲਿਖਾਰੀ ਨਹੀਂ। ਲਿਖਾਰੀ ਨੇ ਬਾਹਰਲੀਆਂ ਘਟਨਾਵਾਂ ਲਿਖਣੀਆਂ ਹਨ। ਅੰਦਰਲੀਆਂ ਬਾਰੇ ਉਸਨੂੰ ਗਿਆਨ ਨਹੀਂ। ਮੇਰੇ ਬਾਰ-ਬਾਰ ਪੁੱਛਣ ਤੇ ਫੁਰਮਾਇਆ ਕਿ ਅਸੀਂ ਨੌਂ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ। ਰਾਤਾਂ, ਪਲੰਘਾਂ ਤੇ ਨਹੀਂ, ਸਫਾਂ ਅਤੇ ਭੂਮੀ ਤੇ ਹੀ ਕੱਟੀਆਂ ਸਨ। ਫਿਰ ਨਾਮ ਦੀ ਅਵਸਥਾਵਾਂ ਬਾਰੇ ਦਸਦਿਆਂ ਕਿਹਾ ਕਿ ਜਦੋਂ ਅਸੀਂ ਸਹੰਸਰਾਰ, 1000 ਪੱਤੀਆਂ ਵਾਲੇ, ਅਤਿ ਰੋਸ਼ਨੀ ਵਾਲੇ ਚੱਕਰ ਵਿਚੋਂ ਲੰਘ ਰਹੇ ਸੀ ਤਾਂ ਰੂਹਾਨੀ ਸ਼ਕਤੀਆਂ, ਜੋ ਕਾਲ ਮੰਡਲ ਦੀ ਆਖਰੀ ਰੇਖਾ ਉਤੇ ਰੂਹ ਨੂੰ ਭੁਲਾਉਣ ਲਈ ਖੜ੍ਹੀਆਂ ਹੁੰਦੀਆਂ ਹਨ; ਪਹਿਲਾਂ ਆਪ-ਆਪਣੀ ਸ਼ਕਤੀ ਦਾ ਪਰੀਚਾ ਕਰਾ ਕੇ ਦਸ ਰਹੀਆਂ ਸਨ ਕਿ ਮੈਂ ਅੰਤਰਜਾਮਤਾ ਹਾਂ, ਮੈਨੂੰ ਅੰਗੀਕਾਰ ਕਰੋ, ਮੇਰੇ ਕੌਤਕ ਵੇਖੋ; ਕੋਈ ਅਵਾਜ਼ ਦਿੰਦੀ ਸੀ – ਮੈਂ ਦੂਰ ਦਰਸ਼ਕਤਾ ਹਾਂ, ਤੀਜੀ ਕਹਿੰਦੀ ਸੀ ਮੈਂ ਪ੍ਰੇਰਨਾ ਸ਼ਕਤੀ ਹਾਂ, ਰਾਜੇ ਮਹਾਰਾਜੇ ਤੁਹਾਡੇ ਚਰਨਾਂ ਤੇ ਲਿਆ ਸਕਦੀ ਹਾਂ; ਕੋਈ ਕਹੇ ਤੁਹਾਨੂੰ ਹਵਾ ਵਿਚੀਂ ਹਜ਼ਾਰਾਂ ਮੀਲਾਂ ਤੇ ਇਕ ਫੁਰਨਾ ਕਰਦੇ ਹੀ ਪਹੁੰਚਾ ਸਕਦੀ ਹਾਂ।

ਅਸੀਂ ਬੈਰਾਗ ਦੀ ਪਰਬਲਤਾ ਕਰਕੇ ਕੋਈ ਧਿਆਨ ਨ ਦਿਤਾ। ਫਿਰ ਇਹ ਇਸਤਰੀ ਰੂਪ ਵਿਚ ਰੋ-ਰੋ ਕੇ, ਅੰਗੀਕਾਰ ਕਰਨ ਲਈ ਬੇਨਤੀਆਂ ਕਰਨ, ਪਰ ਅਸਾਡਾ ਨਿਸ਼ਾਨਾ ਕਾਲ ਮੰਡਲ ਤੋਂ ਨਿਰੰਕਾਰ ਮੰਡਲ ਦਾ ਹੋਣ ਕਰਕੇ ਇਹਨਾਂ ਦੀਆਂ ਠਗਣੀਆਂ ਚਾਲਾਂ ਵਿਚ ਫਸ ਨ ਸਕਿਆ। ਫਿਰ ਜਦੋਂ ਨਾਮ ਮੰਡਲ ਵਿਚ ਸੁਰਤ ਦਾ ਨਿਵਾਸ ਹੋ ਜਾਂਦਾ ਹੈ ਤਾਂ ਇਹ ਪਿਛੇ ਲਗ ਤੁਰਦੀਆਂ ਹਨ –

***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ – 649***

ਪਰ ਗੁਰਮੁਖ ਜਨ, ਫੇਰ ਭੀ ਇਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ ਕਿਉਂਕਿ ਇਹ ਸੇਵਾਦਾਰਨੀਆਂ ਬਣੀਆਂ ਭੀ ਕੁਟਲ, ਕਠੋਰ ਲੁਭਾਉਣ ਵਾਲੀਆਂ ਹੁੰਦੀਆਂ ਹਨ, ਭੀੜਾਂ

ਇਕੱਠੀਆਂ ਕਰਦੀਆਂ ਹਨ।

ਆਪ ਦਇਆ ਕਰਕੇ ਫੁਰਮਾਉਣ ਲਗੇ ਕਿ ਅਕਾਲ ਮੰਡਲ ਵਿਚ ਸੁਰਤ ਪ੍ਰਵੇਸ਼ ਕਰਦੇ ਹੀ ਆਪਾ ਭਾਵ ਗੁਆ ਬੈਠਦੀ ਹੈ ਅਤੇ ਇਹ ਨਿੱਕੀ ਹਉਂ, ਪਰਮ ਆਪੇ ਦਾ ਰੂਪ ਹੀ ਬਣ ਜਾਇਆ ਕਰਦੀ। ਇਸ ਅਵਸਥਾ ਤੇ ਪੁਜਿਆ 'ਸੰਤ' 'ਗੁਰਮਖਿ' 'ਮਹਾਂਪੁਰਸ਼' ਦੀ ਉਪਾਧੀ ਧਾਰਨ ਕਰਦਾ ਹੈ ਇਸੇ ਕਰਕੇ 'ਸੰਤ ਅਨਤੰਹਿ ਅੰਤਰੁ ਨਾਹੀ।।' ਜਾਂ 'ਬ੍ਰਹਮ ਗਿਆਨੀ ਆਪਿ ਪਰਮੇਸ਼ਰ' ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ।।***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ।। ਪੰਨਾ – 397***

ਪੂਰਨ ਰੂਪ ਵਿਚ ਆਪ ਜੀ ਬਖਸ਼ਸ਼ ਦਾ ਦਰ ਪ੍ਰਾਪਤ ਕਰਕੇ, ਹੁਕਮ ਅੰਦਰ ਸੰਸਾਰ ਨੂੰ ਨਾਮ ਮਾਰਗ ਤੇ ਪਾ ਕੇ ਸੁਖੀ ਕਰਨ ਲਈ ਕੀਰਤਨ ਮੰਡਲ ਰਚੇ। ਦੇਸਾਂ-ਪ੍ਰਦੇਸਾਂ ਵਿਚ ਲੱਖਾਂ ਜਗਿਆਸੂਆਂ ਨੂੰ ਜੀਵਨ ਦਾਨ ਦੀ ਦਾਤ ਬਖਸ਼ੀ। ਸਤ ਲੱਖ ਪ੍ਰਾਣੀਆਂ ਤੋਂ ਵੱਧ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਪ੍ਰਭੂ ਪਿਆਰ ਵਿਚ ਪਰੋਏ, ਸਾਰੀ ਜ਼ਿੰਦਗੀ ਇਕ ਦਿਨ ਭੀ ਛੁਟੀ ਨਾ ਕੀਤੀ। ਆਪ ਕਿਹਾ ਕਰਦੇ ਸਨ ਕਿ ਭਾਈ ਤੁਹਾਨੂੰ ਸਭ ਨੂੰ ਛੁੱਟੀ ਹੋ ਜਾਂਦੀ ਹੈ, ਅਸਾਡੇ ਸਿਰ ਤੇ ਨਿਰੰਕਾਰ ਜੀ ਨੇ ਐਸੀ ਕਾਰ ਪਾਈ ਹੈ ਕਿ ਅਸਾਨੂੰ ਕਦੇ ਭੀ ਛੁੱਟੀ ਨਹੀਂ ਹੁੰਦੀ। ਅੰਮ੍ਰਿਤ ਵੇਲੇ ਜਾਗਣਾ, ਦਿਨੇ ਸੰਗਤਾਂ ਵਿਚ, ਰਾਤੀਂ ਕਥਾ ਕੀਰਤਨ, ਇਹ ਨਿੱਤ ਦਾ ਹੀ ਕਰਮ ਹੈ।

ਆਪ ਜੀ ਪੂਰਨ ਗਿਆਨਵਾਨ ਸਨ। ਕਈ ਪ੍ਰੇਮੀ ਖੇਦ ਮਹਿਸੂਸ ਕਰਨਗੇ ਜੇ ਮੈਥੋਂ ਇਹ ਕਹਿ ਹੋ ਜਾਵੇ ਕਿ ਆਪ ਜੀ ਦੇ ਸਰੀਰ ਵਿਚ ਪਰਮੇਸ਼ਰ ਹੀ ਦਰਸ਼ਨ ਦੇ ਰਹੇ ਸਨ। ਆਪ ਜੀ ਦੇ ਸੁਭਾਵ ਬਾਰੇ ਰੂਹਾਨੀ ਸੰਦੇਸ਼ ਪੰਨਾ ੨੦੮ ਵਿਚ ਅੰਕਿਤ ਹੈ –

***ਜਨਮੇ ਦੀ ਖੁਸ਼ੀ ਕਦੇ ਕੀਤੀ ਹੈ ਨ ਆਪ ਜੀ ਨੇ***
***ਮਰੇ ਤਾਂ ਉਦਾਸੀ ਦਾ ਨਾ ਕਦੇ ਪ੍ਰਭਾਓ ਹੈ।***
***ਦੁਨੀਆਂ ਦਾ ਦੁਖ ਸੁਖ ਜਾਣਦੇ ਨੇ ਇਕੋ ਜਿਹਾ***
***ਵਰ ਤੇ ਸਰਾਪ ਦਾ ਨ ਰਖਿਆ ਲਗਾਓ ਹੈ।***
***ਸੰਗਤ ਨਿਵਾਸ ਰਖੀ ਆਸ ਹੈ ਨ ਕਿਸੇ ਦੇ ਵੀ***
***ਰਾਜੇ ਰੰਕ ਸੰਦਾ ਨਹੀ ਚਿਤ ਮਹਿ ਡਰਾਓ ਹੈ।***
***ਜਪਦੇ ਹੀ ਸਤਿਨਾਮੁ ਨਿਤ ਦੇਖੇ ਮੋਹਨ ਹਰਿ***
***ਕਾਹੂੰ ਸਿਓ ਨ ਵੈਰ ਸੰਤ ਜੀ ਸੁਭਾਓ ਹੈ।***

ਸੰਤ ਮਹਾਰਾਜ ਜੀ ਨਿਰਾ ਹੀ ਪ੍ਰੇਮ ਰੂਪ ਸਨ। ਜਿਸਨੇ ਇਕ ਵਾਰ ਦਰਸ਼ਨ ਕਰ ਲਏ, ਖਿਚ ਖਾ ਗਿਆ। ਪਿਛਲਾ ਸੁਭਾਅ ਬਦਲ ਗਿਆ ਅਤੇ ਨਾਮ ਜਾਪ ਵਲ ਲਗ ਗਿਆ। ਆਪ ਜੀ ਮਾਇਆ ਵਲੋਂ ਪੂਰਨ ਤੌਰ ਤੇ ਨਿਰਚਾਹ ਸਨ। ਚੰਡੀਗੜ੍ਹ ਚਾਰ ਪੰਜ ਵਾਰੀ ਲਿਆ ਕੇ ਕੀਰਤਨ ਕਰਾਏ, ਦੀਵਾਨ ਤਿੰਨ-ਤਿੰਨ ਹਫਤੇ ਲਗਦੇ ਰਹੇ, ਬੇ-ਪਨਾਹ ਇਕੱਠ ਹੁੰਦੇ। ਕਮੇਟੀਆਂ ਦੀਆਂ ਗੋਲਕਾਂ ਨਕੋ-ਨੱਕ ਭਰ ਜਾਂਦੀਆਂ, ਪਰ ਮਾਇਆ ਗ੍ਰਸੀਆਂ ਕਮੇਟੀਆਂ, ਮਹਾਂਪੁਰਖਾਂ ਦੇ ਆਦਰ ਲਈ 250 ਰੁਪੈ ਸਰੋਪਾ ਭੇਟ ਕਰਦੀਆਂ। ਸੰਤ ਮਹਾਰਾਜ ਜੀ ਆਪਣੇ ਪਾਸੋਂ 500 ਰੁਪੈ ਕੱਢ ਕੇ, ਸਰੋਪੇ ਤੇ ਹੋਰ ਰੱਖ ਕੇ ਵਾਪਸ ਕਰ ਦਿੰਦੇ, ਉਹ ਕਮੇਟੀਆਂ ਦੀ ਮਾਇਕ ਭੁੱਖ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਲੰਡਨ 1974 ਵਿਚ ਸਾਊਥਹਾਲ ਗੁਰਦਵਾਰਾ ਸਿੰਘ ਸਭਾ ਵਿਚ ਕੀਰਤਨ ਕੀਤਾ। ਹਜ਼ਾਰਾਂ ਪੌਂਡਾਂ ਦਾ ਸਰੋਪਾ। ਜੋ ਅੱਜ ਕਲ ਦੇ ਕਈ ਲੱਖਾਂ ਦੇ ਬਰਾਬਰ ਹੈ, ਆਪ ਜੀ ਨੇ ਇਹ ਕਹਿ ਕੇ ਵਾਪਸ ਕਰ ਦਿਤਾ ਕਿ ਇਥੇ ਤੁਸੀਂ ਸੰਗਤਾਂ ਲਈ ਵੱਡਾ ਹਾਲ ਬਣਾਉ।

ਇਸ ਤਰ੍ਹਾਂ ਅਫਰੀਕਾ, ਇੰਗਲੈਂਡ ਆਦਿ ਦੂਰ ਇਲਾਕਿਆਂ ਵਿਚ ਗੁਰੂ ਨਾਨਕ ਗੁਰਮਤਿ ਸੰਦੇਸ਼ ਦਿਤਾ ਅਤੇ ਨਾਮ ਨਾਲ ਲੱਖਾਂ ਪ੍ਰੇਮੀ ਜੋੜੇ।

ਅੰਤ ਉਹ ਸਮੇਂ ਭੀ ਆ ਗਏ ਜਦੋਂ ਲੱਖਾਂ ਪ੍ਰੇਮੀਆਂ ਲਈ ਆਪ ਦਾ ਸੰਸਾਰ ਤੋਂ ਸਰੀਰਕ ਤੌਰ ਤੇ ਵਿਛੋੜਾ ਦੇ ਜਾਣਾ ਸਹਿਣਾ ਅਤਿ ਅਉਖਾ ਹੋ ਗਿਆ। ਆਪ ਜੀ 5 ਅਗਸਤ 1905 ਵਿਚ ਇਸ ਸੰਸਾਰ ਵਿਚ ਪ੍ਰਗਟ ਹੋਏ ਅਤੇ 27 ਅਗਸਤ 1975 ਵਿਚ ਪੰਜ ਭੂਤਕ ਚੋਲਾ ਛੱਡ ਕੇ ਪ੍ਰੇਮੀਆਂ ਲਈ ਅਸਹਿ ਵਿਛੋੜਾ ਦੇ ਗਏ, ਜੋ ਅਜ ਭੀ ਸਹਿਨ ਨਹੀਂ ਕੀਤਾ ਜਾ ਸਕਦਾ, ਅਜੇ ਭੀ ਹੰਝੂ ਵਹਿ ਤੁਰਦੇ ਹਨ।

ਆਪ ਨੇ ਇਥੇ ਕੀ ਉਪਕਾਰ ਕੀਤੇ – ਕੌਣ ਗਿਣੇ, ਕੌਣ ਕਹੇ; ਅਕਹਿ ਹਨ। ਆਪ ਗਿਆਨ ਦੇ ਸੂਰਜ, ਪ੍ਰੇਮ ਦੇ ਸਾਗਰ, ਸ਼ਕਤੀਆਂ ਦੇ ਭੰਡਾਰ, ਬੇਵਸਾਂ ਦਾ ਸਹਾਰਾ, ਜਗਿਆਸੂਆਂ ਦੇ ਧੇਅ ਅਤੇ ਪੂਰਨ ਰੂਪ ਵਿਚ ਪ੍ਰਭੂ ਲੀਨ ਸਨ – ਆਪ ਸਦੀਵੀ ਅਮਰ ਹਨ।

ਆਪ ਦੇ ਜੀਵਨ ਨਾਦ ਦੀ ਯਾਦ ਅੱਜ ਭੀ ਉਵੇਂ ਹੀ ਪ੍ਰੇਰਨਾ ਦੇ ਰਹੀ ਹੈ ਜਿਵੇਂ ਆਪ ਦੇ ਸਰੀਰਧਾਰੀ ਹੋਣ ਦੇ ਸਮੇਂ ਸੀ। ਆਪ ਤੋਂ ਵਰੋਸਾਏ ਹੋਏ ਆਪ ਦੇ ਪਿਆਰ ਰਸ ਮਾਣਦੇ ਭੌਰੇ ਉਸੇ ਚਾਲੀ ਤੇ ਚਲ ਕੇ, ਆਪ ਦੇ ਦਰਸਾਏ ਮਾਰਗ ਤੇ ਚਲ ਕੇ ਸੰਗਤਾਂ ਦਾ ਭਲਾ ਕਰ ਰਹੇ ਹਨ। ਇਕ ਫੁਲਾਂ ਦੇ ਗੁਲਦਸਤੇ ਦੇ ਰੂਪ ਵਿਚ ਸੰਸਾਰ ਨੂੰ ਸੁਗੰਧੀ ਪ੍ਰਦਾਨ ਕਰ ਰਹੇ ਹਨ। ਇਕ ਰਾੜਾ ਸਾਹਿਬ ਤੋਂ ਹੋਰ ਕਈ ਆਸ਼ਰਮ ਬਣ ਕੇ ਆਪ ਤੋਂ ਗੁਰਮਤਿ ਪ੍ਰਕਾਸ਼ ਪ੍ਰਾਪਤ ਕੀਤੇ ਨੂਰ ਨੂੰ, ਕਲਜੁਗੀ ਜੀਵਾਂ ਦੀਆਂ ਅੰਤਸ਼ਕਰਣ ਦੀਆਂ ਘੁਪ ਅਨ੍ਹੇਰੀਆਂ ਕੋਠੜੀਆਂ ਵਿਚ, ਨਿਰਮਲ ਜੋਤਿ ਦੇ ਪ੍ਰਕਾਸ਼ ਨੂੰ ਸਮੋ ਕੇ ਪ੍ਰਕਾਸ਼ਿਤ ਕਰ ਰਹੇ ਹਨ।

ਉਹਨਾਂ ਦੀ ਯਾਦ, ਸਮੇਂ ਦੀ ਚਾਲ ਨਾਲ ਨਿਤ ਉਜਲ ਪ੍ਰਕਾਸ਼ ਵੰਡਦੀ ਮਾਰਗ ਦਰਸਾਉਂਦੀ ਰਹੇਗੀ।

ਵਾਹਿਗੁਰੂ ਜੀ ਉਹਨਾਂ ਦੀ ਪਿਆਰੀ ਯਾਦ ਦਾ ਇਕ ਕਿਣਕਾ ਅਸਾਨੂੰ ਭੀ ਬਖਸ਼ਣ ਅਤੇ ਗੁਰੂ ਮੇਹਰ ਨਾਲ ਅਸਾਡਾ ਜੀਵਨ ਸਫਲ ਹੋਵੇ – ਇਹੋ ਤੀਬਰ ਕਾਮਨਾ ਹੈ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

## ਬਿਰਤੀ

ਜੀਵਨ ਸਮਰੂਪਤਾ ਨਾਲ ਜੀਓ, ਜੋ ਕਰੋ ਪੂਰੇ ਧਿਆਨ, ਪੂਰੀ ਸੁਰਤੀ ਲਗਾ ਕੇ ਕਰੋ, ਜੋ ਕਰ ਰਹੇ ਹੋ ਉਸ ਨੂੰ ਸੰਪੂਰਨਤਾ ਦਾ ਰੂਪ ਦਿਓ, ਇਹ ਸਮਝ ਕੇ ਕਰੋ ਕਿ ਇਹ ਘੜੀ ਜੋ ਕਰ ਰਹੇ ਹੋ ਉਹ ਹੀ ਤੁਹਾਡੇ ਜੀਵਨ ਦਾ ਧੇਅ ਹੈ। ਕਦੀ ਇਹ ਨਾ ਸੋਚੋ, ਮੈਂ ਜੋ ਹੁਣ ਕਰ ਰਿਹਾ ਹਾਂ, ਉਹ ਠੀਕ ਹੈ ਪਰ ਮੈਂ ਜੋ ਕੱਲ੍ਹ ਕਰਾਂਗਾ ਉਹ ਪੂਰੀ ਤਰ੍ਹਾਂ ਕਰ ਲਵਾਂਗਾ। ਰੋਜ਼ ਸਵੇਰੇ ਉਠ ਕੇ ਆਪਣੇ ਆਪ ਨੂੰ ਕਹੋ, ਮੈਂ ਆਪਣੇ ਆਪ ਨੂੰ ਠੀਕ ਕਰ ਰਿਹਾ ਹਾਂ, ਮੈਂ ਅੱਗੇ ਨਾਲੋਂ ਚੰਗਾ ਹੋ ਰਿਹਾ ਹਾਂ। ਆਪਣੇ ਆਪ ਨੂੰ ਉਚਾ ਕਰਨ, ਚੰਗਾ ਬਣਾਉਣ ਦੇ ਤੱਤ ਤੁਹਾਡੇ ਅੰਦਰ ਹਨ। ਨਖੇਧੀ ਦੇ ਵਿਚਾਰ ਤੁਹਾਡੇ ਲਈ ਬਹੁਤ ਹੀ ਹਾਨੀਕਾਰਕ ਹਨ, ਚੰਗੇ ਸ਼ੁਧ ਪਵਿੱਤਰ ਵਿਚਾਰ ਤੁਹਾਡੇ ਸਰੀਰ ਲਈ ਔਸ਼ਧੀ ਹਨ। ਜੇ ਮਨ ਅਸ਼ਾਂਤ ਹੋਵੇ, ਉਦਾਸ ਹੋਵੇ, ਮਨ ਵਿਚ ਉਥੱਲ ਪੁਥੱਲ ਹੋ ਰਹੀ ਹੋਵੇ, ਮਨ ਵਿਚ ਪ੍ਰਸੰਨਤਾ ਨਾ ਹੋਵੇ, ਤੁਸੀਂ ਅਨੰਦ ਨਹੀਂ ਮਾਣ ਸਕਦੇ, ਤੁਸੀਂ ਖੁਸ਼ ਨਹੀਂ ਹੋ ਸਕਦੇ। ਤੁਸੀਂ ਚੰਗੀ ਸਿਹਤ ਚਾਹੁੰਦੇ ਹੋ, ਤੁਹਾਨੂੰ ਖੁਸ਼ ਰਹਿਣਾ ਚਾਹੀਦਾ ਹੈ। ਤੁਹਾਡੀ ਬਿਰਤੀ ਇਹ ਹੋਣੀ ਚਾਹੀਦੀ ਹੈ ਕਿ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਤੁਸੀਂ ਸਦਾ ਹੀ ਮੁਸਕਰਾਉਂਦੇ ਰਹੋਗੇ। ਅਨੰਦ ਤੁਹਾਡੇ ਅੰਦਰ ਹੈ, ਖੁਸ਼ੀ ਤੁਹਾਡੇ ਅੰਦਰ ਹੈ, ਖੁਸ਼ੀ ਤੁਸੀਂ ਬਾਹਰੋਂ ਨਹੀਂ ਲੈਣੀ। ਜੀਵਨ ਦਾ ਹਰ ਪਲ ਤੁਸੀਂ ਅਨੰਦ ਮਾਣੋ, ਘਬਰਾਓ ਨਹੀਂ। ਜਿਹੜਾ ਤੱਤ ਤੁਹਾਡੇ ਅੰਦਰ ਹੈ ਉਹ ਹੀ ਸਾਰਿਆਂ ਦੇ ਅੰਦਰ ਦੇਖੋ। ਜੇ ਤੁਸੀਂ ਉਹ ਹੀ ਤੱਤ ਸਾਰਿਆਂ ਦੇ ਅੰਦਰ ਦੇਖੋਗੇ ਤਾਂ ਹੀ ਤੁਸੀਂ ਮੁਸਕਰਾ ਸਕੋਗੇ, ਹੱਸ ਸਕੋਗੇ। ਜੀਵਨ ਆਦਰਯੋਗ ਹੈ, ਸਾਡੇ ਸਬੰਧ ਆਦਰਯੋਗ ਹਨ, ਅਨਮੋਲ ਹਨ। ਜੋ ਤੱਤ ਜੋ ਆਤਮਾ ਤੁਹਾਡੇ ਅੰਦਰ ਹੈ ਉਹ ਹੀ ਸਾਰਿਆਂ ਦੇ ਅੰਦਰ ਹੈ। ਉਦਾਸੀਨਤਾ ਦੀ ਕੋਈ ਜਗ੍ਹਾ ਨਹੀਂ ਹੈ। ਸਦਾ ਇਹ ਚੇਤੇ ਰੱਖੋ, ਪਿਆਰ ਤੁਹਾਡੇ ਅੰਦਰ ਹੈ। ਚਾਨਣ ਤੁਹਾਡੇ ਅੰਦਰ ਹੈ, ਇਸ ਚਾਨਣ ਦੇ ਸਮੂੰਹ ਨਾਲ, ਇਸ ਪ੍ਰੇਮ ਦੇ ਸਰੋਤ ਨਾਲ ਆਪਣੇ ਆਪ ਨੂੰ ਜੋੜੋ।

ਡਾ. ਸਵਾਮੀ ਰਾਮ ਜੀ

ਆਪਣੇ ਕੰਮ ਨਾਲ, ਆਪਣੀ ਡੀਊਟੀ ਨਾਲ ਪ੍ਰੇਮ ਕਰੋ, ਜੇ ਤੁਸੀਂ ਆਪਣੇ ਕੰਮ ਨਾਲ ਪਿਆਰ ਕਰੋਗੇ ਤੁਹਾਨੂੰ ਕਦੀ ਵੀ ਥਕਾਵਟ ਨਹੀਂ ਹੋਵੇਗੀ। ਕੰਮ ਕਦੀ ਵੀ ਬੋਝ ਨਹੀਂ ਲੱਗੇਗਾ। ਪ੍ਰੇਮ ਪੂਰਵਕ ਕੰਮ ਕਰਕੇ ਪ੍ਰਸੰਨਤਾ ਮਿਲਦੀ ਹੈ। ਕਦੀ ਵੀ ਕਾਰਜਾਂ ਵਿਚੋਂ ਆਪਣੇ ਲਾਭ ਬਾਰੇ ਨਾ ਸੋਚੋ, ਇਸੇ ਤਰ੍ਹਾਂ ਸਹਿਜੇ ਸਹਿਜੇ ਤੁਸੀਂ ਨਿਸੁਆਰ▲ਥ ਕਾਰਜ ਕਰਨੇ ਸਿੱਖ ਜਾਓਗੇ। ਇਸ ਤਰ੍ਹਾਂ ਕਰਨਾ ਹੀ ਅਧਿਆਤਮਕ ਅਨੁਸ਼ਾਸਨ ਹੈ।

ਜੇ ਤੁਸੀਂ ਆਪਣੇ ਜੀਵਨ ਦੇ ਜਾਣੇ ਅਣਜਾਣੇ ਹਿੱਸਿਆਂ ਨੂੰ ਸਮਝਦੇ ਹੋ, ਸਰੀਰ ਤੇ ਮਨ ਦੇ ਰਿਸ਼ਤੇ ਨੂੰ ਸਮਝਦੇ ਹੋ ਤੇ ਇਹ ਸਮਝਦੇ ਹੋ ਕਿ ਸਰੀਰ ਤੇ ਮਨ ਕਿਵੇਂ ਆਤਮਾ ਨਾਲ ਸਬੰਧ ਰਖਦੇ ਹਨ, ਤੁਸੀਂ ਛੇਤੀ ਹੀ ਸਮਝ ਜਾਓਗੇ ਕਿ ਤੁਹਾਡੇ ਅੰਦਰ ਕੁਝ ਹੈ, ਤੁਹਾਡੀ ਆਤਮਾ ਹੈ, ਭੈ ਦੀ ਕੋਈ ਥਾਂ ਨਹੀਂ ਹੈ, ਤੁਸੀਂ ਨਿਰਭੈ ਹੋ ਜਾਂਦੇ ਹੋ। ਤੁਹਾਡੀ ਆਤਮਾ, ਤੁਹਾਡਾ ਧੁਰਾ ਤੁਹਾਨੂੰ ਸ਼ਾਂਤੀ ਦਿੰਦਾ ਹੈ, ਅਨੰਦ ਦਿੰਦਾ ਹੈ, ਬਖਸ਼ਿਸ਼ ਕਰਦਾ ਹੈ, ਭੈ ਕੇਵਲ ਮਾਨਸਿਕ ਸਤਰ ਤਕ ਹੀ ਹੁੰਦਾ ਹੈ। ਉਸ ਤੋਂ ਅੱਗੇ ਨਹੀਂ। ਜਦੋਂ ਤੁਸੀਂ ਉਪਰ ਦੀ ਝਲਕ, ਇਲਾਹੀ ਝਲਕ ਪਛਾਨਣ ਲਗ ਪੈਂਦੇ ਹੋ, ਆਪਣੀ ਆਤਮਾ ਤੋਂ ਜਾਣੂੰ ਹੋ ਜਾਂਦੇ ਹੋ, ਆਪਣੀ ਚੇਤਨਤਾ ਤੋਂ ਜਾਣੂੰ ਹੋ ਜਾਂਦੇ ਹੋ, ਚੇਤਨਤਾ ਜਦੋਂ ਵੱਖ ਵੱਖ ਪੱਧਰਾਂ ਤੇ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ, ਭੈ ਦਾ ਕੋਈ ਸਥਾਨ ਹੀ ਨਹੀਂ ਰਹਿੰਦਾ। ਜਦੋਂ ਤੁਸੀਂ ਨਿਰਭੈ ਹੋ ਜਾਂਦੇ ਹੋ, ਜੀਵਨ ਰਹੱਸ ਉਸੇ ਵੇਲੇ ਉਥੇ ਹੀ ਸਾਮ੍ਹਣੇ ਆ ਜਾਂਦਾ ਹੈ। ਨਿਰਭੈ ਹੋ ਕੇ ਜੀਣਾ ਹੀ ਇਕ ਸਥਾਈ ਅਨੰਦਿਤ ਜੀਵਨ ਹੈ। ਸਦਾ ਖੁਸ਼ ਰਹਿਣਾ ਸਿੱਖੋ, ਸਦਾ ਹੀ ਅਨੰਦ ਵਿਚ ਰਹੋ।

ਪ੍ਰਮਾਤਮਾ ਨੂੰ ਹਰ ਜਗ੍ਹਾ, ਹਰ ਚੀਜ਼ ਵਿਚ ਦੇਖਣਾ,

**ਹਰ ਕਿਸੇ ਵਿਚ ਦੇਖਣਾ, ਦੂਸਰਿਆਂ ਲਈ ਸਦਾ ਸਹਾਇਕ ਹੋਣਾ ਹੀ ਅਨੰਦਿਤ ਜੀਵਨ ਹੈ। ਪਰ ਅਜੇਹਾ ਕਰਨਾ ਬਹੁਤ ਔਖਾ ਹੈ। ਅਜੇਹਾ ਕਰਨ ਦਾ ਅਭਿਆਸ ਕਰਨਾ ਪੈਂਦਾ ਹੈ। ਅਭਿਆਸ ਰਾਹੀਂ ਪ੍ਰਮਾਤਮਾ ਨੂੰ ਸਦਾ ਹੀ ਆਪਣੇ ਹਿਰਦੇ ਵਿਚ ਵਸਾਓ, ਸਦਾ ਉਸ ਦੀ ਯਾਦ ਵਿਚ ਰਹੋ, ਕਦੀ ਨਾ ਕਦੀ ਹੁਣ ਹੀ ਜਾਂ ਫੇਰ ਤੁਹਾਡੀ ਕਾਇਆ ਕਲਪ ਹੋ ਹੀ ਜਾਵੇਗੀ।**

## ਨੌਂਵਾਂ ਅਧਿਆਇ

### ਗਲੈਨਵਿਊ ਦੀ ਇਕ ਸ਼ਾਮ

ਮੈਂ ਸਵਾਮੀ ਜੀ ਨਾਲ ਵੱਡੇ ਕਮਰੇ ਵਿਚ ਬੈਠਾ ਹਾਂ, ਬਹੁਤ ਹੀ ਸੋਹਣਾ ਰੋਸ਼ਨੀ ਭਰਪੂਰ ਕਮਰਾ ਹੈ, ਤੁਹਾਨੂੰ ਪਤਾ ਹੈ ਜਦੋਂ ਤੁਸੀਂ ਸਰੀਰ ਵਿਚੋਂ ਨਿਕਲਦੇ ਹੋ, ਤਦ ਕੀ ਹੋ ਰਿਹਾ ਹੁੰਦਾ ਹੈ, ਪਤਾ ਹੈ ਨਾ? ਸਵਾਮੀ ਜੀ ਕਹਿਣ ਲੱਗੇ ਹਾਂ, ਮੈਂ ਜਾਣਦਾ ਹੈ, ਸਵਾਮੀ ਜੀ ਕਹਿਣ ਲੱਗੇ। ਮੈਂ ਪੁਛਿਆ, "ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਸਰੀਰ ਵਿਚ ਕਿਉਂ ਆਉਣਾ ਚਾਹੁੰਦੇ ਹੋ ਜਦੋਂ ਕਿ ਸਰੀਰ ਤੋਂ ਬਾਹਰ ਤੁਸੀਂ ਸਭ ਕੁਝ ਕਰ ਸਕਦੇ ਹੋ, ਸਭ ਦੇਖ ਸਕਦੇ ਹੋ ਜੋ ਚਾਹੋ ਕਰ ਸਕਦੇ ਹੋ। ਸਵਾਮੀ ਜੀ ਮੁਸਕਰਾਏ।

ਸੰਸਥਾ ਦੇ ਸ਼ਾਨਦਾਰ ਉਦਘਾਟਨ ਨੇ ਮੇਰਾ ਆਤਮ ਬਲ, ਮੇਰਾ ਉਤਸ਼ਾਹ ਬਹੁਤ ਹੀ ਵਧਾ ਦਿਤਾ। ਮੈਂ ਬਹੁਤ ਹੀ ਅੱਛਾ ਮਹਿਸੂਸ ਕਰਨ ਲਗ ਪਿਆ ਹਾਂ। ਸੰਸਥਾ ਬਿਲਕੁਲ ਪੂਰੀ ਤਰ੍ਹਾਂ ਸੰਪੂਰਨ ਤਰੀਕੇ ਨਾਲ ਸ਼ੁਰੂ ਹੋ ਗਈ ਸੀ ਤੇ ਆਪਣੇ ਦਰਵਾਜ਼ੇ ਉਸ ਨੇ ਪੂਰੀ ਤਰ੍ਹਾਂ ਪੂਰਨ ਚਿਕਿਤਸਾ ਲਈ ਖੋਲ੍ਹ ਦਿਤੇ ਸੀ, ਸੰਸਥਾ ਵਿਚ ਰਹਿਣ ਵਾਲਿਆਂ ਲਈ ਯੋਗ ਦੀ ਸਿਖਿਆ ਦਾ ਪ੍ਰਬੰਧ ਕੀਤਾ ਗਿਆ ਤਾਂ ਜੋ ਉਹ ਪੂਰੀ ਤਰ੍ਹਾਂ ਨਾਲ ਯੋਗ ਵਿਚ ਨਿਪੁੰਨ ਹੋ ਸਕਣ। ਬਾਇਓਫੀਡ ਬੈਕ ਦਾ ਇਕ ਵਖਰਾ ਅੰਗ ਰੱਖਿਆ ਗਿਆ ਜਿਸ ਵਿਚ ਸਵੈ-ਨਿਯਮਤ ਹੋਣਾ ਤੇ ਉਸ ਦੇ ਤਰੀਕੇ ਜਿਸ ਨਾਲ ਸਰੀਰ ਤੇ ਮਨ ਨੂੰ ਇਕ ਤਾਰ ਵਿਚ ਬੰਨ੍ਹਿਆ ਜਾ ਸਕੇ, ਇਕੱਠਾ ਕੀਤਾ ਜਾ ਸਕੇ, ਅਧਿਆਪਕਾਂ ਦੀ ਇਕ ਸੰਸਥਾ ਬਣਾਈ ਗਈ, ਪੂਰੀ ਤਰ੍ਹਾਂ ਨਾਲ ਪੜ੍ਹੇ ਲਿਖੇ ਜਿਨ੍ਹਾਂ ਕੋਲ ਠੀਕ ਸਰਟੀਫਿਕੇਟ ਹੋਣ ਉਹ ਲੋਕ ਹੱਠ ਯੋਗ ਦੀ ਕਲਾ ਲਈ ਲਗਾਏ ਗਏ।

ਥਰੀਸਾ ਤੇ ਮੈਂ ਅਸੀਂ ਆਪਣਾ ਘਰ ਛੱਡ ਕੇ ਗਲੈਨਵੀਊ ਤੋਂ ਪੰਜ ਮੀਲ ਦੂਰ ਤੇ ਇਕ ਘਰ ਕਿਰਾਏ ਤੇ ਲੈ ਲਿਆ, ਜੀਵਨ ਵਿਚ ਪਹਿਲੀ ਵਾਰੀ ਸਾਡਾ ਕੋਈ ਆਪਣਾ ਘਰ ਸੀ, ਆਪਣਾ ਘਰ ਲੈ ਕੇ ਉਸ ਵਿਚ ਰਹਿ ਕੇ ਬਹੁਤ ਹੀ ਅੱਛਾ ਮਹਿਸੂਸ ਹੋ ਰਿਹਾ ਸੀ। ਸੋ ਅਸੀਂ ਥੋੜ੍ਹਾ ਆਪਣੇ ਘਰ ਨੂੰ ਸੋਹਣਾ ਬਣਾਉਣ ਵਿਚ ਜ਼ੋਰ ਲਗਾ ਰਹੇ ਸੀ, ਉਸਨੂੰ ਰੰਗ ਰੋਗਨ ਕਰਨਾ, ਫਰਸ਼ ਠੀਕ ਕਰਨੇ, ਫੁੱਲ ਲਗਾਉਣੇ, ਫਰਨੀਚਰ ਖਰੀਦਣਾ, ਘਰ ਨੂੰ ਨਿੱਘਾ ਬਣਾਉਣਾ, ਥਰੀਸਾ ਨੇ ਗੱਦੀਆਂ ਸੀਤੀਆਂ, ਪੜਦੇ ਸੀਤੇ, ਰਸੋਈ ਠੀਕ ਕਰਕੇ ਪੂਰੀ ਤਰ੍ਹਾਂ ਜੋੜੀ। ਇਹ ਥਰੀਸਾ ਨੇ ਸਵਾਮੀ ਜੀ ਦੇ ਫਲੈਟ ਲਈ ਵੀ ਸਭ ਕੁਝ ਕੀਤਾ। ਸਾਰਾ ਦਿਨ ਤੇ ਅੱਧੀ ਰਾਤ ਇਸ ਤਰ੍ਹਾਂ ਹੀ ਲੰਘ ਜਾਂਦੀ।

ਸੰਸਕ੍ਰਿਤੀ ਸਵਾਮੀ ਜੀ ਦੀ ਸੈਕਟਰੀ ਲਗ ਗਈ, ਉਸ ਨੇ ਸੰਸਥਾ ਦਾ ਪੂਰਾ ਦਫਤਰ ਠੀਕ ਕੀਤਾ, ਸੰਸਕ੍ਰਿਤੀ ਮਿਨੀ ਪੋਲਿਸ ਤੋਂ ਆਈ ਸੀ ਤੇ ਉਹ ਦੂਸਰੀਆਂ ਬੀਬੀਆਂ ਨਾਲ ਸੈਂਟਰ ਤੋਂ ਥੋੜ੍ਹੀ ਦੂਰ ਜਿਥੇ ਹੋਰ ਬੀਬੀਆਂ ਰਹਿੰਦੀਆਂ ਸੀ ਉਥੇ ਹੀ ਰਹਿਣ ਲਗ ਪਈ। ਸਵਾਮੀ ਜੀ ਨੇ ਥਰੀਸਾ ਨੂੰ ਆਪਣਾ ਨਿਜੀ ਅਸਿਸਟੈਂਟ ਬਣਾ ਲਿਆ, ਛੋਟਾ ਜਿਹਾ ਹਰਾ ਘਰ ਜਿਹੜਾ ਭਾਈਆਂ ਦੀ ਰਿਹਾਇਸ਼ ਲਈ ਵਰਤਿਆ ਜਾਂਦਾ ਸੀ ਉਥੇ ਹੁਣ ਨੌਜਵਾਨ ਗੱਭਰੂ ਆ ਕੇ ਰਹਿਣ ਲੱਗੇ। ਇਹ ਗੱਭਰੂ ਕੁਝ ਕਰਨਾ ਚਾਹੁੰਦੇ ਸੀ ਇਹ ਇਨ੍ਹਾਂ ਵਿਚੋਂ ਬਹੁਤ ਸਾਰੇ ਉਹ ਨੌਜਵਾਨ ਸੀ ਜਿਨ੍ਹਾਂ ਨੇ ਪਹਿਲਾਂ ਹੀ drugs ਦੀ ਵਰਤੋਂ ਕੀਤੀ, ਜੀਵਨ ਬਿਲਕੁਲ ਹੀ ਬਿਨਾਂ ਅਨੁਸਾਸ਼ਨ ਤੋਂ ਬਿਤਾਇਆ ਹੋਇਆ ਸੀ, ਹੁਣ ਉਨ੍ਹਾਂ ਕੋਲ ਕੋਈ ਥਾਂ ਨਹੀਂ ਸੀ ਜਿਥੇ ਉਹ ਜਾ ਸਕਣ। ਸਵਾਮੀ ਜੀ ਨੇ ਉਨ੍ਹਾਂ ਦੇ ਜੀਵਨ ਵਿਚ ਅਨੁਸਾਸ਼ਨ ਲਿਆਉਣਾ ਸ਼ੁਰੂ ਕੀਤਾ, ਪੜ੍ਹਾਈ ਲਿਖਾਈ ਸ਼ੁਰੂ ਕੀਤੀ, ਉਹ ਰੋਜ਼ ਸਵੇਰੇ ਛੇਤੀ ਉਠਦੇ, ਯੋਗ ਦਾ ਅਭਿਆਸ ਕਰਦੇ, ਪ੍ਰਾਣਾਯਾਮ ਕਰਦੇ, ਮੈਡੀਟੇਸ਼ਨ ਕਰਦੇ, ਚੰਗਾ ਖਾਂਦੇ ਸਾਫ ਸੁਥਰਾ ਖਾਂਦੇ, ਖੇਤਾਂ ਤੇ ਕੰਮ ਕਰਦੇ ਸਵਾਮੀ ਜੀ ਦੇ ਪ੍ਰਵਚਨ ਸੁਣਦੇ ਤੇ ਸ਼ਾਮ ਨੂੰ ਛੇਤੀ ਹੀ ਸੌਂ ਜਾਂਦੇ। ਬਹੁਤ ਸਾਰੇ ਨੌਜਵਾਨ ਆਏ, ਸਿਖਿਆ ਲਈ, ਜੀਵਨ ਨੂੰ ਅਨੁਸਾਸ਼ਨ ਵਿਚ ਢਾਲਿਆ ਤੇ ਚੰਗਾ ਸੱਚਾ ਸੁੱਚਾ ਜੀਵਨ ਬਿਤਾਉਣ ਬਾਹਰ ਚਲੇ ਗਏ, ਕੁਝ ਕੁ ਹੋਰ ਦੇਰ ਤਕ ਠਹਿਰ ਕੇ ਸਵਾਮੀ ਜੀ ਤੋਂ ਅੱਗੇ ਦੀ ਸਿਖਿਆ ਲੈਣ ਲੱਗੇ।

ਬੈਲਿਨਟੀਨ ਹੁਣ ਸਾਡੇ ਡਾਕਟਰ ਸੀ। ਉਨ੍ਹਾਂ ਨੂੰ ਸਵਾਮੀ ਜੀ ਨੇ ਹੋਮਿਓਪੈਥੀ ਪੜ੍ਹਾਈ, ਪੂਰਬੀ ਮਨੋਵਿਗਿਆਨ ਬਾਰੇ ਵੀ ਸਵਾਮੀ ਜੀ ਸ਼ਾਮ ਨੂੰ ਆਪਣੇ ਕਮਰੇ ਵਿਚ ਲਿਜਾ ਕੇ ਉਸਨੂੰ ਦਸਦੇ। ਨਾਲ ਸਵਾਮੀ ਅਜੈ ਵੀ ਹੁੰਦੇ। ਜਿਹੜੇ ਪ੍ਰਵਚਨ ਸਵਾਮੀ ਜੀ ਨੇ ਕੀਤੇ ਉਨ੍ਹਾਂ ਨੂੰ ਪੁਸਤਕ ਬੱਧ ਕੀਤਾ ਗਿਆ। ਜਿਸ ਨਾਲ ਮਨੋਵਿਗਿਆਨ ਤੇ ਮਨੋਚਿਕਿਤਸਾ ਬਾਰੇ ਪੂਰੀ ਤਰ੍ਹਾਂ ਬਦਲ ਦਿਤੇ। ਪੁਸਤਕ ਦਾ ਨਾਮ ਹੈ, ਯੋਗ ਤੇ ਮਨੋਚਿਕਿਤਸਾ।'

ਸਵਾਮੀ ਜੀ ਦਾ ਕਮਰਾ ਸਾਰੇ ਸੈਂਟਰ ਦਾ ਧੁਰਾ ਬਣ ਗਿਆ। ਦਿਨ ਨੂੰ ਸਵਾਮੀ ਜੀ ਵਿਦਿਆਰਥੀਆਂ ਅਤੇ ਸ਼ਿਸ਼ਿਆ ਨੂੰ ਪ੍ਰਵਚਨ ਕਰਦੇ, ਕਿਰਤਵਿਰਤੀਆਂ ਨੂੰ ਸੁਝਾਅ ਦਿੰਦੇ, ਮਰੀਜ਼ ਦੇਖਦੇ। ਜਿਹੜੇ ਮਹਿਮਾਨ ਆਉਂਦੇ ਉਨ੍ਹਾਂ ਦੀ ਦੇਖਭਾਲ ਆਪਣੇ ਦਫਤਰ ਦੇ ਕਮਰੇ ਵਿਚ ਕਰਦੇ, ਸ਼ਾਇਦ ਹੀ ਕੋਈ ਰਾਤ ਇਹੋ ਜਿਹੀ ਹੋਵੇ ਜਦੋਂ ਅੱਧੀ ਰਾਤ ਤਕ ਸਵਾਮੀ ਜੀ ਦੇ ਕਮਰੇ ਵਿਚ ਲੋੜਵੰਦ ਨਾ ਹੋਣ, ਫੇਰ ਉਹ

ਆਪਣੀ ਮੈਡੀਟੇਸ਼ਨ ਕਰਦੇ, ਸੁਆਸ ਅਭਿਆਸ ਕਰਦੇ, ਸਵੇਰੇ ਛੇ ਵਜੇ ਫੇਰ ਉਨ੍ਹਾਂ ਦਾ ਪੂਰਾ ਦਿਨ ਦਾ ਪ੍ਰੋਗਰਾਮ ਸ਼ੁਰੂ ਹੋ ਜਾਂਦਾ। ਜਦੋਂ ਥਰੀਸਾ ਚਾਹ ਲੈ ਕੇ ਜਾਂਦੀ ਸਵਾਮੀ ਜੀ ਸੈਰ ਕਰ ਰਹੇ ਹੁੰਦੇ। ਅਸੀਂ ਸਾਰੇ ਬੜੇ ਹੈਰਾਨ ਹੁੰਦੇ, ਸਵਾਮੀ ਜੀ ਕਿਸ ਸਮੇਂ ਸੌਂਦੇ ਹਨ? ਇਹ ਤਾਂ ਸਾਰੇ ਹੀ ਭਲੀ ਪ੍ਰਕਾਰ ਜਾਣਦੇ ਸੀ, ਕਿ ਸਵਾਮੀ ਜੀ ਦੀ ਖੁਰਾਕ ਕੁਝ ਵੀ ਨਹੀਂ, ਉਸ ਸਰੀਰ ਨੂੰ ਜਿੰਨੀ ਖੁਰਾਕ ਚਾਹੀਦੀ ਸੀ, ਉਹ ਸਵਾਮੀ ਜੀ ਨਹੀਂ ਸੀ ਖਾਂਦੇ। ਇਕ ਗਿਲਾਸ ਸੰਤਰੇ ਦਾ ਜੂਸ, ਇਕ ਟੋਸਟ ਬਰੈਡ ਦਾ ਸਵੇਰ ਦੇ ਸਮੇਂ ਆਪ ਜੀ ਲੈਂਦੇ ਸੀ, ਚਾਵਲ, ਰਾਜਮਾਹ ਜਾਂ ਹੋਰ ਕਈ ਦਾਲ ਸਬਜ਼ੀਆਂ, ਦੁਪਹਿਰ ਲਈ, ਸੂਪ ਦਾ ਇਕ ਕਟੋਰਾ ਤੇ ਬਰੈਡ ਦਾ ਟੋਸਟ ਰਾਤ ਦੇ ਖਾਣੇ ਲਈ। ਜਦੋਂ ਕੰਮ ਬਹੁਤ ਹੁੰਦਾ ਉਹ ਖਾਣਾ ਨਾ ਖਾਂਦੇ, ਜਦੋਂ ਯੋਗ ਦੇ ਕੋਈ ਖਾਸ ਅਭਿਆਸ ਕਰ ਰਹੇ ਹੁੰਦੇ ਉਦੋਂ ਉਹ ਖਾਣਾ ਨਹੀਂ ਸੀ ਖਾਂਦੇ, ਜਦੋਂ ਖਾਂਦੇ ਤਾਂ ਆਪਣੀ ਪਲੇਟ ਵਿਚ ਜ਼ਰੂਰ ਛੱਡ ਦਿੰਦੇ, ਉਹ ਸ਼ੀਤ ਪ੍ਰਸ਼ਾਦ ਸ਼ਿਸ਼ ਬੜੀ ਪ੍ਰਸੰਨਤਾ ਨਾਲ ਲੈਂਦੇ।

ਫਿਲ ਤੇ ਚਾਰਲਸ ਮਿਨੀਪੁਲੀਸ ਤੋਂ ਕਾਰ ਵਿਚ ਸਵਾਮੀ ਜੀ ਕੋਲੋਂ ਸਿਖਿਆ ਦੇਣ ਲਈ ਆਉਂਦੇ। ਸਵਾਮੀ ਜੀ ਨਾਲ ਲੰਮਾ ਸਮਾਂ ਬਿਤਾਉਣ ਨਾਲ ਫਿਲ ਨੇ ਇਕ ਨਵੀਂ ਵਿਉਂਤ ਲਈ ਖੋਜ ਕੀਤੀ ਤੇ ਮਾਨਸਿਕ ਤਨਾਅ ਤੇ ਕੰਮ ਕੀਤਾ ਜੋ ਅੱਜ ਦੇ ਸੰਸਾਰ ਦਾ ਸਭ ਤੋਂ ਵੱਧ ਮਹੱਤਵਪੂਰਨ ਰੋਗ ਹੈ। ਉਸ ਨੇ ਯੋਗ ਦੇ ਅਭਿਆਸ ਤੇ ਸੁਆਸਾਂ ਨੂੰ ਕਾਬੂ ਕਰਨਾ ਚੰਗੀ ਤਰ੍ਹਾਂ ਸਿੱਖਿਆ ਉਸ ਨੂੰ ਇਕ ਬੜਾ ਹੀ ਪ੍ਰੈਕਟੀਕਲ ਮੋੜ ਦੇ ਕੇ ਪੱਛਮੀ ਸਾਧਕਾਂ ਨੂੰ ਆਪਣੇ ਆਪ ਤੇ ਕਾਬੂ ਕਰਨਾ ਦੱਸਿਆ, ਜਿਸ ਤਰ੍ਹਾਂ ਯੋਗੀ ਕਰਦੇ ਹਨ। ਸਵਾਮੀ ਜੀ ਚਾਰਲਸ ਨੂੰ ਹੋਰ ਅੱਗੇ ਲੈ ਗਏ ਤਾਕਿ ਉਸਨੂੰ ਹੋਰ ਉਚੀ ਤੇ ਡੂੰਘੀ ਸਲਾਹ ਦੇ ਸਕਣ, ਸਮਝਾਅ ਸਕਣ ਤੇ ਗੁੱਝੇ ਭੇਦ ਜਾਣ ਕੇ, ਅੰਤਰਮੁਖੀ ਹੋ ਸਕਣ। ਸਵਾਮੀ ਜੀ ਕਹਿੰਦੇ ਤੁਸੀਂ ਦੋਨੋਂ ਹੀ ਮੇਰਾ ਕੰਮ ਅੱਗੇ ਚਲਾਉਣਾ, ਮਹਾਂਪੁਰਖਾਂ ਦੀ ਵਿਰਾਸਤ ਨੂੰ ਪਰੰਪਰਾ ਨੂੰ ਅੱਗੇ ਲੈ ਕੇ ਜਾਣਾ।

ਮੈਂ ਵੀ ਬੜੀਆਂ ਸ਼ਾਮਾਂ ਸਵਾਮੀ ਜੀ ਨਾਲ ਬਿਤਾਈਆਂ, ਸਵਾਮੀ ਜੀ ਆਪਣੀ ਆਰਾਮ ਕੁਰਸੀ ਤੇ ਬੈਠ ਜਾਂਦੇ ਜਾਂ ਗੱਦੀਆਂ ਲੈ ਕੇ ਜ਼ਮੀਨ ਤੇ ਬੈਠ ਜਾਂਦੇ, ਮੈਂ ਉਨ੍ਹਾਂ ਦੇ ਨਾਲ ਬੈਠ ਜਾਂਦਾ, ਨਾਲ ਅਸੀਂ ਪੀਣ ਲਈ ਟਿਲਕ ਲੈ ਲੈਂਦੇ।

ਇਕ ਰਾਤ ਨੂੰ ਸਵਾਮੀ ਜੀ ਪੁੱਛਣ ਲੱਗੇ ਕਿ ਅਸੀਂ ਕਿਵੇਂ ਸਾਰੀਆਂ ਮੁਰੰਮਤਾਂ ਕਰਾਈਆਂ ਤੇ ਕੀਤੀਆਂ, ਸਾਡਾ ਅਨੁਭਵ ਕੀ ਰਿਹਾ। ਫੇਰ ਅਸੀਂ ਉਨ੍ਹਾਂ ਨੂੰ ਸਾਰੀਆਂ ਗੱਲਾਂ ਦੱਸੀਆਂ, ਕਿਵੇਂ ਕਿਵੇਂ ਵੱਖ ਵੱਖ ਲੋਕੀ ਆਉਂਦੇ ਰਹੇ, ਕਿਵੇਂ ਅਸੀਂ ਅੰਦਰੋਂ ਡਰੇ ਰਹੇ, ਸ਼ਾਇਦ ਸਵਾਮੀ ਜੀ ਆਉਣ ਹੀ ਨਾ।

ਸਵਾਮੀ ਜੀ ਕਹਿਣ ਲੱਗੇ, "ਜਦੋਂ ਮੈਂ ਭਾਰਤ ਗਿਆ ਸੀ ਜਿੰਨੀਆਂ ਕੁ ਔਕੜਾਂ ਉਦੋਂ ਸੀ, ਮੇਰੇ ਗੁਰੂਦੇਵ ਨੇ ਮੈਨੂੰ ਕਿਹਾ, ਤੈਨੂੰ ਅਮਰੀਕਾ ਜਾਣ ਦੀ ਲੋੜ ਨਹੀਂ, ਜੇ ਮੈਂ ਨਹੀਂ ਚਾਹੁੰਦਾ ਤਾਂ ਕੋਈ ਗੱਲ ਨਹੀਂ। ਮੈਂ ਬਹੁਤ ਗੰਭੀਰ ਹੋ ਕੇ ਇਸ ਗੱਲ ਤੇ ਵਿਚਾਰ ਕੀਤਾ ਕਿ ਚੰਗਾ ਹੀ ਹੋਵੇ ਜੇ ਮੈਂ ਹਿਮਾਲੀਆਂ ਵਿਚ ਹੀ ਰਿਹਾ। ਪਰ ਫੇਰ ਮੈਂ ਦੇਖਿਆ ਕਿਵੇਂ ਕੁਝ ਕੁ ਜਗਿਆਸੂ ਹਿੰਮਤ ਕਰ ਰਹੇ ਹਨ, ਔਕੜਾਂ ਦਾ ਸਾਮ੍ਹਣਾ ਕਰ ਰਹੇ ਹਨ, ਨਾਲੇ ਤਾਂ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ ਤੇ ਨਾਲੇ ਸੰਸਥਾ ਦਾ ਕੰਮ ਕਰ ਰਹੇ ਹਨ, ਕਿੰਨਾ ਸਮਾਂ ਤੇ ਆਪਣੀ ਸ਼ਕਤੀ ਇਥੇ ਲਗਾ ਰਹੇ ਹਨ, ਮੇਰਾ ਕੰਮ ਕਰ ਰਹੇ ਹਨ, ਸੰਸਥਾ ਦਾ ਕੰਮ ਕਰ ਰਹੇ ਹਨ, ਇਹੋ ਹੀ ਕਾਰਨ ਹੈ ਮੈਂ ਮੁੜ ਕੇ ਆਇਆ, ਮੈਂ ਤੁਹਾਡੇ ਸਾਰਿਆਂ ਦੇ ਕਾਰਨ ਹੀ ਮੁੜ ਕੇ ਆਇਆ ਹਾਂ।

ਸਵਾਮੀ ਜੀ ਥਰੀਸਾ ਨੂੰ ਪੁਸਤਕਾਂ ਡਿਕਟੇਟ ਕਰਾਉਂਦੇ ਰਹਿੰਦੇ, ਕੁਝ ਸੰਸਕ੍ਰਿਤੀ ਨੂੰ ਲਿਖਾਉਂਦੇ ਰਹਿੰਦੇ, ਉਹ ਐਨੇ ਛੇਤੀ ਤੇ ਸੰਪੂਰਨ ਤਰੀਕੇ ਨਾਲ ਬੋਲਦੇ ਸੀ ਕਿ ਤਿੰਨ ਬੰਦੇ ਇਕ ਤੋਂ ਬਾਅਦ ਇਕ ਡਿਕਟੇਸ਼ਨ ਲੈ ਕੇ ਥੱਕ ਜਾਂਦੇ ਸੀ, ਸਵਾਮੀ ਜੀ ਉਸ ਤਰ੍ਹਾਂ ਹੀ ਬੋਲਦੇ ਰਹਿੰਦੇ। ਹਿਮਾਲੀਅਨ ਪਬਲਿਸ਼ਰ ਦੀ ਸ਼ੁਰੂਆਤ ਕੀਤੀ ਗਈ, ਕਿਤਾਬਾਂ ਅਮਰੀਕਾ ਵਿਚ ਹੀ ਛਪਾਈਆਂ ਜਾਣਗੀਆਂ, ਥਰੀਸਾ ਨੂੰ ਆਮ ਤੌਰ ਤੇ 'ਟੀਸਾ ਟਾਈਪਿਸਟ' ਹੀ ਸਵਾਮੀ ਜੀ ਕਹਿੰਦੇ, ਸਵਾਮੀ ਜੀ ਨੇ ਉਸਨੂੰ ਟਾਈਪ ਸੈਂਟਰ ਦਾ ਕੰਮ ਦਿਤਾ, ਉਨ੍ਹਾਂ ਦਾ ਭਾਵ ਸੀ ਕਿਤਾਬ ਦਾ ਡਿਕਟੇਸ਼ਨ ਲੈਣਾ, ਉਸਨੂੰ ਟਾਈਪ ਕਰਨਾ, ਪੜ੍ਹ ਕੇ ਸਵਾਮੀ ਜੀ ਨੂੰ ਸੁਣਾਉਣਾ ਗਲਤੀਆਂ ਠੀਕ ਕਰਨੀਆਂ, ਉਸ ਦਾ ਅੰਦਰ ਪੂਰਾ ਸੈਟ ਕਰਨਾ, ਡਿਜ਼ਾਇਨ ਕਰਨਾ, ਮੁਖ ਪੰਨਾ ਦੇਖਣਾ, ਬਣਾਉਣਾ, ਮਸੌਦੇ ਨੂੰ ਪੂਰਾ ਠੀਕ ਕਰਨਾ ਸੈਟ ਕਰਨਾ, ਕਾਗਜ਼ ਦੇਖਣਾ, ਫੋਟੋ ਚੁਣਨੀਆਂ, ਕਿਤਾਬ ਦੀ ਪੂਰੀ ਛਪਾਈ ਦੇਖਣੀ, ਉਸ ਨੂੰ ਪੂਰੀ ਤਰ੍ਹਾਂ ਤਿਆਰ ਕਰਨਾ ਅਤੇ ਪਹਿਲੀ ਪੁਸਤਕ ਸਵਾਮੀ ਜੀ ਕੋਲ ਲੈ ਕੇ ਆਉਣੀ, ਉਸ ਲਈ ਕਦੀ ਤਾਂ ਸ਼ਾਬਾਸ਼ ਮਿਲਣੀ, ਕਦੀ ਗੁੱਸਾ ਵੀ ਮਿਲਣਾ। ਗੁਪਾਲ ਸ਼ਿਕਾਗੋ ਵਿਚ ਛਪਾਈ ਕਰਦਾ ਸੀ, ਉਸ ਨੇ ਪਹਿਲਾਂ ਪ੍ਰੈਸ ਸਵਾਮੀ ਜੀ ਦੇ ਗਰਾਜ ਵਿਚ ਲਗਾਇਆ ਸੀ, ਹੌਲੀ ਹੌਲੀ ਉਸ ਨੇ ਸਾਰਾ ਕੰਮ ਸਿਖਿਆ ਸੀ। ਸਵਾਮੀ ਜੀ ਨਾਲ ਰਹਿ ਕੇ ਉਨ੍ਹਾਂ ਦਿਨਾਂ ਵਿਚ ਸਾਡੇ ਲਈ ਕੋਈ ਵੀ ਕੰਮ ਔਖਾ ਨਹੀਂ ਸੀ।

ਜਦੋਂ ਥਰੀਸਾ ਪਹਿਲੀ ਪੁਸਤਕ ਦਾ ਪਹਿਲਾ ਡਰਾਫਟ ਲੈ ਕੇ ਆਈ, ਸਵਾਮੀ ਜੀ ਨੇ ਉਸ ਨੂੰ ਫਲ ਦਿਤਾ, ਮੁਸਕਰਾਏ ਤੇ ਕਹਿਣ ਲੱਗੇ, "ਸਾਡੇ ਪ੍ਰਕਾਸ਼ਨ, ਸਾਡੀ ਸੰਸਥਾ ਦਾ ਆਧਾਰ ਹੋਣਗੇ।"

ਸਾਡਾ ਸੈਂਟਰ ਸਾਡੀ ਸੰਸਥਾ ਹਰ ਤਰ੍ਹਾਂ ਨਾਲ ਸੰਪੂਰਨ ਸੀ। ਇਸ ਲਈ ਜਿਥੇ ਇਕ ਪਾਸੇ ਬਹੁਤ ਡੂੰਘੀ ਅਧਿਆਤਮਕ ਸਿਖਿਆ, ਰੂਹਾਨੀ ਵਿਦਿਆ ਤੇ ਯੋਗ ਅਭਿਆਸ ਕਰਾਇਆ ਜਾਂਦਾ ਸੀ, ਸਿਖਿਆ ਦਿਤੀ ਜਾਂਦੀ ਸੀ, ਉਥੇ ਸੰਪੂਰਨ ਸਿਹਤ, ਚਿਕਿਤਸਾ ਤੇ ਕਾਰੋਬਾਰੀ ਹੋਰ ਧੰਦੇ ਕਰਨ ਦੀ ਜਾਚ ਵੀ ਦਿਤੀ ਜਾਂਦੀ ਸੀ ਤੇ ਨਾਲ ਹੀ ਸਵਾਮੀ ਜੀ ਨੇ ਵਾਲੀਬਾਲ ਦੀ ਖੇਡ ਵੀ ਸ਼ੁਰੂ ਕੀਤੀ ਹੋਈ ਸੀ। ਸੰਸਥਾ ਵਿਚ

ਰਹਿਣ ਵਾਲੇ, ਹੋਰ ਗੁਆਂਢੀ ,ਸੰਸਥਾ ਵਿਚ ਆਏ ਮਹਿਮਾਨ ਕੋਈ ਵੀ ਜਿਹੜਾ ਖੇਡ ਜਾਣਦਾ ਹੋਵੇ ਉਸ ਨੂੰ ਖੇਡ ਵਿਚ ਸ਼ਾਮਲ ਕੀਤਾ ਜਾਂਦਾ, ਕੇਵਲ ਥਰੀਸਾ ਨੂੰ ਬਾਹਰ ਰੱਖਿਆ ਜਾਂਦਾ ਤੇ ਉਸ ਨੂੰ ਕੇਵਲ ਨੰਬਰ ਲਿਖਣ ਲਈ ਹੀ ਰੱਖਿਆ ਜਾਂਦਾ। ਗੱਲ ਇਕ ਹੋਰ ਵੀ ਸੀ। ਸਵਾਮੀ ਜੀ ਥਰੀਸਾ ਦੀਆਂ ਉਂਗਲੀਆਂ ਦਾ ਖਾਸ ਧਿਆਨ ਰਖਦੇ ਸੀ ਕਿਉਂ ਜੋ ਉਸ ਨ ਟਾਈਪ ਕਰਨਾ ਹੁੰਦਾ ਸੀ। ਵਾਲੀਬਾਲ ਦੀ ਖੇਡ ਇਕ ਜੰਗ ਦਾ ਮੈਦਾਨ ਹੁੰਦਾ ਸੀ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਮਹਾਂਭਾਰਤ ਦਾ ਯੁੱਧ ਕੁਰਕਸ਼ੇਤਰਾ ਵਿਚ ਹੋ ਰਿਹਾ ਹੋਵੇ, ਉਥੇ ਸਦਾ ਹੀ ਗਰਮਾ ਗਰਮੀ ਹੁੰਦੀ, ਵਾਦ ਵਿਵਾਦ ਚਲਦਾ ਹੀ ਰਹਿੰਦਾ, ਰੂਹਾਨੀਅਤ ਵਿਚ ਵਾਦ ਵਿਵਾਦ ਇਕ ਬਹੁਤ ਵੱਡਾ ਸੰਘਰਸ਼ ਹੈ। ਸਵਾਮੀ ਜੀ ਬੜੀ ਹੀ ਸੋਝੀ ਨਾਲ ਦੋਨੋਂ ਟੀਮਾਂ ਚੁਣਦੇ, ਚੰਗੇ ਖਿਲਾੜੀ ਉਹ ਆਪਣੀ ਟੀਮ ਵਿਚ ਲੈਂਦੇ। ਜਿਸ ਤੇ ਵੀ ਸਵਾਮੀ ਜੀ ਵਧੇਰੇ ਧਿਆਨ ਦੇ ਰਹੇ ਹੁੰਦੇ ਉਹ ਸਵਾਮੀ ਜੀ ਦਾ ਵਿਰੋਧ ਕਰਦਾ। ਉਨ੍ਹਾਂ ਦਾ ਇਕ ਸਿਰਜਨਾਤਮਕ ਅਸੂਲ ਸੀ ਕਿ ਉਹ ਖਿਡਾਰੀ ਵੀ ਹੁੰਦੇ ਤੇ ਰੈਫਰੀ ਵੀ ਹੁੰਦੇ। ਜਦੋਂ ਦੇਖਦੇ ਕਿ ਨੰਬਰ ਠੀਕ ਨਹੀਂ ਨੋਟ ਕੀਤੇ ਗਏ ਉਹ ਨੰਬਰ ਵੀ ਠੀਕ ਕਰਦੇ। ਜਿਸ ਪਾਸੇ ਸਵਾਮੀ ਜੀ ਹੁੰਦੇ ਉਸ ਪਾਸੇ ਹੀ ਸਾਰੇ ਸਰੋਤੇ ਵਾਹ ਵਾਹ ਕਰ ਰਹੇ ਹੁੰਦੇ, ਉਨ੍ਹਾਂ ਦੀ ਹੀ ਹੌਂਸਲਾ ਵਧਾਈ ਹੋ ਰਹੀ ਹੁੰਦੀ।

ਜਿਵੇਂ ਜਿਵੇਂ ਖੇਡ ਵਧਦੀ ਹਫਤੇ ਤੋਂ ਬਾਅਦ ਦੂਸਰਾ ਸਪਤਾਹ ਤੇ ਹੋਰ, ਨਿਯਮ ਬਦਲਦੇ ਜਾਂਦੇ, ਸਵਾਮੀ ਜੀ ਵਲ ਵਧੇਰੇ ਹੁੰਦੇ ਜਾਂਦੇ। ਇਸ ਨਾਲ ਦੂਸਰੀ ਪਾਰਟੀ ਨੂੰ ਐਨਾ ਗੁੱਸਾ ਆਉਂਦਾ ਕਿ ਉਹ ਗੁੱਸੇ ਨਾਲ ਧਰਤੀ ਤੇ ਪੈਰ ਮਾਰਨ ਲਗ ਪੈਂਦੇ। ਸਾਨੂੰ ਇਹ ਸਮਝਣ ਵਿਚ ਬਹੁਤ ਦੇਰ ਲੱਗੀ ਕਿ ਸਵਾਮੀ ਜੀ ਤਾਂ ਕੇਵਲ ਮਜ਼ਾ ਲੈ ਰਹੇ ਹੁੰਦੇ, ਸੁਆਦ ਲੈ ਰਹੇ ਹੁੰਦੇ, ਸਾਨੂੰ ਚਿੜਾਉਂਦੇ, ਮਖੌਲ ਕਰਦੇ ਤੇ ਨਾਲ ਨਾਲ ਜੀਵਨ ਦਾ ਮਹੱਤਵਪੂਰਨ ਸਬਕ ਵੀ ਸਿਖਾ ਰਹੇ ਹੁੰਦੇ। ਆਪਣੇ ਆਪ ਲਈ ਖੜ੍ਹੇ ਹੋ ਕੇ ਬੋਲਣਾ, ਆਪਣਾ ਹੱਕ ਮੰਗਣਾ, ਸੱਚ ਬੋਲਣਾ, ਸਹਾਇਤਾ ਕਰਨੀ, ਆਪਣੇ ਆਪ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਣਾ, ਹਉਮੈ ਨੂੰ ਸਾਂਵਾਂ ਰਖਣਾ ਇਹ ਕੁਝ ਕੁ ਸਬਕ ਸੀ ਜਿਹੜੇ ਸਵਾਮੀ ਜੀ ਬਾਲੀਬਾਲ ਦੀ ਖੇਡ ਨਾਲ ਸਿਖਾ ਰਹੇ ਹੁੰਦੇ, ਸਵਾਮੀ ਜੀ ਦੀ ਟੀਮ ਸਦਾ ਹੀ ਜਿਤਦੀ ਪਰ ਜਿਹੜੇ ਹਾਰਦੇ ਉਹ ਬਹੁਤ ਸਾਰਾ ਖਜ਼ਾਨਾ ਲੈ ਕੇ ਜਾਂਦੇ।

ਜਦੋਂ ਤੋਂ ਡਾਕਟਰ ਮਿਸ਼ਰਾ ਨੇ ਸੰਸਥਾ ਦਾ ਕਾਰਜ ਸੰਭਾਲ ਲਿਆ ਸੀ ਮੈਂ ਲੋਇਲਾ ਵਿਸ਼ਵਵਿਦਿਆਲਯ ਵਿਚ ਪੂਰੀ ਮਿਹਨਤ ਕਰ ਰਿਹਾ ਸੀ, ਕਾਲਜ ਵਿਚ ਵੀ ਵਧੇਰੇ ਸਮਾਂ ਦੇ ਰਿਹਾ ਸੀ। ਦੀਕਸ਼ਾ ਤੋਂ ਬਾਅਦ ਮੈਂ ਅਧਿਆਤਮਕ ਸ਼ਕਤੀ ਤੇ ਇਕ ਕੋਰਸ ਪੜ੍ਹਾ ਰਿਹਾ ਸੀ, ਇਸ ਨੂੰ ਮੈਂ ਯੋਗ ਪਰੰਪਰਾ ਨਾਲ ਜੋੜ ਰਿਹਾ ਸੀ। ਕਲਾਸ ਪੂਰੀ ਤਰ੍ਹਾਂ ਨਾਲ ਭਰੀ ਹੁੰਦੀ, ਮੈਂ ਆਪਣੇ ਕੰਮ ਤੋਂ ਖੁਸ਼ ਸੀ, ਪਰ ਮੇਰੇ ਦਿਮਾਗ ਵਿਚ ਫੇਰ ਇਕ ਉਥੱਲ-ਪੁਥੱਲ ਹੋਣ ਲਗ ਪਈ, ਮੇਰੇ ਅੰਦਰੋਂ ਆਵਾਜ਼ ਆਉਣ ਗਈ, ਕੁਝ ਘਾਟ ਹੈ, ਕੁਝ ਕਮੀ ਹੈ, ਕੁਝ ਗੁਆਚਾ, ਗੁਆਚਾ ਹੈ। ਇਹ ਮੇਰੇ ਅੰਦਰ ਸ਼ੁਰੂ ਹੋ ਗਿਆ ਤੇ ਚਲਦਾ ਹੀ ਰਿਹਾ।

ਜਦੋਂ ਕਲਾਸਾਂ ਤੋਂ ਮੈਂ ਵਿਹਲਾ ਹੁੰਦਾ, ਮੈਂ ਕਿਸੇ ਨਵੇਕਲੀ ਥਾਂ ਚਲਾ ਜਾਂਦਾ, ਚਰਚ ਚਲਾ ਜਾਂਦਾ, ਉਥੇ ਬੈਠ ਕੇ ਮੈਡੀਟੇਸ਼ਨ ਕਰਦਾ। ਇਕ ਦਿਨ ਦੁਪਹਿਰ ਜਦੋਂ ਮੈਂ ਬੈਠਾ, ਪਿਛਲੇ ਸਾਲ ਜੋ ਮੈਂ ਕੀਤਾ ਸੀ ਉਹ ਮੇਰੀਆਂ ਅੱਖਾਂ ਅੱਗੋਂ ਲੰਘ ਗਿਆ। ਆਉਣ ਵਾਲੇ ਸਤੰਬਰ ਵਿਚ ਮੈਨੂੰ ਲੋਇਲਾ ਵਿਸ਼ਵਵਿਦਿਆਲਾ ਵਿਚ ਆਇਆਂ, ਨੌਂ ਸਾਲ ਹੋ ਜਾਣਗੇ, ਤਕਰੀਬਨ ਮੈਂ ਉਹ ਹੀ ਕੋਰਸ ਪੜ੍ਹਾ ਰਿਹਾ ਹਾਂ। ਆਖਰਕਾਰ ਕੋਈ ਕਿਸੇ ਹੱਦ ਤਕ ਹੀ ਮੈਂ ਪੂਰਬੀ ਫਿਲੌਸਫੀ ਨੂੰ ਈਸਾਈ ਮਤ ਦੇ ਵਿਚਾਰ ਨਾਲ ਮਿਲਾ ਸਕਦਾ ਸੀ। ਮੈਨੂੰ ਇਕ ਵਾਰੀ ਫੇਰ ਇਸ ਤਰ੍ਹਾਂ ਲੱਗਣ ਲਗ ਗਿਆ ਕਿ ਮੈਂ ਕਾਫੀ ਉਨਤੀ ਕਰ ਚੁੱਕਾ ਹਾਂ ਅਤੇ ਜੋ ਮੈਂ ਕਰ ਰਿਹਾ ਹਾਂ, ਇਹ ਹੁਣ ਮੇਰੇ ਲਈ ਕਾਫੀ ਨਹੀਂ ਹੈ।

ਸਵਾਮੀ ਜੀ ਇਕ ਵਾਰੀ ਮੈਨੂੰ ਕਹਿ ਚੁੱਕੇ ਸੀ, ਜੇ ਤੂੰ ਲੋਇਲਾ ਵਿਚ ਰਹੇਂਗਾ, ਤੇਰਾ ਉਥਾਨ ਨਹੀਂ ਹੋ ਸਕਦਾ। ਇਹ ਉਨ੍ਹਾਂ ਬੜੇ ਹੀ ਸਹਿਜ ਨਾਲ ਕਿਹਾ ਸੀ।

ਜਦੋਂ ਵੀ ਸਵਾਮੀ ਜੀ ਨੇ ਕੋਈ ਗੱਲ ਮੈਨੂੰ ਕਹਿਣੀ ਹੁੰਦੀ ਤੇ ਉਸ ਤੇ ਮੇਰੇ ਕੋਲੋਂ ਅਮਲ ਕਰਾਉਣਾ ਹੁੰਦਾ ਜਾਂ ਕੋਈ ਗੰਭੀਰ ਗੱਲ ਹੁੰਦੀ ਉਹ ਸਹਿਜ ਨਾਲ ਗੱਲ ਕਰਕੇ ਛੱਡ ਦਿੰਦੇ। ਮੈਨੂੰ ਇਹ ਅੱਛਾ ਲਗਦਾ, ਮੈਨੂੰ ਹੁਕਮ ਮੰਨਣਾ ਚੰਗਾ ਨਹੀਂ ਲਗਦਾ, ਹੁਣ ਇਸ ਤਰ੍ਹਾਂ ਲਗ ਰਿਹਾ ਸੀ ਕਿ ਚਿੰਤਨ ਦਾ ਸਮਾਂ ਖਤਮ ਹੋ ਗਿਆ ਹੈ। ਮੈਂ ਇਹ ਸਮਝ ਗਿਆ ਕਿ ਮੈਂ ਏਥੇ ਰਹਿ ਕੇ ਅੱਗੇ ਕੋਈ ਵੀ ਵ੍ਰਿਧੀ ਨਹੀਂ ਕਰ ਸਕਦਾ। ਜਦੋਂ ਇਕ ਦਿਨ ਮੈਂ ਚਰਚ ਵਿਚ ਜਾ ਕੇ ਬੈਠਾ ਮੈਨੂੰ ਇਸ ਗੱਲ ਦਾ ਆਭਾਸ ਹੋ ਗਿਆ ਕਿ ਮੈਂ ਕੀ ਕਰਨਾ ਹੈ। ਮੇਰੇ ਸਾਮ੍ਹਣੇ ਆ ਗਿਆ ਤੇ ਸਪਸ਼ਟ ਹੋ ਗਿਆ।

ਅਗਲੇ ਮੰਗਲ ਮੈਂ ਮਜ਼ਹਬੀ ਸਿਖਿਆ ਦੇ ਪਹਿਲੇ ਚੇਅਰਮੈਨ ਕੋਲ ਗਿਆ। ਇਹ ਮੇਰੇ ਬੜੇ ਪਿਆਰੇ ਮਿਤਰ ਵੀ ਸੀ ਤੇ ਮੇਰੇ ਸਾਥੀ ਵੀ ਰਹੇ ਸੀ, ਥੋੜ੍ਹੀ ਗੱਲਬਾਤ ਕਰਨ ਤੋਂ ਬਾਦ ਉਨ੍ਹਾਂ ਦੇ ਖਾਣ ਪੀਣ ਬਾਰੇ ਪੁਛਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਅਸਤੀਫਾ ਦੇਣਾ ਚਾਹੁੰਦਾ ਹਾਂ।

ਮੈਂ ਕਿਹਾ, "ਮਾਰਕ ਜੇ ਅੱਜ ਤੋਂ ਚਾਰ ਸਾਲ ਪਹਿਲਾਂ ਮੈਨੂੰ ਕੋਈ ਇਹ ਸ਼ਬਦ ਕਹਿੰਦਾ ਕਿ ਮੈਂ ਅਸਤੀਫਾ ਦੇ ਦੇਣਾ ਹੈ ਤਾਂ ਇਹ ਇਕ ਹਾਸੋਹੀਣੀ ਗੱਲ ਹੀ ਲਗਣੀ ਸੀ। ਤੁਸੀਂ ਮੇਰੇ ਮਿਤਰ ਹੋ, ਮੈਂ ਤੁਹਾਡੇ ਨਾਲ ਇਕ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ, ਜਦੋਂ ਮੈਂ ਛੋਟਾ ਸੀ, ਮੈਨੂੰ ਅਧਿਆਤਮ ਦੀ ਬਹੁਤ ਹੀ ਖਿੱਚ ਸੀ, ਕਦੀ ਇਹ ਖਿੱਚ ਤੀਬਰ ਹੋ ਜਾਂਦੀ, ਕਦੀ ਥੋੜ੍ਹੀ ਮੱਧਮ ਪੈ ਜਾਂਦੀ, ਭਾਵੇਂ ਮੈਂ ਕੁਝ ਵੀ ਕਿਉਂ ਨਾ ਕਰਾਂ ਪਰ ਇਹ ਖਿੱਚ ਮੇਰੇ ਅੰਦਰ ਮੁੜ ਮੁੜ ਕੇ ਆ ਜ਼ਰੂਰ ਜਾਂਦੀ, ਜਦੋਂ ਮੈਂ ਫੌਜ ਵਿਚ ਪੈਰਾ ਟਰੂਪ ਵਿਚ ਸੀ

ਓਦੋਂ ਵੀ ਮੈਂ ਮੱਧਕਾਲੀਨ ਦੇ ਅਧਿਆਤਮਵਾਦ ਬਾਰੇ ਸੰਤਾਂ ਬਾਰੇ ਪੜਦਾ ਰਿਹਾ, ਵੱਖ ਵੱਖ ਪੱਧਰ ਤੇ ਰੂਹਾਨੀ ਅਨੁਭਵ ਹੋਣੇ ਜਿਨ੍ਹਾਂ ਦਾ ਕੋਈ ਕਾਰਣ ਨਹੀਂ ਸਮਝਾਇਆ ਜਾ ਸਕਦਾ। ਸਾਧੂਆਂ ਸੰਤਾਂ ਦੇ ਕੌਤਕ ਮੇਰੇ ਲਈ ਸਦਾ ਹੀ ਇਕ ਰੌਚਕ ਵਿਸ਼ਾ ਰਹੇ ਹਨ। ਮੈਨੂੰ ਹੁਣ ਮੌਕਾ ਮਿਲ ਗਿਆ ਹੈ ਕਿ ਰੂਹਾਨੀ ਮਾਰਗ ਤੇ ਚੱਲਾਂ। ਰਹੱਸਵਾਦ ਦੇ ਬੂਹੇ ਮੇਰੇ ਲਈ ਖੁਲ੍ਹ ਗਏ ਹਨ, ਮੈਂ ਉਸ ਦਾ ਅਨੁਭਵ ਲੈਣਾ ਚਾਹੁੰਦਾ ਹਾਂ। ਇਹ ਮੇਰਾ ਇਸ ਵਿਸ਼ਵਵਿਦਿਆਲਾ ਵਿਚ ਆਖਰੀ ਸਾਲ ਹੋਵੇਗਾ।

ਮਾਰਕ ਬਹੁਤ ਹੀ ਹੈਰਾਨ ਸੀ, ਉਹ ਬਹੁਤ ਉਤਸੁਕ ਹੋ ਗਏ ਤੇ ਕਹਿਣ ਲੱਗੇ, "ਜਸਟਿਨ, ਮੈਨੂੰ ਬਹੁਤ ਚੰਗਾ ਲੱਗਾ ਹੈ ਜੋ ਤੂੰ ਮੈਨੂੰ ਦੱਸਿਆ ਹੈ ਪਰ ਜ਼ਰਾ ਸੋਚ ਤੂੰ ਕਿ ਕੀ ਛੱਡ ਰਿਹਾ ਹੈਂ? ਤੂੰ ਤਾਂ ਸਭ ਤੋਂ ਵੱਧ ਹਰਮਨ ਪਿਆਰਾ ਅਧਿਆਪਕ ਹੈਂ। ਸਾਰੇ ਹੀ ਤੇਰੀ ਬੜੀ ਇਜ਼ਤ ਕਰਦੇ ਹਨ। ਤੂੰ ਉਹ ਪ੍ਰਾਪਤੀ ਕਰ ਲਈ ਹੈ ਜਿਹੜੀ ਮੈਂ ਕਰਨਾ ਚਾਹੁੰਦਾ ਸੀ। ਤੁਹਾਡੀ ਜੀਵਨ ਯਾਤਰਾ ਬੜੀ ਅੱਛੀ ਚਲ ਰਹੀ ਹੈ, ਕੋਈ ਸਮੱਸਿਆ ਨਹੀਂ ਹੈ, ਤੁਸੀਂ ਛੱਡ ਕੇ ਜਾਣਾ ਚਾਹੁੰਦੇ ਹੋ। ਮੈਂ ਤਾਂ ਹਮੇਸ਼ਾ ਯੂਰਪ ਵਿਚ ਪੜ੍ਹਨਾ ਚਾਹੁੰਦਾ ਸੀ। ਮੈਨੂੰ ਤੁਹਾਡਾ ਇਹ ਫੈਸਲਾ ਸਮਝ ਨਹੀਂ ਆਇਆ।

ਹੌਲੀ ਹੌਲੀ ਮੈਂ ਫੇਰ ਸ਼ੁਰੂ ਕੀਤਾ, ਮੈਂ ਕਿਹਾ, "ਮਾਰਕ ਇਕ ਦਿਨ ਜੇ ਯੂਸੋਮਸੀਹ ਆਪ ਤੁਰ ਕੇ ਤੁਹਾਡੇ ਦਫਤਰ ਵਿਚ ਆਵੇ ਤੇ ਤੁਹਾਨੂੰ ਤੁਹਾਡੀਆਂ ਸਾਰੀਆਂ ਜਾਤੀ ਤੇ ਗਿਆਨ ਪ੍ਰਾਪਤੀ ਦੀਆਂ ਸਾਰੀਆਂ ਇਛਾਵਾਂ ਬਾਰੇ ਦੱਸੇ। ਤੁਹਾਡੇ ਸਾਰੇ ਪ੍ਰਸ਼ਨਾਂ ਦੇ ਉਤਰ ਦੇ ਦੇਵੇ, ਆਪਣੇ ਬਾਰੇ ਭਰੋਸਾ ਦਿਵਾ ਦੇਵੇ ਕਿ ਉਹ ਯੂਸੋਮਸੀਹ ਹੀ ਹੈ ਤੇ ਤੁਹਾਨੂੰ ਇਸ ਗੱਲ ਦਾ ਭਰੋਸਾ ਦਿਵਾ ਦੇਵੇ ਕਿ ਤੁਸੀਂ ਜੋ ਸਿਖਣਾ ਚਾਹੁੰਦੇ ਹੋ, ਰੂਹਾਨੀ ਮਾਰਗ ਤੇ ਜੋ ਜਾਨਣਾ ਚਾਹੁੰਦੇ ਹੋ, ਉਹ ਤੁਹਾਨੂੰ ਸਿਖਾਉਣ ਨੂੰ ਤਿਆਰ ਹੈ, ਕੀ ਤੁਸੀਂ ਆਪਣੀ ਜੀਵਨ ਯਾਤਰਾ ਛੱਡ ਕੇ ਜਾਓਗੇ ਕਿ ਨਹੀਂ? ਉਸ ਦੇ ਸ਼ਿਸ਼ ਬਣੋਗੇ ਕਿ ਨਹੀਂ।

ਮਾਰਕ ਨੇ ਮੇਰੇ ਵਲ ਦੇਖਿਆ ਤੇ ਦੇਖਦੇ ਰਹੇ, ਕਿਹਾ ਕੁਝ ਨਹੀਂ, ਫੇਰ ਉਹ ਮੁਸਕਰਾਏ ਤੇ ਕਹਿਣ ਲੱਗੇ, ਮੈਂ ਤੈਨੂੰ ਯਾਦ ਕਰਾਂਗਾ ਤੇ ਤੇਰੀ ਘਾਟ ਮਹਿਸੂਸ ਕਰਾਂਗਾ। ਜਦੋਂ ਉਨ੍ਹਾਂ ਨੇ ਇਹ ਸ਼ਬਦ ਕਹੇ ਉਨ੍ਹਾਂ ਦਾ ਗਲਾ ਭਰਿਆ ਹੋਇਆ ਸੀ, ਉਹ ਕਹਿਣ ਲੱਗੇ ਮੈਂ ਤੈਨੂੰ ਵਧਾਈ ਦਿੰਦਾ ਹਾਂ ਤੇ ਇੱਛਾ ਕਰਦਾ ਹਾਂ ਕਿ ਨਵਾਂ ਸੰਸਾਰ ਤੇਰੇ ਲਈ ਭਾਗਾਂ ਭਰਿਆ ਹੋਵੇ। ਵਾਹਿਗੁਰੂ ਤੇਰੇ ਅੰਗ ਸੰਗ ਹੋ ਕੇ ਤੈਨੂੰ ਸਫਲਤਾ ਬਖਸ਼ੇ।

(ਪੰਨਾ 10 ਦੀ ਬਾਕੀ)

*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਪੰਨਾ - 275*

ਪ੍ਰਸ਼ਨ - 7. **ਆਦਮੀ ਨੂੰ ਹਰ ਵਕਤ ਸੰਕਲਪ ਆਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਕਿਸ ਤਰ੍ਹਾਂ ਨਾਲ ਖਹਿੜਾ ਛੁਡਾਇਆ ਜਾ ਸਕਦਾ ਹੈ?**

ਉਤਰ - ਲੰਘ ਗਏ ਸਮੇਂ ਦੀ ਵਿਅਰਥ ਯਾਦ, ਸਮਾਂ ਬਰਬਾਦ ਕਰਦੀ ਹੈ। ਜੋ ਕੁਛ ਭੂਤਕਾਲ ਵਿਚ ਹੋ ਚੁਕਿਆ ਹੈ, ਉਹ ਹੋ ਹੀ ਚੁੱਕਿਆ ਹੈ, ਉਹ ਸਮਾਂ ਕਦੇ ਵੀ ਹੱਥ ਵਿਚ ਨਹੀਂ ਆਇਆ ਕਰਦਾ। ਸੋ ਲੰਘ ਗਏ ਸਮੇਂ ਦੀਆਂ ਘਟਨਾਵਾਂ ਨੂੰ ਸਿਮ੍ਰਿਤੀ ਵਿਚ ਲਿਆ ਕੇ ਘਾਟੇ ਹੀ ਘਾਟੇ ਹਨ। ਪਹਿਲਾਂ ਤਾਂ ਰਿਦੇ ਵਿਚ ਰਾਗ-ਦ੍ਵੈਸ਼ ਧਾਰਨ ਕਰਦਾ ਹੈ, ਦੂਸਰਾ ਲੰਘ ਚੁੱਕੀਆਂ ਵਿਅਕਤੀਆਂ ਦੇ ਨਾਲ ਵੈਰ ਧਾਰਨ ਕਰਦਾ ਹੈ, ਜੋ ਮਹਾਂਮੂਰਖਾਂ ਵਾਲਾ ਵਰਤਾਰਾ ਹੈ।

ਭਵਿੱਖਤ ਕਾਲ ਦੀ ਚਿੰਤਾ ਕਰਕੇ ਵਿਅਰਥ ਸਮਾਂ ਬਰਬਾਦ ਕਰਦਾ ਹੈ ਕਿਉਂਕਿ ਇਸਨੂੰ ਕੋਈ ਪਤਾ ਨਹੀਂ ਕਿ ਅਗਲੇ ਪਲ ਮੇਰੇ ਨਾਲ ਕੀ ਹੋਣ ਵਾਲਾ ਹੈ ਅਤੇ ਨਾ ਹੀ ਇਸ ਦੇ ਸੋਚਿਆਂ ਇਸਦੀ ਮਰਜ਼ੀ ਦੇ ਮੁਤਾਬਿਕ ਕੋਈ ਕੰਮ ਹੋ ਸਕਦਾ ਹੈ ਕਿਉਂਕਿ ਮਹਾਰਾਜ ਦਾ ਫੁਰਮਾਨ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥* *ਪੰਨਾ - 277*

ਸੱਤਤਾ ਇਹ ਹੈ ਕਿ ਇਥੇ ਸਾਰੀ ਖੇਲ੍ਹ ਹੁਕਮ ਦੇ ਅਧੀਨ ਹੋ ਰਹੀ ਹੈ ਤਾਂ ਚਿੰਤਾ ਕਰਨ ਦਾ ਕੀ ਫਾਇਦਾ ਹੈ? ਜੋ ਕੁਛ ਵਿਧਾਤਾ ਨੇ ਕਰਨਾ ਹੈ, ਉਹ ਤਾਂ ਹੋ ਹੀ ਰਿਹਾ ਹੈ। ਹਾਂ, ਇਕ ਹੱਲ ਹੈ ਕਿ ਸ਼ੁੱਧ ਹਿਰਦੇ ਨਾਲ ਅਰਦਾਸ ਕੀਤੀ ਜਾਵੇ ਜੋ ਅਸੀਂ ਹਰ ਰੋਜ਼ ਨਿਤਨੇਮ ਪਿਛੋਂ ਅਰਦਾਸ ਕਰਕੇ ਰਹਿੰਦੇ ਹਾਂ ਕਿ ਹੇ ਪ੍ਰਭੂ! ਚਾਰ ਪਹਿਰ ਦਿਨ ਆਇਆ ਹੈ, ਚਾਰ ਪਹਿਰ ਰਾਤ ਆਈ ਹੈ ਆਪਣੇ ਪਿਆਰ ਵਿਚ ਰਖਦਿਆਂ, ਆਪਣੀ ਕ੍ਰਿਪਾ ਦਾ ਪਾਤਰ ਬਣਾਉਂਦਿਆਂ ਸੁਖ ਨਾਲ ਬਤੀਤ ਹੋਵੇ। ਜੋ ਪ੍ਰੇਮੀ ਐਸੀ ਬਿਰਤੀ ਧਾਰਨ ਕਰਦਾ ਹੈ, ਉਸਦੇ ਮਨ ਵਿਚ ਨਿਰਾਰਥਕ ਸੰਕਲਪ ਨਹੀਂ ਉਠਿਆ ਕਰਦੇ।

# ਗੁਰੂ ਅਰਜਨ ਦੇਵ ਜੀ ਦੀ ਸਾਹਿਤਕ ਦੇਣ।

***ਡਾ. ਅੰਮ੍ਰਿਤ ਕੌਰ ਰੈਣਾ***

ਸ਼ਹੀਦਾਂ ਦੇ ਸਰਤਾਜ ਗੁਰੂ ਅਜਰਨ ਦੇਵ ਜੀ ਦੀ ਸਾਹਿਤਕ ਦੇਣ ਅਮੁੱਲ ਤੇ ਵੱਡਮੁਲੀ ਹੈ। 'ਪੋਥੀ ਪਰਮੇਸਰ ਦਾ ਥਾਨੁ' (ਮ.5 - ਪੰ - 1226) ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਸਦਾ ਸਦਾ ਲਈ 'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਮ.5 - ਪੰ 186) ਇਹ ਸਾਹਿਤਕ ਸਭਿਆਚਾਰਕ ਤੇ ਵਿਦਿਅਕ ਖਜਾਨਾ ਵਿਰਸੇ ਦੇ ਰੂਪ ਵਿਚ ਸਮਾਜ ਨੂੰ ਦੇਣਾ ਇਕ ਵਡਮੁਲੀ ਦਾਤ ਹੈ। 'ਪ੍ਰਗਟ ਗੁਰਾਂ ਦੀ ਦੇਹ' ਮਾਨਵਤਾ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਆਂ ਤੋਂ ਸਾਧਾਰਨ ਜਨਤਾ ਨੂੰ ਅਧਿਆਤਮਿਕ, ਧਾਰਮਿਕ, ਨੈਤਿਕ, ਸਮਾਜਿਕ, ਸਭਿਆਚਾਰਕ, ਰਾਜਨੀਤਿਕ ਤੌਰ ਤੇ ਸਿਖਿੱਤ ਕਰਦਾ ਆ ਰਿਹਾ ਹੈ। ਇਹ ਸਿਖਿਆ ਦਾ ਵਡਮੁਲਾ ਖਜ਼ਾਨਾ ਹੈ ਜਿਸ ਦੀ ਅਜੋਕੇ ਯੁੱਗ ਵਿਚ ਵੀ ਸਾਰਥਕਤਾ ਹੈ। ਆਧੁਨਿਕ ਯੁੱਗ ਵਿਚ ਵੀ ਬਾਣੀ ਦੇ ਸ਼ਬਦਾਂ ਨੂੰ ਪਾਠ ਪੁਸਤਕਾਂ ਵਿਚ ਵਿਸ਼ੇਸ਼ ਤੌਰ ਤੇ ਸ਼ਾਮਿਲ ਕੀਤਾ ਜਾਂਦਾ ਹੈ। ਬਾਣੀ ਤੇ ਨਿਰੰਤਰ ਖੋਜ ਜਾਰੀ ਹੈ। ਅਨੇਕਾਂ ਪੁਸਤਕਾਂ ਦੀ ਇਸ ਨੂੰ ਆਧਾਰ ਬਣਾ ਕੇ ਰਚਨਾ ਕੀਤੀ ਜਾਂਦੀ ਹੈ। ਬਾਣੀ ਮਾਤ ਭਾਸ਼ਾ ਦੇ ਅਧਿਐਨ ਅਧਿਆਪਨ ਦੀ ਪ੍ਰੇਰਨਾ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਪ੍ਰਮੁਖ ਖਜਾਨਾ ਹੈ। ਜਿਸ ਨੇ ਸਾਨੂੰ ਸਾਡੇ ਧਰਮ ਤੇ ਵਿਰਸੇ ਨਾਲ ਜੋੜਿਆ ਹੋਇਆ ਹੈ। ਇਸ ਦੀਆਂ ਅਨੇਕਾਂ ਤੁਕਾਂ-ਸਤਰਾਂ-ਕਹਾਵਤਾਂ ਦਾ ਰੂਪ ਧਾਰਨ ਕਰ ਅੱਜ ਵੀ ਸਾਡੇ ਜੀਵਨ ਦੀ ਅਗਵਾਈ ਕਰਦੀਆਂ ਹਨ। ਗੁਰਬਾਣੀ ਦੇ ਜੀਵਨ ਦਰਸ਼ਨ ਦੀ ਛਾਪ ਅੱਜ ਵੀ ਪੰਜਾਬੀਆਂ ਦੇ ਜੀਵਨ ਤੇ ਸਾਫ ਉਕਰੀ ਹੋਈ ਨਜ਼ਰ ਆਉਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਦੁਆਰਿਆਂ ਨੂੰ ਸਾਧਾਰਨ ਜਨਤਾ ਦੀ ਸਿਖਿਆ ਦਾ ਕੇਂਦਰ ਬਣਾ ਦਿਤਾ। ਉਨ੍ਹਾਂ ਨੇ ਗੁਰਦੁਆਰਿਆਂ ਨਾਲ ਸੰਬੰਧਿਤ ਆਰੰਭਕ ਸਕੂਲ ਖੋਲੇ ਜਿਨ੍ਹਾਂ ਦਾ ਬਾਕੀ ਗੁਰੂ ਸਾਹਿਬਾਨ ਦੀ, ਰਹਿਨੁਮਾਈ ਸਦਕਾ ਸਮਾਂ ਪਾ ਕੇ ਇਕ ਜਾਲ ਜਿਹਾ ਵਿਛ ਗਿਆ। ਇਹ ਸਕੂਲ ਬੱਚਿਆਂ ਤੇ ਬਾਲਗਾਂ ਦੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਦੇ ਹੋਏ ਸਾਧਾਰਨ ਜਨਤਾ ਦੀ ਸਿਖਿਆ ਦਾ ਕੇਂਦਰ ਬਣ ਗਏ। ਇਸ ਸਿਖਿਆ ਲਹਿਰ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਤੇ ਵਿਚਾਰ ਕਰਨਾ ਖੋਜ ਦਾ ਵਿਸ਼ਾ ਹੈ। ਉਹ ਵਿਦਿਆ ਤੋਂ ਕੀ ਭਾਵ ਲੈਂਦੇ ਹਨ, ਵਿਦਿਆ ਪ੍ਰਸਾਰ ਲਈ ਉਨ੍ਹਾਂ ਨੇ ਕੀ ਕੰਮ ਕੀਤੇ, ਉਨ੍ਹਾਂ ਦਾ ਪਾਠ ਕ੍ਰਮ ਤੇ ਵਿਦਿਆ ਪ੍ਰਣਾਲੀ ਕੀ ਸੀ, ਉਨ੍ਹਾਂ ਦੇ ਵਿਦਿਅਕ ਵਿਚਾਰ ਕਿਸ ਤਰ੍ਹਾਂ ਜੀਵਨ ਦੇ ਸਰਵਪੱਖੀ ਵਿਕਾਸ ਵਿਚ ਸਹਾਇਕ ਸਿਧ ਹੁੰਦੇ ਹਨ, ਇਨ੍ਹਾਂ ਮਸਲਿਆਂ ਤੇ ਵਿਚਾਰ ਕਰਨਾ ਇਸ ਲੇਖ ਦਾ ਵਿਸ਼ਾ ਹੈ।

**1. ਸਿਖਿਆ ਕੀ ਹੈ** - ਜੀਵਨ ਵਿਚ ਵਿਦਿਆ ਦੇ ਮਹੱਤਵ ਨੂੰ ਪ੍ਰਗਟ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ

***ਬਿਨੁ ਬਿਦਿਆ ਕਹਾ ਕੋਈ ਪੰਡਿਤ॥ ਪੰਨਾ - 1140***

ਵਿਦਿਆ ਗ੍ਰਹਿਣ ਕਰਨਾ ਇਕ ਤਪਸਿਆ ਹੈ ਇਕ ਸਾਧਨਾ ਹੈ।

***ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥***
***ਗਿਆਨੁ ਸ੍ਰੇਸਟ ਊਤਮ ਇਸਨਾਨੁ॥ ਪੰਨਾ - 296***

ਤੇ ਜਦੋਂ ਗਿਆਨ ਦੀ ਗੰਗਾ ਵਿਚ ਆਤਮਾ ਇਸ਼ਨਾਨ ਕਰਦੀ ਹੈ ਵਿਦਿਆ ਦਾ ਪ੍ਰਕਾਸ਼ ਫੈਲਦਾ ਹੈ ਤਾਂ ਚਾਰੋ ਤਰਫ ਉਜਾਲਾ ਹੀ ਉਜਾਲਾ ਹੋ ਜਾਂਦਾ ਹੈ। ਵਿਦਿਆ ਚਾਨਣ ਹੈ ਤੇ ਇਹ ਚਾਨਣ ਗਿਆਨ ਪ੍ਰਾਪਤੀ ਦੁਆਰਾ ਸੰਭਵ ਹੈ। ਗੁਰੂ ਜੀ ਨੇ ਗਿਆਨ ਨੂੰ ਗੁਰੂ ਮੰਨਿਆ ਹੈ। 'ਸਰਬ ਤਤ ਮਹਿ ਤਤ ਗਿਆਨ'

''ਗਿਆਨ ਅੰਜਨ ਅਗਿਆਨ ਬਿਨਾਸੁ' ਗਿਆਨ ਦਾ ਪ੍ਰਕਾਸ਼ ਸ਼ਿਸ਼ ਦੀਆਂ ਆਤਮਿਕ, ਮਾਨਸਿਕ ਤੇ ਸਰੀਰਕ ਸ਼ਕਤੀਆਂ ਨੂੰ ਵਿਕਸਿਤ ਕਰਤਾ ਹੈ

***ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥***
***ਪੰਨਾ - 241***

ਇਹ ਤਤ ਗਿਆਨ, ਇਹ ਗਿਆਨ ਦਾ ਦੀਪਕ ਅਗਿਆਨ ਦੇ ਅੰਧੇਰੇ ਨੂੰ ਦੂਰ ਕਰ ਸ਼ਿਸ਼ ਦੀ ਬੁਧਿ ਬਿਬੇਕ ਨੂੰ ਵਿਕਸਿਤ ਕਰ ਉਸ ਨੂੰ ਧਨਵਾਨ ਬਣਾਉਂਦਾ ਹੈ।

***ਸੋ ਧਨਵੰਤਾ ਜਿਸੁ ਬੁਧਿ ਬਿਬੇਕ॥ ਪੰਨਾ - 1150***

ਸੁਰਤ, ਮਤਿ, ਬੁਧ ਇਹ ਮਾਨਸਿਕ ਸ਼ਕਤੀਆਂ ਵਿਦਿਆ ਰਾਹੀਂ ਪ੍ਰਕਾਸ਼ਿਤ ਹੁੰਦੀਆਂ ਹਨ।

***ਸੁਰਤਿ ਮਤਿ ਬੁਧਿ ਪਰਗਾਸੁ॥ ਪੰਨਾ - 889***

'ਮਨ ਤੂ ਜੋਤਿ ਸਰੂਪ ਹੈ' ਦੇ ਮਹਾਵਾਕ ਦੀ ਤਰ੍ਹਾਂ ਗੁਰੂ ਜੀ ਵੀ ਕਹਿੰਦੇ ਹਨ -

***ਰਤਨੁ ਅਮੋਲੁ ਰਿਦੇ ਮਹਿ ਜਾਨੁ॥***
***ਅਪਨੀ ਵਸਤੁ ਤੂ ਆਪਿ ਪਛਾਨੁ॥ ਪੰਨਾ - 892***

ਅਰਥਾਤ ਮਨੁੱਖੀ ਮਨ ਵਿਚ ਅਨੇਕਾਂ ਰਤਨ, ਜਵਾਹਰ, ਮਾਨਿਕ ਰੂਪੀ ਛੁਪੀਆਂ ਸ਼ਕਤੀਆਂ ਹਨ। ਆਧੁਨਿਕ ਸਿਖਿਆ ਸ਼ਾਸ਼ਤਰੀਆਂ ਅਨੁਸਾਰ ਇਨ੍ਹਾਂ ਛੁਪੀਆਂ ਸ਼ਕਤੀਆਂ ਨੂੰ ਵਿਕਸਿਤ ਕਰਨਾ ਸਿਖਿਆ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਵੀ ਇਨ੍ਹਾਂ ਛੁਪੀਆਂ ਸ਼ਕਤੀਆਂ ਨੂੰ ਗਿਆਨ ਗੁਰੂ ਦਾ ਦੀਵਾ ਆਪਣੀ ਅੰਤਰ ਆਤਮਾ ਵਿਚ ਬਾਲ ਕੇ ਵਿਕਸਿਤ ਤੇ ਪ੍ਰਫੁਲਿਤ ਕਰਨਾ ਸਿਖਿਆ ਹੈ। ਸਿਖਿਆ ਸ਼ਬਦ ਦਾ ਪ੍ਰਯੋਗ ਗੁਰੂ ਅਰਜਨ ਦੇਵ ਜੀ

ਨੇ ਅਧਿਆਤਮਿਕ ਚਾਨਣ ਦੇ ਰੂਪ ਵਿਚ ਕੀਤਾ ਹੈ ਜੋ ਸਵੈ-ਅਨੁਭਵ ਤੇ ਸਵੈ ਪ੍ਰਕਾਸ਼ ਵਿਚ ਸਹਾਇਤਾ ਕਰਦਾ ਹੈ।

**2. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ** – 'ਧਨੁ ਲੇਖਾਰੀ ਨਾਨਕਾ' ਦੇ ਮਹਾਵਾਕ ਅਨੁਸਾਰ ਲੇਖਕਾਂ ਦੀ ਕਲਮ ਵਿਚ ਅਪਾਰ ਸ਼ਕਤੀ ਹੁੰਦੀ ਹੈ, ਸਮਾਜ ਨੂੰ ਸਿਖਿਅਤ ਕਰਨ ਤੇ ਸੇਧ ਦੇਣ ਦੀ ਸਮਰਥਾ ਹੁੰਦੀ ਹੈ। ਲੇਖਕਾਂ ਦੀ ਇਸ ਮਹਾਨ ਸ਼ਕਤੀ ਨੂੰ ਪਹਿਚਾਣਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਅਥਾਹ ਮਿਹਨਤ, ਸ਼ਰਧਾ ਤੇ ਲਗਨ ਨਾਲ ਗੁਰੂਆਂ, ਭਗਤਾਂ, ਗੁਰਸਿਖਾਂ, ਤੇ ਭੱਟਾਂ ਦੀ ਬਾਣੀ ਨੂੰ ਸ਼ੁਧ ਤੇ ਪਰਮਾਣਿਕ ਰੂਪ ਵਿਚ ਦਰਜ ਕਰਕੇ 'ਪੀਊ ਦਾਦੇ' ਦੇ ਇਸ ਅਨਮੋਲ ਖਜਾਨੇ ਦਾ ਸੰਪਾਦਨ ਕਰਕੇ ਸਦਾ ਸਦਾ ਲਈ ਇਸ ਨੂੰ ਸਾਧਾਰਨ ਜਨਤਾ ਦੀ ਰੂਹਾਨੀ ਸਿਖਿਆ ਦਾ ਸਾਧਨ ਬਣਾ ਦਿਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰਦੁਆਰਿਆਂ ਨਾਲ ਸੰਬੰਧਿਤ ਸਕੂਲਾਂ ਵਿਚ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਯਾਦ ਕਰਵਾਈ ਜਾਣ ਲਗ ਪਈ। ਗੁਰਦੁਆਰਿਆਂ ਵਿਚ ਸਾਧਾਰਣ ਜਨਤਾ ਕਥਾ ਕੀਰਤਨ ਸੁਣਦੀ ਤੇ ਅਗਵਾਈ ਪ੍ਰਾਪਤ ਕਰਦੀ। ਗੁਰਬਾਣੀ ਦੇ ਅਨੇਕਾਂ ਮਹਾਵਾਕ ਲੋਕਾਂ ਦੀ ਜਬਾਨ ਤੇ ਚੜ੍ਹ ਕੇ ਉਨ੍ਹਾਂ ਨੂੰ ਜੀਵਨ ਜਾਂਚ ਸਿਖਾਉਣ, ਅਧਿਆਤਮਿਕ, ਨੈਤਿਕ ਨਿਰਮਾਣ ਤੇ ਚਰਿਤਰ ਉਸਾਰੀ ਵਿਚ ਸਹਾਇਤਾ ਪ੍ਰਦਾਨ ਕਰਨ ਲਗ ਪਏ।

ਰਮਾਇਣ, ਮਹਾਂਭਾਰਤ ਤੇ ਹੋਰ ਧਾਰਮਿਕ ਗ੍ਰੰਥ ਸੰਸਕ੍ਰਿਤ ਵਿਚ ਹੋਣ ਕਾਰਣ ਆਮ ਜਨਤਾ ਦੀ ਪਹੁੰਚ ਤੇ ਸਮਝ ਤੋਂ ਬਾਹਰ ਸਨ। ਗੁਰਬਾਣੀ ਦੀ ਰਚਨਾ ਬੋਲਚਾਲ ਦੀ ਪੰਜਾਬੀ ਭਾਸ਼ਾ ਵਿਚ ਹੋਣ ਕਾਰਨ ਇਸ ਦਾ ਪ੍ਰਯੋਗ ਸਾਧਾਰਨ ਜਨਤਾ ਦੇ ਜੀਵਨ ਵਿਚ ਸਹਿਜੇ ਹੋਣ ਲਗ ਪਿਆ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਪਠਨ ਪਾਠਨ ਨੂੰ ਸਿਖਾਂ ਦੇ ਦੈਨਿਕ ਜੀਵਨ ਦਾ ਅੰਗ ਬਣਾ ਦਿੱਤਾ। ਗੁਰਬਾਣੀ ਉਨ੍ਹਾਂ ਦੇ ਜੀਵਨ ਵਿਚ ਰਚਮਿਚ ਕੇ ਉਨ੍ਹਾਂ ਦੇ ਜੀਵਨ ਦੀ ਅਗਵਾਈ ਕਰਨ ਲਗ ਪਈ। ਸਿਖਿਆ ਦਾ ਮਾਧਿਅਮ ਇਨ੍ਹਾਂ ਆਰੰਭਿਕ ਸਕੂਲਾਂ ਵਿਚ ਮਾਤ ਭਾਸ਼ਾ ਪੰਜਾਬੀ ਵਿਚ ਹੋਣ ਕਾਰਣ ਸਿਖਿਆ ਸਾਧਾਰਣ ਜਨਤਾ ਦੇ ਦਰਵਾਜਿਆਂ ਤਕ ਪਹੁੰਚ ਗਈ।

**3. ਗੁਰੂ ਦਾ ਸੰਕਲਪ** –

***ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥***
***ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥***
***ਪੰਨਾ – 1002***

ਵਿਦਿਆ ਪ੍ਰਾਪਤੀ, ਗਿਆਨ ਦਾ ਚਾਨਣ, ਜੀਵਨ ਦਾ ਸਰਵਪਖੀ ਵਿਕਾਸ ਗੁਰੂ ਦੀ ਰਹਿਨੁਮਾਈ ਦੁਆਰਾ ਸੰਭਵ ਹੈ। ਗੁਰੂ ਅਰਜਨ ਜੀ ਆਪਣੀ ਵਿਦਿਅਕ ਪ੍ਰਕਿਰਿਆ ਵਿਚ ਗੁਰੂ ਨੂੰ ਵਿਸ਼ੇਸ਼ ਸਥਾਨ ਦਿੰਦੇ ਹਨ। ਗੁਰੂ ਗਿਆਨ ਦੇ ਚਾਨਣ ਰਾਹੀਂ ਅਗਿਆਨਤਾ ਨੂੰ ਦੂਰ ਕਰਦਾ ਹੈ। ਉਹ ਸਾਡੀਆਂ ਸੁਤੀਆਂ ਸ਼ਕਤੀਆਂ ਨੂੰ ਜਾਗ੍ਰਿਤ ਕਰ ਅਧਿਆਤਮਿਕ, ਨੈਤਿਕ ਤੇ ਸਦਾਚਾਰਿਕ ਸ਼ਕਤੀਆਂ ਤੇ ਗੁਣਾਂ ਦੇ ਵਿਕਾਸ ਵਿਚ ਸਹਾਇਤਾ ਕਰਦਾ ਹੈ। ਤੇ ਇਹ ਗੁਰੂ ਕੋਈ ਸਾਧਾਰਣ ਵਿਅਕਤੀ ਨਹੀਂ ਹੁੰਦਾ ਉਸ ਦੀਆਂ ਆਪਣੀਆਂ ਅਧਿਆਤਮਿਕ, ਮਾਨਸਿਕ ਤੇ ਨੈਤਿਕ ਸ਼ਕਤੀਆਂ ਪੂਰਨ ਤੌਰ ਤੇ ਵਿਕਸਿਤ ਹੁੰਦੀਆਂ ਹਨ।

***ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥***
***ਪੰਨਾ – 286***

ਸਿੱਖ ਗੁਰੂਆਂ ਅਨੁਸਾਰ ਸਿਖਿਆ ਦਾ ਉਦੇਸ਼ ਸਵੈ ਵਿਕਾਸ ਤੇ ਸਵੈ ਪ੍ਰਕਾਸ਼ ਹੈ। ਆਤਮਾ ਨੂੰ ਪਰਮਾਤਮਾ ਨਾਲ ਇਕਸੁਰ ਤੇ ਇਕਸਾਰ ਕਰਨਾ ਹੈ। ਸੋ ਅਸਲੀ ਗੁਰੂ ਉਹ ਹੈ ਜਿਹੜਾ ਸ਼ਿਸ਼ ਦੀਆਂ ਅਧਿਆਤਮਿਕ ਸ਼ਕਤੀਆਂ ਨੂੰ ਜਾਗ੍ਰਿਤ ਕਰਤਾ ਹੈ।

***ਸੋ ਪੰਡਿਤੁ ਜੋ ਮਨੁ ਪਰਬੋਧੈ॥***
***ਰਾਮ ਨਾਮੁ ਆਤਮ ਮਹਿ ਸੋਧੈ॥ ਪੰਨਾ – 274***

ਮਨੁਖੀ ਗੁਰੂ ਤੋਂ ਇਲਾਵਾ ਗੁਰੂ ਜੀ ਨੇ ਪਰਮਾਤਮਾ, ਅੰਤਰ ਆਤਮਾ, ਸ਼ਬਦ, ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਾਧ ਸੰਗਤ ਨੂੰ ਗੁਰੂ ਮੰਨਿਆ ਹੈ। ਉਹ ਪਰਮਾਤਮਾ ਨੂੰ ਗੁਰੂ ਮੰਨਦੇ ਹੋਏ ਕਹਿੰਦੇ ਹਨ 'ਸਤਿਗੁਰ ਪਰਮੇਸਰੁ ਮੇਰਾ' ਪਰਮਾਤਮਾ ਗਿਆਨ ਤੇ ਪ੍ਰਕਾਸ਼ ਦਾ ਸਰੋਤ ਹੈ।

***ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥***
***ਪੰਨਾ – 262***

ਤੇ ਇਹ ਗਿਆਨ ਉਹ ਅੰਤਰਆਤਮਾ ਮਹਾਂਪੁਰਖਾਂ ਸ਼ਬਦ ਬਾਣੀ ਤੇ ਮਹਾਨ ਗ੍ਰੰਥਾਂ ਰਾਹੀਂ ਪ੍ਰਗਟ ਕਰਦਾ ਹੈ। ਅੰਤਰ ਆਤਮਾ ਦੀ ਆਵਾਜ਼ ਸਾਨੂੰ ਸਿਧੇ ਰਾਹ ਤੇ ਤੋਰਦੀ ਹੈ। ਗੁਰੂ ਸ਼ਬਦ ਦੀਪਕ ਹੈ। ਪਰਮਾਤਮਾ ਦੀ ਜਿਊਂਦੀ ਜਾਗਦੀ ਆਵਾਜ਼ ਹੈ। ਗੁਰੂ ਸ਼ਬਦ ਨਾਦ ਤੇ ਵੇਦ ਹੈ। ਗਿਆਨ ਤੇ ਸੱਚ ਦਾ ਭੰਡਾਰ ਹੈ। ਸ਼ਬਦ ਚਾਨਣ ਹੈ ਤੇ ਇਹ ਸ਼ਬਦ ਚਾਨਣ 'ਪੋਥੀ ਪਰਮੇਸਰ ਕਾ ਥਾਨੁ' ਬਣ ਕੇ ਮਾਨਵਤਾ ਦੀ ਅਗਵਾਈ ਕਰਦਾ ਹੈ। ਗੁਰੂ ਅਰਜਨ ਦੇਵ ਜੀ ਸਾਧ ਸੰਗਤ ਨੂੰ ਗੁਰੂ ਮੰਨਦੇ ਹੋਏ ਉਸ ਨੂੰ ਸਮਾਜਿਕ ਧਾਰਮਿਕ ਨੈਤਿਕ ਵਿਕਾਸ ਵਿਚ ਸਹਾਇਕ ਮੰਨਦੇ ਹਨ। ਸਾਧ ਸੰਗਤ ਆਪਣੇ ਪਰਾਏ ਦਾ ਭੇਦ ਭਾਵ ਮਿਟਾ ਕੇ ਮਾਨਵਦਾਵਾਦ ਦਾ ਸੰਦੇਸ਼ ਦਿੰਦੀ ਹੈ।

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਾਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ – 1299***

**ਸਿਖਿਆ ਸਮੱਗਰੀ** – ਗੁਰਦੁਆਰਿਆਂ ਨਾਲ ਸੰਬੰਧਿਤ ਇਨ੍ਹਾਂ ਆਰੰਭਿਕ ਸਕੂਲਾਂ ਵਿਚ ਧਾਰਮਿਕ ਤੇ ਨੈਤਿਕ ਸਿਖਿਆ ਤੇ ਵਿਸ਼ੇਸ਼ ਬਲ ਦਿਤਾ ਜਾਂਦਾ ਸੀ। ਅਧਿਆਤਮਿਕ, ਮਾਨਸਿਕ, ਨੈਤਿਕ, ਦੁਨਿਆਵੀ ਸਿਖਿਆ ਦਾ ਭੰਡਾਰ ਇਹ ਧਾਰਮਿਕ ਗ੍ਰੰਥ ਖੁਦ ਪਾਠ ਕਰਮ ਬਣ

ਗਿਆ। 'ਪੋਥੀ ਪਰਮੇਸਰ ਕਾ ਥਾਨੁ' ਦੇ ਫਲਸਰੂਪ ਗੁਰਬਾਣੀ ਦੇ ਸ਼ਬਦਾਂ ਦਾ ਅਧਿਐਨ, ਅਧਿਆਪਨ ਪਾਠ ਕਰਮ ਦਾ ਹਿੱਸਾ ਬਣ ਗਏ। ਬੱਚਿਆਂ ਨੂੰ ਗੁਰਬਾਣੀ ਦੇ ਸ਼ਬਦ ਵਿਸ਼ੇਸ਼ ਤੌਰ ਤੇ ਯਾਦ ਕਰਾਏ ਜਾਣ ਲਗ ਪਏ। ਲੇਖਣੀ ਨੂੰ ਗੁਰਬਾਣੀ ਲਿਖਣ ਦੀ ਪ੍ਰੇਰਨਾ ਦਿਤੀ ਜਾਂਦੀ।

***ਲਿਖੁ ਲੇਖਣਿ ਕਾਗਦਿ ਮਸਵਾਣੀ॥***
***ਰਾਮ ਨਾਮ ਹਰਿ ਅੰਮ੍ਰਿਤ ਬਾਣੀ॥ ਪੰਨਾ - 185***

ਧਾਰਮਿਕ ਪੁਸਤਕਾਂ ਦੇ ਅਧਿਐਨ ਤੇ ਬਲ ਦਿੰਦੇ ਹੋਏ ਗੁਰੂ ਜੀ ਕਹਿੰਦੇ ਹਨ -

***ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥***
***ਪੰਨਾ - 215***

ਪੰਜਾਬੀ ਭਾਸ਼ਾ ਨੂੰ ਸਿਖਿਆ ਦਾ ਮਾਧਿਅਮ ਬਣਾ ਕੇ ਇਸ ਦੀ ਪੜ੍ਹਾਈ ਲਿਖਾਈ ਨੂੰ ਪਾਠ ਕਰਮ ਦਾ ਅੰਗ ਬਣਾ ਦਿੱਤਾ ਹੈ। ਗੁਰੂ ਜੀ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਸਤ ਲਿਖਤ ਬੀੜ ਤਿਆਰ ਕੀਤੀ, ਪੋਥੀਆਂ ਲਿਖ ਕੇ ਸਿਖਿਆ ਪ੍ਰਸਾਰ ਲਈ ਵੰਡੀਆਂ ਜਾਣ ਲਗ ਪਈਆਂ। ਬੱਚਿਆਂ ਨੂੰ ਮੁਢ ਤੋਂ ਹੀ ਸੁੰਦਰ ਲਿਖਾਈ ਸਿਖਾਉਣ ਤੇ ਬਲ ਦਿਤਾ ਜਾਣ ਲਗ ਪਿਆ। ਸੁਹਣੀ ਹਸਤ ਲਿਖਤ ਇਕ ਕਲਾ ਬਣ ਗਈ। ਅੰਮ੍ਰਿਤਸਰ ਹੱਥ ਲਿਖਤ ਪੋਥੀਆਂ ਲਿਖਣ ਦਾ ਕੇਂਦਰ ਬਣ ਗਿਆ।

ਮਿਹਨਤ ਦੀ ਜ਼ਿੰਦਗੀ ਜਿਉਣ ਤੇ ਕਿਸੇ ਚੰਗੇ ਕਿਤੇ ਨੂੰ ਅਪਣਾ ਕੇ ਜੀਵਿਕਾ ਕਮਾਉਣ ਤੇ ਜੋਰ ਦਿੱਤਾ ਜਾਣ ਲਗ ਪਿਆ। ਵਪਾਰਕ ਉਨਤੀ ਲਈ ਅੰਮ੍ਰਿਤਸਰ ਤੇ ਤਰਨਤਾਰਨ ਦੇ ਨਵੇਂ ਸ਼ਹਿਰ ਵਸਾਏ ਗਏ।

ਅੰਮ੍ਰਿਤਸਰ ਧਰਮ ਤੇ ਸਿਖਿਆ ਦੇ ਕੇਂਦਰ ਦੇ ਨਾਲ ਨਾਲ ਵਪਾਰਕ ਕੇਂਦਰ ਬਣ ਗਿਆ। ਘੋੜਿਆਂ ਦਾ ਵਪਾਰ ਉਨ੍ਹਾਂ ਦਿਨਾਂ ਵਿਚ ਸਿਖਰ ਤੇ ਸੀ। ਘੋੜਿਆਂ ਦਾ ਵਪਾਰ ਕਰਨ ਲਈ ਸਿੱਖ ਕਾਬਲ, ਕੰਧਾਰ, ਗਜ਼ਨੀ, ਈਰਾਨ ਤਕ ਜਾਣ ਲਗ ਪਏ। ਵਪਾਰ ਦੇ ਇਨ੍ਹਾਂ ਕੰਮਾਂ ਲਈ ਹਿਸਾਬ ਦੀ ਸਿਖਿਆ ਇਨ੍ਹਾਂ ਅਰੰਭਿਕ ਸਕੂਲਾਂ ਵਿਚ ਦਿੱਤੀ ਜਾਣ ਲਗ ਪਈ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਜਨਮ ਸਾਖੀਆਂ ਦਾ ਲੇਖਣ ਕਾਰਜ ਆਰੰਭ ਹੋਇਆ।

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥***
***ਪੰਨਾ - 951***

ਅਨੁਸਾਰ ਬਾਲਗਾਂ ਨੂੰ ਕਥਾ ਪ੍ਰਣਾਲੀ ਦੁਆਰਾ ਗੁਰੂ ਸਾਹਿਬਾਨ ਦੀਆਂ ਜੀਵਨ ਘਟਨਾਵਾਂ ਤੇ ਸਿਖਿਆਵਾਂ ਨੂੰ ਪੜ੍ਹਾਇਆ ਜਾਣ ਲਗ ਪਿਆ। ਭਾਵਨਾਤਮਿਕ, ਸੁਹਜਾਤਮਿਕ, ਸੰਸਕ੍ਰਿਤਕ, ਸਭਿਆਚਾਰਕ, ਕਲਾਤਮਿਕ ਵਿਕਾਸ ਲਈ ਗੁਰੂ ਜੀ ਨੇ ਸੰਗੀਤ, ਸਾਹਿਤ, ਕਾਵਿ ਅਧਿਐਨ ਦੀ ਪਰੰਪਰਾ ਚਲਾਈ।

***ਅਰਦਾਸਿ ਕਰੀ ਪ੍ਰਭ ਅਪਨੇ ਆਗੈ***
***ਸੁਣਿ ਸੁਣਿ ਜੀਵਾ ਤੇਰੀ ਬਾਣੀ॥ ਪੰਨਾ - 749***

ਸੰਗਤ ਵਿਚ ਬਾਨੀ ਗਾਇਨ ਦੀ ਪਰੰਪਰਾ ਦਿਨ-ਪ੍ਰਤੀ-ਦਿਨ ਪ੍ਰਫੁੱਲਤ ਹੋ ਰਹੀ ਹੈ।

**5. ਸੈਨਿਕ ਸਿਖਲਾਈ -** ਗੁਰੂ ਅਰਜਨ ਦੇਵ ਜੀ ਦੀ ਪਾਰਦਰਸ਼ੀ ਦ੍ਰਿਸ਼ਟੀ ਨੇ ਦੇਖ ਲਿਆ ਸੀ ਕਿ ਕੇਵਲ ਸ਼ਾਂਤਮਈ ਹੋ ਕੇ ਤੇ ਸੰਤ ਬਣ ਕੇ ਕੰਮ ਨਹੀਂ ਚਲਣਾ। ਸਮਾਂ ਆ ਗਿਆ ਸੀ ਜਦੋਂ ਮੁਗਲਾਂ ਦੇ ਜ਼ੁਲਮ ਤੇ ਅਤਿਆਚਾਰ ਨਾਲ ਟੱਕਰ ਲੈਣ ਲਈ ਸੰਤ ਸਿਪਾਹੀ ਬਨਣ ਦੀ ਲੋੜ ਸੀ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਉਨ੍ਹਾਂ ਨੇ ਬਾਲਕ ਹਰਗੋਬਿੰਦ ਸਾਹਿਬ ਦੀ ਚਰਿਤਰ ਉਸਾਰੀ ਵਲ ਵਿਸ਼ੇਸ਼ ਧਿਆਨ ਦੇ ਕੇ ਉਨ੍ਹਾਂ ਨੂੰ 'ਦਲ ਭਜਨ ਗੁਰੂ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ' ਬਣਾ ਦਿੱਤਾ। ਭਾਈ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਹੋਰ ਯੋਧਿਆਂ ਦੀ ਰਹਿਨੁਮਾਈ ਹੇਠ ਲਿਖਣ ਪੜ੍ਹਨ ਦੇ ਨਾਲ ਨਾਲ ਬਾਲਕ ਹਰਗੋਬਿੰਦ ਤੇ ਉਨ੍ਹਾਂ ਦੇ ਸਾਥੀਆਂ ਨੂੰ ਸੈਨਿਕ ਸਿਖਲਾਈ, ਤੀਰ ਅੰਦਾਜੀ, ਘੋੜ ਸਵਾਰੀ, ਸ਼ਿਕਾਰ ਖੇਡਣਾ, ਨਿਸ਼ਾਨੇਬਾਜ਼ੀ, ਵਿਭਿੰਨ ਦਾਉ ਪੇਚ ਸਿਖਾਉਣ ਦਾ ਕੰਮ ਆਰੰਭਿਆ। ਸ਼ਹੀਦੀ ਦੇ ਸਮੇਂ ਗੁਰੂ ਅਰਜਨ ਦੇਵ ਜੀ ਦਾ ਆਪਣੇ ਬੇਟੇ ਗੁਰੂ ਹਰਗੋਬਿੰਦ ਸਾਹਿਬ ਨੂੰ ਆਦੇਸ਼ ਸੀ "ਧਰਮ ਤੇ ਰਾਜਨੀਤੀ ਦੀਆਂ ਦੋ ਤਲਵਾਰਾਂ ਪਹਨ ਲਓ, ਫੌਜੀ ਤਾਕਤ ਪੈਦਾ ਕਰਕੇ ਦੇਸ਼ ਧਰਮ ਦੇ ਵੈਰੀਆਂ ਦਾ ਨਾਸ਼ ਕਰੋ। ਅਹਿੰਸਾ ਤੇ ਸ਼ਾਂਤੀ ਨਾਲ ਕੰਮ ਨਹੀਂ ਚਲਣਾ, ਬਹਾਦੁਰ ਸਿਪਾਹੀ ਤਿਆਰ ਕਰਕੇ ਅਨਿਆਂ ਦਾ ਟਾਕਰਾ ਕਰੋ।" ਤੇ ਪਿਤਾ ਦੇ ਆਦੇਸ਼ ਨੂੰ ਮੰਨਦੇ ਹੋਏ ਗੁਰੂ ਹਰਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਪਹਿਨੀਆਂ। ਇਕ ਮੀਰੀ ਤੇ ਇਕ ਪੀਰੀ ਦੀ। ਗੁਰੂ ਅਰਜਨ ਦੇਵ ਜੀ ਦੁਆਰਾ ਬੋਇਆ ਹੋਇਆ ਇਹ ਸੈਨਿਕ ਸਿਖਲਾਈ ਦਾ ਬੀਜ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਵਿਕਸਿਤ ਹੁੰਦਾ ਹੋਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਕ ਸਥਾਈ ਵਿਰਸੇ ਦੇ ਰੂਪ ਵਿਚ ਸਿੱਖਾਂ ਨੂੰ ਮਿਲ ਗਿਆ।

**6. ਸ਼ਹੀਦੀ ਪਰੰਪਰਾ ਦੇ ਬਾਨੀ -** ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਕ ਯੁਗ ਪਲਟਾਉ ਘਟਨਾ ਹੈ। "ਜਦ ਡੁਲਦਾ ਖ਼ੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ" ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਨੂੰ ਸਿੱਖ ਧਰਮ ਦਾ ਪ੍ਰਥਮ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਦੀ ਸ਼ਹੀਦੀ ਨੇ ਜਿਥੇ ਸਿਖਾਂ ਨੂੰ ਸੰਤ ਸਿਪਾਹੀ ਬਣਾ ਕੇ ਇਤਿਹਾਸ ਨੂੰ ਨਵਾਂ ਮੋੜ ਦਿਤਾ ਉਥੇ ਸ਼ਹੀਦੀ ਪਰੰਪਰਾ ਨੂੰ ਜਨਮ ਦਿੱਤਾ। ਤੱਤੀਆਂ ਲੋਹਾਂ ਤੇ ਬੈਠ ਕੇ ਵੀ ਡੋਲੇ ਨਹੀਂ, 'ਸ਼ਾਂਤ ਰਹਿ ਕੇ ਭਾਣਾ ਮੰਨਣ ਤੇ ਨਿਡਰਤਾ ਦਾ ਸਬਕ ਸਿਖਾਇਆ, ਨੈਤਿਕ ਹਿੰਮਤ ਪੈਦਾ ਕੀਤੀ। ਅਤਿਆਚਾਰ ਸਹਿ ਕੇ ਵੀ ਜ਼ੁਲਮ ਜਬਰ ਨਾਲ ਸਮਝੋਤਾ ਨਹੀਂ ਕਰਨਾ ਇਸ ਦੀ ਕਿਰਿਆਤਮਕ ਸਿਖਿਆ ਆਪਣੀ ਸ਼ਹੀਦੀ

ਦੁਆਰਾ ਦਿੱਤੀ। ਉਨ੍ਹਾਂ ਦੀ ਸ਼ਹਾਦਤ ਨੇ ਸਿਖਾਂ ਨੂੰ ਮੌਤ ਨਾਲ ਮਖੌਲਾਂ ਕਰਨ ਵਾਲੀ ਕੌਮ ਬਣਾ ਦਿੱਤਾ।

**7. ਸਿਖਿਆ ਪ੍ਰਣਾਲੀ** – ਬੱਚਿਆਂ ਤੇ ਬਾਲਗਾਂ ਨੂੰ ਪੜ੍ਹਾਉਣ ਲਈ 'ਬਾਬਾਣੀਆਂ ਕਹਾਣੀਆਂ' ਅਨੁਸਾਰ ਕਥਾ ਪ੍ਰਣਾਲੀ ਨੂੰ ਵਿਸ਼ੇਸ਼ ਤੌਰ ਤੇ ਅਪਣਾਇਆ ਜਾਣ ਲਗ ਪਿਆ। ਕਥਾ ਪ੍ਰਣਾਲੀ ਦੁਆਰਾ ਇਤਿਹਾਸ, ਧਰਮ, ਤੇ ਸਾਹਿਤ ਦੀ ਸਿਖਿਆ ਦਿਤੀ ਜਾਣ ਲਗ ਪਈ। ਇਹ ਕਥਾ ਕੀਰਤਨ ਦੀ ਪ੍ਰਣਾਲੀ ਅਜ ਵੀ ਗੁਰਦੁਆਰਿਆਂ ਵਿਚ ਪ੍ਰਚਲਿਤ ਹੈ। ਬੱਚਿਆਂ ਦੇ ਕੀਰਤਨ, ਕਵਿਤਾ, ਭਾਸ਼ਣ ਦੇ ਮੁਕਾਬਲਿਆਂ ਦੁਆਰਾ ਉਨ੍ਹਾਂ ਨੂੰ ਬੋਲਣ ਦੀ ਕਿਰਿਆਤਮਕ ਸਿਖਿਆ ਦਿਤੀ ਜਾਂਦੀ ਸੀ ਤੇ ਇਨਾਮ ਵੀ ਦਿਤੇ ਜਾਂਦੇ ਸਨ।

ਤਿਉਹਾਰਾਂ, ਮੇਲਿਆਂ, ਗੁਰਪੁਰਬਾਂ ਨੂੰ ਵਿਸ਼ੇਸ਼ ਤੌਰ ਤੇ ਸਿਖਿਆ ਦੇ ਸਾਧਨ ਦੇ ਰੂਪ ਵਿਚ ਮਨਾਇਆ ਜਾਣ ਲਗ ਪਿਆ ਤੇ ਇਸ ਦੁਆਰਾ ਜਨਤਾ ਨੂੰ ਨੈਤਿਕ, ਸਦਾਚਾਰਿਕ ਸਿਖਿਆ ਦਿਤੀ ਜਾਣ ਲਗ ਪਈ। ਸੰਗਤ ਤੇ ਪੰਗਤ ਦੀ ਸਿਖਿਆ ਤੇ ਵਿਸ਼ੇਸ਼ ਤੌਰ ਤੇ ਬਲ ਦਿਤਾ ਜਾਣ ਲਗ ਪਿਆ ਤੇ ਇਹ ਸਾਧਾਰਨ ਜਨਤਾ ਦੇ ਸਿਖਿਆ ਦੇ ਸਾਧਨ ਬਣ ਗਏ। ਸੰਗਤ ਦੁਆਰਾ ਸਦਾਚਾਰਕ ਨਿਰਮਾਣ ਹੋਣ ਲਗ ਪਿਆ। ਕੌਮ ਵਿਚ ਏਕਤਾ ਤੇ ਜਥੇਬੰਦੀ ਦੀ ਭਾਵਨਾ ਪੈਦਾ ਹੋਣ ਲਗੀ। ਪੰਗਤ ਦੁਆਰਾ ਉਚ ਨੀਚ ਜਾਤ ਪਾਤ ਦੇ ਭੇਦ ਭਾਵ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾਣ ਲਗ ਪਈ। ਗੁਰੂ ਕੇ ਲੰਗਰ ਦੀ ਸੇਵਾ ਦੁਆਰਾ ਬਾਲਗਾਂ ਤੇ ਬੱਚਿਆਂ ਨੂੰ ਹੱਥੀਂ ਕੰਮ ਕਰਨ ਦੀ ਸਿਖਿਆ, ਮਾਨਵਤਾ ਦੀ ਸੇਵਾ ਅਤੇ ਗੁਰਦੁਆਰਿਆਂ ਦੀ ਸਾਫ ਸਫਾਈ ਵੱਲ ਪ੍ਰੇਰਿਆ ਜਾਣ ਲਗ ਪਿਆ।

**8. ਨੈਤਿਕ ਤੇ ਸਦਾਚਾਰਿਕ ਵਿਕਾਸ** – ਗੁਰੂ ਅਰਜਨ ਦੇਵ ਜੀ ਨੇ ਅਧਿਆਤਮਿਕ ਤੇ ਨੈਤਿਕ ਰੂਪ ਵਿਚ ਵਿਕਸਿਤ ਆਦਰਸ਼ ਮਨੁਖ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਸੁਖਮਨੀ ਸਾਹਿਬ ਵਿਚ ਵਿਸਤਾਰ ਨਾਲ ਕੀਤਾ ਹੈ ਤੇ ਉਸ ਨੂੰ ਬ੍ਰਹਮਗਿਆਨੀ ਦਾ ਨਾਮ ਦਿਤਾ ਹੈ। ਗੁਰੂ ਜੀ ਅਨੁਸਾਰ ਸਿਖਿਆ ਦਾ ਉਦੇਸ਼ ਬ੍ਰਹਮ ਗਿਆਨੀ, ਪੂਰਨ ਆਦਰਸ਼ ਮਨੁਖ ਬਣਨਾ ਹੈ, ਵਿਅਕਤਿਤਵ ਦਾ ਸੰਪੂਰਨ ਸਰਵਪੱਖੀ ਵਿਕਾਸ ਕਰਨਾ ਹੈ। ਬ੍ਰਹਮ ਗਿਆਨੀ ਉਹ ਹੈ ਜਿਸਨੇ ਪੂਰਨ ਗਿਆਨ ਪ੍ਰਾਪਤ ਕੀਤਾ ਹੋਇਆ ਹੈ। ਉਹ ਸੰਸਾਰ ਵਿਚ ਕੰਵਲ ਦੇ ਫੁਲ ਦੀ ਤਰ੍ਹਾਂ ਰਹਿੰਦਾ ਹੈ। ਉਹ ਨੈਤਿਕ ਕਦਰਾਂ ਕੀਮਤਾਂ ਦਾ ਖਜ਼ਾਨਾ ਹੈ। ਉਹ ਸੰਪੂਰਨ ਮਾਨਵਤਾ ਨੂੰ ਬਿਨਾ ਭੇਦ ਭਾਵ ਦੇ ਪਿਆਰ ਕਰਦਾ ਹੈ।

***ਬ੍ਰਹਮ ਗਿਆਨੀ ਸਦਾ ਸਮਦਰਸੀ॥***
***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥***

***ਪੰਨਾ – 273***

ਨੈਤਿਕ ਤੇ ਸਦਾਚਾਰਿਕ ਉਨਤੀ ਲਈ ਗੁਰੂ ਜੀ ਜੀਵਨ ਵਿਚ ਉਚ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਸਤਿ, ਸੰਤੋਖ, ਵੀਚਾਰ ਤੇ ਅੰਮ੍ਰਿਤ ਨਾਮ ਰੂਪੀ ਚਾਰ ਵਸਤੂਆਂ ਪਾਈਆਂ ਹਨ ਜਿਨ੍ਹਾਂ ਨੂੰ ਜੀਵਨ ਵਿਚ ਧਾਰਣ ਕਰਕੇ ਮਨੁੱਖ ਦਾ ਕਲਿਆਣ ਹੋ ਸਕਦਾ ਹੈ। ਉਹ ਸਚਾਈ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਦਿੰਦੇ ਹੋਏ ਕਹਿੰਦੇ ਹਨ–

***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥***

***ਪੰਨਾ – 136***

ਨਾਮ ਜਪਣ ਰਾਹੀਂ ਨੈਤਿਕ, ਸਦਾਚਾਰਿਕ, ਅਧਿਆਤਮਿਕ ਨਿਰਮਾਣ ਸੰਭਵ ਹੈ –

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਪੰਨਾ – 266***

ਨੈਤਿਕ ਵਿਕਾਸ ਕਥਾ ਕੀਰਤਨ, ਸਾਧ ਸੰਗਤ ਤੇ ਗੁਰੂ ਦੀ ਅਗਵਾਈ ਦੁਆਰਾ ਸੰਭਵ ਹੈ –

***ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ॥***

***ਪੰਨਾ – 1151***

ਅਜੋਕੇ ਯੁਗ ਵਿਚ ਏਡਜ਼ ਦਾ ਭਿਅੰਕਰ ਰੋਗ ਮਹਾਮਾਰੀ ਦੀ ਤਰ੍ਹਾਂ ਫੈਲ ਰਿਹਾ ਹੈ। ਜੇਕਰ ਅਸੀਂ ਗੁਰੂ ਜੀ ਦੀਆਂ ਇਨ੍ਹਾਂ ਤੁਕਾਂ ਤੇ ਅਮਲ ਕਰਦੇ ਹੋਏ ਪਰਨਾਰੀ ਸੰਪਰਕ ਤੋਂ ਬਚੀਏ ਤਾਂ ਇਸ ਰੋਗ ਤੋਂ ਸਾਡਾ ਬਚਾਵ ਹੋ ਸਕਦਾ ਹੈ।

***ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥***
***ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥***

***ਪੰਨਾ – 616***

**9. ਰਾਸ਼ਟਰੀ ਏਕਤਾ ਦੀ ਸਿਖਿਆ** – ਸਾਂਝੀਵਾਲਤਾ ਗੁਰੂ ਅਰਜਨ ਦੇਵ ਜੀ ਦੀ ਸਿਖਿਆ ਦਾ ਮੂਲ ਆਧਾਰ ਹੈ।

***ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥***

***ਪੰਨਾ – 671***

ਆਪਣੇ ਇਸ ਕਥਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਸਮੇਂ ਕਿਰਿਆਤਮਕ ਰੂਪ ਵਿਚ ਸੱਚ ਕਰ ਦਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਵਿਚ ਤਤਕਾਲੀਨ ਸਮੁੱਚੇ ਧਰਮਾਂ ਦਾ ਨਿਚੋੜ ਪਾਇਆ ਜਾਂਦਾ ਹੈ। ਇਸ ਵਿਚ 36 ਮਹਾਂਪੁਰਖਾਂ ਦੀ ਬਾਣੀ ਹੈ ਜਿਸ ਵਿਚ ਗੁਰੂ ਸਾਹਿਬਾਨ ਕੇਵਲ ਛੇ ਹਨ। ਕਬੀਰ, ਫਰੀਦ, ਰਵਿਦਾਸ, ਤ੍ਰਿਲੋਚਨ, ਨਾਮਦੇਵ, ਸੂਰਦਾਸ, ਸਧਨਾ, ਸੈਣ ਆਦਿ ਮਹਾਂਪੁਰਖ ਵਿਭਿੰਨ ਧਰਮਾਂ ਜਾਤੀਆਂ ਤੇ ਪ੍ਰਾਂਤਾਂ ਦੇ ਸਨ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਾਂਝਾ ਧਾਰਮਿਕ ਗ੍ਰੰਥ ਬਨਾਉਣਾ ਉਨ੍ਹਾਂ ਦਾ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਦਾ ਇਕ ਬਹੁਤ ਵੱਡਾ ਉਪਰਾਲਾ ਸੀ। ਹਰਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਪੀਰ ਦਰਵੇਸ਼ ਸਾਈਂ ਮੀਆ ਮੀਰ ਤੋਂ ਰਖਵਾ ਕੇ ਇਸ ਤੱਥ ਨੂੰ ਪ੍ਰਮਾਣਿਤ ਕੀਤਾ ਕਿ ਉਹ ਭਾਰਤ ਨੂੰ ਇਕ ਸਾਂਝਾ ਤੀਰਥ ਸਥਾਨ ਦੇਣਾ ਚਾਹੁੰਦੇ ਸਨ। ਹਰਮੰਦਿਰ ਸਾਹਿਬ ਦੇ ਚਾਰ ਦਰਵਾਜੇ ਇਸ ਤੱਥ ਨੂੰ ਪ੍ਰਮਾਣਿਤ ਕਰਦੇ ਹਨ ਕਿ ਉਨ੍ਹਾਂ ਉਪਦੇਸ਼ –

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥***

***ਪੰਨਾ – 747***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

## (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

***ਸੋਰਠਿ ਮਹਲਾ ੫ ॥***
***ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥***
***ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥੧॥***
***ਸੰਤਹੁ ਸੁਖੁ ਹੋਆ ਸਭ ਥਾਈ॥***
***ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ॥ ਰਹਾਉ॥***
***ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥***
***ਦਇਆਲ ਪੁਰਖੁ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥***
***ਪੰਨਾ - 627***

ਸਾਧ ਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

ਗੁਰੂ ਮਹਾਰਾਜ ਜੀ ਦੀ ਕਿਰਪਾ ਦੇ ਸਦਕੇ ਅੰਮ੍ਰਿਤ ਵੇਲੇ ਦੀ ਜਾਗ ਤੇ ਹਰੀ ਦਾ ਜਸ ਜੋ ਦੋਵੇਂ ਚੀਜ਼ਾਂ ਕਲਜੁਗ ਦੇ ਅੰਦਰ ਦੁਰਲੱਭ ਹਨ। ਕਿਸੇ ਵੀ ਕੀਮਤ ਤੇ ਮਿਲਣੀਆਂ ਔਖੀਆਂ ਹੁੰਦੀਆਂ ਹਨ। ਸੋ ਉਹ ਆਪ ਸਭ ਨੂੰ ਕਿਰਪਾ ਕਰਕੇ ਗੁਰੂ ਮਹਾਰਾਜ ਜੀ ਨੇ ਦੋਵੇਂ ਚੀਜ਼ਾਂ ਬਖਸ਼ ਦਿੱਤੀਆਂ।

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਪੰਨਾ - 642***

ਮਹਾਰਾਜ ਜੀ ਨੇ ਏਸ ਸ਼ਬਦ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਸਾਰਾ ਹੀ ਸੰਸਾਰ ਦੁੱਖਾਂ ਨਾਲ ਭਰਿਆ ਪਿਆ ਹੈ। ਜੋ ਮਾਨਸਿਕ ਦੁਖ ਨੇ, ਸਰੀਰਕ ਦੁਖ ਨੇ, ਆਰਥਕ ਦੁਖ ਨੇ, ਭਾਈਚਾਰਕ ਦੁਖ ਨੇ, ਰਾਜਸੀ ਦੁਖ ਨੇ, ਦੁੱਖਾਂ ਦੀ ਕੋਈ ਗਿਣਤੀ ਨਹੀਂ ਹੈ। ਕੇਵਲ ਸਰੀਰ ਦਾ ਬਿਮਾਰ ਹੋਣਾ ਹੀ ਦੁਖ ਨਹੀਂ ਹੋਇਆ ਕਰਦਾ, ਮਨ ਦਾ ਬਿਮਾਰ ਹੋਣਾ ਹੀ ਨਹੀਂ ਦੁਖ ਹੋਇਆ ਕਰਦਾ, ਮਹਾਰਾਜ ਕਹਿੰਦੇ ਹੋਰ ਵੀ ਬੜੇ ਦੁਖ ਨੇ -

***ਦੁਖੁ ਵੇਛੋੜਾ ਇਕੁ ਦੁਖੁ ਭੂਖ॥ ਪੰਨਾ - 1256***

ਸਬੰਧੀ ਨੇ ਵਿਛੜ ਜਾਣਾ, ਪਿਆਰੇ ਨੇ ਵਿਛੜ ਜਾਣਾ ਉਸ ਦੁਖ ਦਾ ਕੋਈ ਇਲਾਜ ਹੀ ਨਹੀਂ ਹੁੰਦਾ ਕਿਉਂਕਿ ਉਹ ਦੁਬਾਰਾ ਮਿਲਿਆ ਨਹੀਂ ਕਰਦਾ। ਇਸੇ ਤਰ੍ਹਾਂ ਜੇ ਮਨ ਦੀ ਭੁਖ ਦੂਰ ਨਾ ਹੋਵੇ ਤਾਂ ਸਾਰੀ ਜ਼ਿੰਦਗੀ ਆਦਮੀ ਦੁਖੀ ਰਹਿੰਦਾ ਹੈ, ਚਿਤਵਨੀਆਂ ਵਿਚ ਰਹਿੰਦਾ ਹੈ ਕਿ ਮੇਰਾ ਆਹ ਨਾ ਬਣਿਆ, ਮੈਂ ਜ਼ਮੀਨ ਨਾ ਖਰੀਦੀ, ਮੈਂ ਕੋਠੀ ਨਾ ਬਣਾਈ, ਮੈਥੋਂ ਆਹ ਤਰੱਕੀ ਨਾ ਹੋਈ। ਸੋ ਜੋ ਮਨ ਦੀ ਭੁਖ ਹੈ ਉਹ ਐਸਾ ਵੱਡਾ ਦੁਖ ਹੈ ਕਿ ਕੋਈ ਵੀ ਸੁਖ ਨੇੜੇ ਨਹੀਂ ਆਉਣ ਦਿੰਦਾ, ਹਰ ਵਕਤ ਭੁਖ ਦੇ ਦੁਖ ਨਾਲ ਪੀੜਤ ਰਹਿੰਦਾ ਹੈ। ਇਸ ਤੋਂ ਵੀ ਇਕ ਹੋਰ ਵੱਡਾ ਦੁਖ ਹੈ ਉਹ ਇਹ ਹੈ ਕਿ -

***ਇਕੁ ਦੁਖੁ ਸਕਤਵਾਰ ਜਮਦੂਤ॥ ਪੰਨਾ - 1256***

ਸੰਸਾਰ ਤੇ ਰਹਿਣਾ ਤਾਂ ਹੈ ਨਹੀਂ ਕਿਸੇ ਨੇ। ਉਹ ਮੂਰਖ ਬੰਦੇ ਨੇ ਜਿਹੜੇ ਇਹ ਕਹਿੰਦੇ ਨੇ ਕਿ ਮੈਂ ਸੰਸਾਰ ਤੇ ਰਹਿਣਾ ਹੈ, ਮੈਂ ਨਹੀਂ ਜਾਣਾ ਬਾਕੀ ਚਲੇ ਗਏ, ਸੋ ਚਲੇ ਗਏ। ਮੈਂ ਬੁੱਢਾ ਨਹੀਂ ਹੋਣਾ, ਮੇਰੀ ਜਵਾਨੀ ਖਤਮ ਨਹੀਂ ਹੋਣੀ ਤੇ ਜਿਹੜੇ ਮੰਜਿਆਂ ਤੇ ਪਏ ਨੇ, ਹੌਲੀ-ਹੌਲੀ ਸੋਟੀਆਂ ਲੈ ਕੇ ਤੁਰਦੇ ਨੇ ਇਹੀ ਤੁਰਦੇ ਨੇ, ਮੈਂ ਨਹੀਂ ਤੁਰਨਾ ਕਿਉਂਕਿ ਮੇਰਾ ਸਰੀਰ ਬੜਾ ਨਰੋਆ ਹੈ ਤੇ ਮੇਰੇ ਤੇ ਕਦੇ ਵੀ ਇਹ ਹਾਲਤ ਨਹੀਂ ਆਉਣੀ। ਲੇਕਿਨ ਬੁਢਾਪਾ ਤਾਂ ਆਉਣਾ ਹੀ ਆਉਣਾ ਹੁੰਦਾ ਹੈ, ਬੁਢਾਪੇ ਤੋਂ ਬਾਅਦ ਸੰਸਾਰ ਤੋਂ ਜਾਣਾ ਹੀ ਹੋਇਆ ਕਰਦਾ ਹੈ। ਸੋ ਜਦੋਂ ਸਾਰਿਆਂ ਨੂੰ ਛੱਡ ਕੇ, ਜਿਨ੍ਹਾਂ ਨੂੰ ਆਪਣਾ ਬਣਾ ਕੇ ਜ਼ਿੰਦਗੀ ਗੁਜ਼ਾਰੀ, ਆਪਣੇ ਸਮਝਦੇ ਰਹੇ, ਮਿਹਨਤਾਂ ਕੀਤੀਆਂ, ਪਾਲਣਾ ਕੀਤੀਆਂ, ਰਿਸ਼ਤੇ ਗੰਢੇ, ਮੇਰਾ ਪੁੱਤਰ ਹੈ, ਮੇਰਾ ਭਰਾ ਹੈ, ਮੇਰਾ ਪਿਤਾ ਹੈ, ਮੇਰਾ ਪੋਤਰਾ ਹੈ। ਇਨ੍ਹਾਂ ਨੂੰ ਜਦੋਂ ਛੱਡ ਕੇ ਜਾਂਦਾ ਹੈ ਅਗੇ ਕੋਈ ਰਿਸ਼ਤੇਦਾਰੀ ਨਹੀਂ ਹੁੰਦੀ, ਕੋਈ ਜਾਣ ਪਛਾਣ ਨਹੀਂ ਹੁੰਦੀ। ਮਹਾਰਾਜ ਕਹਿੰਦੇ ਉਥੇ ਇਕੱਲਾ ਜਾਇਆ ਕਰਦਾ ਹੈ, ਕੋਈ ਨਹੀਂ ਜਾਣਦਾ ਕਿ ਤੂੰ ਕੌਣ ਹੈ? ਕੋਈ ਰਾਜਾ ਸੀ ਜਾਂ ਵੱਡਾ ਅਫਸਰ ਸੀ ਜਾਂ ਬਹੁਤ ਧਨੀ ਸੀ ਜਾਂ ਬਹੁਤ ਸੁਖੀ ਬੰਦਾ ਸੀ ਜਾਂ ਵੱਡੇ ਪਰਿਵਾਰ ਵਾਲਾ ਸੀ। ਏਸ ਗੱਲ ਨੂੰ ਨਹੀਂ ਕੋਈ ਜਾਣਦਾ। ਸਿਰਫ ਇਹੀ ਗੱਲ ਹੁੰਦੀ ਹੈ ਕਿ ਇਕੱਲਾ ਜਾਂਦਾ ਹੈ ਇਕੱਲੇ ਨੂੰ ਕੁਝ ਨਹੀਂ ਸੁਝਦਾ।

ਦੂਸਰਾ ਇਹ ਹੈ ਕਿ ਜੇ ਗਲਤ ਕੰਮ ਕਰੇ ਨੇ ਉਨ੍ਹਾਂ ਦੀ ਸਜ਼ਾ ਮਿਲਦੀ ਚਲੀ ਜਾਂਦੀ ਹੈ, ਮਨ ਪੀੜਤ ਹੁੰਦਾ ਚਲਿਆ ਜਾਂਦਾ ਹੈ। ਲੇਖਾ ਹੁੰਦਾ ਹੈ, ਲੇਖੇ ਦੇ ਵਿਚ ਜਦੋਂ ਸਮਝਾਉਂਦੇ ਨੇ -

***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਪੰਨਾ - 464***

ਫੇਰ ਪੈਰ ਰੱਖਣ ਨੂੰ ਥਾਂ ਨਹੀਂ ਮਿਲਦਾ। ਫੇਰ ਰੋਂਦਾ ਹੈ ਕਿ ਮੈਨੂੰ ਇਸ ਗੱਲ ਦੀ ਸਮਝ ਆਈ ਨਾ ਕਿ ਆਹ ਵੀ ਮੇਰੇ ਨਾਲ ਭਾਣਾ ਬੀਤਣਾ ਸੀ। ਮੈਂ ਇਹੋ ਜਿਹੇ ਕਰਮ ਹੀ ਨਾ ਕਰਦਾ ਜਿਸ ਦਾ ਮੈਨੂੰ ਲੇਖਾ ਦੇਣਾ ਪੈਂਦਾ। ਜੀਵਨ ਨੂੰ

ਸੁੱਚਾ ਰੱਖਦਾ, ਸਾਂਭ ਕੇ ਚਲਦਾ। ਮਹਾਰਾਜ ਕਹਿੰਦੇ ਇਹ ਤਾਂ ਦੇਣਾ ਹੀ ਪੈਂਦਾ ਹੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***

***ਪੰਨਾ - 134***

ਜਿਹੋ ਜਿਹਾ ਬੀਜ ਲਏਂਗਾ ਓਹੋ ਜਿਹਾ ਵੱਢ ਲਏਂਗਾ, ਨਿੰਦਿਆ ਬੀਜੇਂਗਾ ਤਾਂ ਮਹਾਰਾਜ ਜੀ ਕਹਿੰਦੇ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***

***ਪੰਨਾ - 755***

ਏਹੋ ਜਿਹੇ ਹਨ੍ਹੇਰੇ ਨਰਕ ਦੇ ਵਿਚ ਸੁੱਟ ਦਿੱਤਾ ਜਾਏਂਗਾ ਜਿਥੇ ਕੋਈ ਵੀ ਸਹਾਇਤਾ ਕਰਨ ਵਾਲਾ ਨਹੀਂ ਹੋਏਗਾ। ਨੇਕੀ ਕਰੇਂਗਾ ਤਾਂ ਨੇਕੀ ਨਾਲ ਜਾਂਦੀ ਹੈ। ਰਹਿਮ ਕਰੇਂਗਾ, ਦਇਆ ਕਰੇਂਗਾ ਉਸ ਦੇ ਉਤੇ ਦਇਆ ਹੋਏਗੀ, ਰਹਿਮ ਹੋਏਗਾ। ਸੰਤੋਖ ਵਿਚ ਰਹੇਂਗਾ ਤਾਂ ਸੰਤੋਖ ਮਿਲੇਗਾ।

ਸੋ ਇਸ ਤਰ੍ਹਾਂ ਜਮਦੂਤ ਵਾਲਾ ਜਿਹੜਾ ਦੁਖ ਹੈ ਉਸ ਨੂੰ ਅਸੀਂ ਜਾਣਦੇ ਨਹੀਂ ਹਾਂ, ਅੱਖਾਂ ਨਾਲ ਦਿਸਦਾ ਨਹੀਂ ਹੈ, ਕਿਸੇ ਕਿਤਾਬ ਵਿਚ ਲਿਖਿਆ ਹੋਇਆ ਨਹੀਂ ਹੈ, ਜਿਸ ਦੇ ਨਾਲ ਬੀਤਦੀ ਹੈ ਉਹ ਮੁੜ ਕੇ ਆ ਕੇ ਦਸਦਾ ਨਹੀਂ ਹੈ। ਮਹਾਰਾਜ ਕਹਿੰਦੇ ਉਹ ਦੁਖ ਬਹੁਤ ਵੱਡਾ ਹੈ -

***ਇਕੁ ਦੁਖੁ ਸਕਤਵਾਰ ਜਮਦੂਤ॥***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਪੰਨਾ - 1256***

ਇਕ ਦੁਖ ਹੈ ਕਿ ਦੌੜ ਕੇ ਆ ਕੇ ਰੋਗ ਲੱਗ ਗਿਆ, ਏਡਜ਼ ਵਰਗਾ ਲਗ ਗਿਆ, ਕੈਂਸਰ ਵਰਗਾ ਲੱਗ ਗਿਆ-

***ਵੈਦ ਨ ਭੋਲੇ ਦਾਰੂ ਲਾਇ॥ ਪੰਨਾ - 1256***

ਹੁਣ ਵੈਦ ਤੋਂ ਦਾਰੂ (ਦਵਾਈ) ਨਹੀਂ ਲਗਦੀ। ਉਹ ਦੁਖ ਚਿੰਬੜ ਗਿਆ, ਲਹਿੰਦਾ ਨਹੀਂ। ਕਈ ਦੁਖ ਐਸੇ ਨੇ ਜੋ ਸਰੀਰ ਦੇ ਜਾਣ ਤੋਂ ਬਾਅਦ ਖਤਮ ਹੋ ਜਾਂਦੇ ਨੇ, ਕਈ ਦੁਖ ਐਸੇ ਨੇ ਭਾਵੇਂ ਸਰੀਰ ਚਲਿਆ ਜਾਵੇ ਇਹ ਜੀਵ-ਆਤਮਾ ਮਰਦਾ ਨਹੀਂ -

***ਮਰਣਹਾਰੁ ਇਹੁ ਜੀਅਰਾ ਨਾਹੀ॥ ਪੰਨਾ - 188***

ਇਸ ਦੇ ਨਾਲ ਦੁਖਾਂ ਦੀਆਂ ਪੰਡਾਂ ਜਾਂਦੀਆਂ ਹਨ, ਔਗੁਣਾਂ ਦੀਆਂ ਪੰਡਾਂ ਚੁਕ ਕੇ ਚਲਦਾ ਉਸ ਵੇਲੇ ਇਸ ਨੂੰ ਕੁਝ ਸੁਝਦਾ ਨਹੀਂ ਹੈ ਕਿ ਮੈਂ ਕੀ ਕਰਾਂ? ਮਹਾਰਾਜ ਜੀ ਦਸਦੇ ਨੇ ਕਿ ਉਸ ਵੇਲੇ ਸਿਵਾਏ ਅਫਸੋਸ ਤੋਂ, ਹਾਏ-ਹਾਏ ਕਰਨ ਤੋਂ ਬਾਕੀ ਕੁਝ ਨਹੀਂ ਮਿਲਿਆ ਕਰਦਾ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***

***ਪੰਨਾ - 1425***

ਉਥੇ ਆਪਣੇ ਕਰਮ ਦਾ ਫਲ ਆਪੇ ਹੀ ਭੁਗਤਦਾ ਹੈ -

***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ - 4***

ਸੋ ਇਹ ਜੋ ਦੁਖ ਹਨ ਜਿਵੇਂ ਮਾਨਸਿਕ ਦੁਖ ਹੈ, ਔਲਾਦ ਨਾ ਹੋਈ, ਪੈਸਾ ਟਕਾ ਵਾਹਿਗੁਰੂ ਨੇ ਬਹੁਤ ਦੇ ਦਿੱਤਾ, ਪਰਿਵਾਰ ਬਾਕੀ ਦਾ ਦੇ ਦਿੱਤਾ ਲੇਕਿਨ ਆਪਣੇ ਔਲਾਦ ਨਾ ਹੋਈ। ਝੁਰਦਾ ਰਹਿੰਦਾ ਹੈ ਕਿ ਮੈਂ ਨਹੀਂ ਕਦੇ ਗੋਦੀ ਵਿਚ ਬੱਚਾ ਬਹਾਲ ਕੇ ਦੇਖਿਆ, ਪਿਆਰ ਕਰਕੇ ਨਹੀਂ ਦੇਖਿਆ। ਸਾਰੀ ਜ਼ਿੰਦਗੀ ਉਹ ਦੁਖ ਦੇ ਨਾਲ ਪੀੜਤ ਰਹਿੰਦਾ ਹੈ। ਸੋ ਇਨ੍ਹਾਂ ਦਾ ਕੋਈ ਇਲਾਜ ਨਹੀਂ ਹੈ। ਆਦਮੀ ਦੁਖੀ ਹੋਇਆ ਹੋਇਆ ਇਸ ਜੀਵਨ ਦੇ ਅੰਦਰ ਪ੍ਰਭੂ ਕੋਲ ਬੇਨਤੀਆਂ ਕਰਦਾ ਹੈ, "ਹੇ ਪ੍ਰਭੂ! ਆਹ ਜਿਹੜੇ ਮੈਨੂੰ ਦੁਖ ਲੱਗੇ ਹੋਏ ਨੇ ਇਹ ਕਿਰਪਾ ਕਰਕੇ ਦੂਰ ਕਰ, ਮੈਨੂੰ ਵੀ ਸ਼ਾਂਤੀ ਦਾ ਜੀਵਨ ਦੇਹ, ਮੇਰੇ ਅੰਦਰ ਵੀ ਖੇੜਾ ਆਵੇ, ਮੇਰੇ ਅੰਦਰ ਵੀ ਕੋਈ ਜੀਵਨ ਰੁਮਕੇ, ਕੋਈ ਲਹਿਰ ਚੱਲੇ ਮੇਰੇ ਅੰਦਰ। ਕੋਈ ਮੈਨੂੰ ਐਸੀ ਬਖਸ਼ਿਸ਼ ਕਰ ਪਰ ਪਤਾ ਨਹੀਂ। ਪ੍ਰਭੂ ਕਹਿੰਦਾ ਤੂੰ ਮੰਗ ਮੈਂ ਦੇਵਾਂਗਾ, ਜੋ ਵੀ ਤੂੰ ਮੰਗੇ ਮੈਂ ਦੇਵਾਂਗਾ, ਤੂੰ ਇਮਾਨਦਾਰੀ ਨਾਲ ਮੰਗ ਉਸ ਵੇਲੇ -

***ਦੇਦਾ ਦੇ ਲੈਦੇ ਥਕਿ ਪਾਹਿ॥ ਪੰਨਾ - 2***

***ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥***

***ਪੰਨਾ - 2***

ਦਿਨ ਰਾਤ ਦੇਹ ਦੇਹ ਕਰਦਾ ਹੈ, ਜਿਹੜੀ ਚੀਜ਼ ਮੰਗਦਾ ਹੈ ਉਹ ਦੁਖ ਦਾ ਕਾਰਨ ਬਣ ਜਾਂਦੀ ਹੈ, ਸੁਖ ਵਾਸਤੇ ਚੀਜ਼ ਮੰਗੀ ਸੀ। ਨਾਮਦੇਵ ਜੀ ਤੁਰੇ ਜਾਂਦੇ ਨੇ, ਬੜੀ ਬੋਝਲ ਪੰਡ ਕਪੜਿਆਂ ਦੀ ਸਿਰ ਦੇ ਉਤੇ ਹੈ। ਪਹਿਲਾਂ ਉਹ ਧੋਣੇ ਨੇ ਉਸ ਤੋਂ ਬਾਅਦ ਉਹ ਸੁਕਾਉਣੇ ਨੇ, ਸੁਕਾ ਕੇ ਫੇਰ ਤਹਿਆ ਲਾਉਣੀਆਂ ਨੇ ਤੇ ਉਸ ਤੋਂ ਬਾਅਦ ਉਨ੍ਹਾਂ ਨੇ ਫੇਰ ਉਨ੍ਹਾਂ ਦੇ ਉਤੇ ਛਾਪੇ ਲਾਉਣੇ ਨੇ, print ਕਰਨਾ ਹੈ। ਉਹ ਕਲਾਕਾਰ ਖਾਨਦਾਨ ਵਿਚੋਂ ਸੀ ਜੋ ਛਾਪੇ ਲਾਇਆ ਆ ਕਰਦੇ ਸੀ, ਜਿਨ੍ਹਾਂ ਨੂੰ ਛੀਪੇ ਕਹਿੰਦੇ ਸੀ, ਛਾਪਣ ਵਾਲੇ ਕੱਪੜਿਆਂ ਨੂੰ। ਗਰਮੀ ਬਹੁਤ ਜ਼ਿਆਦਾ ਸੀ। ਉਨ੍ਹਾਂ ਦੇ ਮਨ ਵਿਚ ਖਿਆਲ ਆਇਆ ਕਿ ਵਾਹਿਗੁਰੂ ਜੀ ਤੋਂ ਕਦੇ ਕੁਝ ਮੰਗਿਆ ਨਹੀਂ। ਜੇ ਘੋੜੀ ਦੇ ਦੇਣ ਤਾਂ ਇਕ ਤਾਂ ਮੈਂ ਕੱਪੜੇ ਉਸ ਦੇ ਉਪਰ ਲੱਦ ਲਿਆ ਕਰਾਂ। ਪ੍ਰਭੂ ਜਾਣਦੇ ਸੀ ਕਿ ਘੋੜੀ ਦੁਖ ਰੂਪ ਹੋ ਜਾਣੀ ਹੈ। ਏਸ ਨੂੰ ਪਤਾ ਨਹੀਂ ਹੈ ਕਿ ਘੋੜੀ ਦਾ ਕਿੰਨਾ ਦੁਖ ਹੁੰਦਾ ਹੈ। ਉਸੇ ਵੇਲੇ ਇਕ ਮੁਗਲ ਦੇ ਰੂਪ ਵਿਚ ਸਾਹਮਣੇ ਖੜ੍ਹੇ ਨਜ਼ਰ ਆਏ, ਨਾਲ ਘੋੜੀ ਹੈ ਤੇ ਨਾਲ ਇਕ ਵਛੇਰਾ ਹੈ। ਉਸ ਵੇਲੇ ਆਵਾਜ਼ ਦਿੱਤੀ, ਬੜੇ ਰੋਅਬ ਨਾਲ ਕਿਹਾ, ਕਹਿੰਦੇ, "ਆਹ ਮੇਰੀ ਘੋੜੀ ਦਾ ਵਛੇਰਾ ਮੋਢਿਆਂ ਤੇ ਚੁਕ। ਇਹ ਹੁਣੇ ਸੂਈ ਹੈ ਤੇ ਮੈਂ ਦੂਰ ਜਾਣਾ ਹੈ। ਰਸਤਾ ਗਲਤ ਹੈ ਐਸਾ ਨਾ ਹੋਵੇ ਕਿ ਇਸ ਵਛੇਰੇ ਦੀ ਕੋਈ ਲੱਤ ਵਗੈਰਾ ਟੁਟ ਜਾਵੇ, ਕਿਸੇ ਖੱਡੇ ਵਿਚ ਗਿਰ ਜਾਵੇ ਜਾਂ ਨੱਠ ਜਾਵੇ ਤੇ ਤੂੰ ਮੋਢਿਆਂ ਤੇ ਚੁਕ ਏਸ ਨੂੰ।" ਬੜਾ ਪ੍ਰੇਸ਼ਾਨ ਹੋਏ ਨਾਮਦੇਵ ਜੀ ਤੇ ਮੋਢਿਆਂ ਤੇ ਚੁਕ ਲਿਆ, ਲਈ ਜਾਂਦੇ ਨੇ। ਅਗੇ ਜਾ ਕੇ ਜਦੋਂ ਲਾਹ ਦਿੱਤਾ ਤਾਂ ਪਠਾਣ ਕਹਿਣ ਲੱਗਿਆ ਕਿ ਜਾਹ ਹੁਣ ਤੂੰ ਇਸ ਦੇ ਵਾਸਤੇ ਘਾਹ ਲੈ ਕੇ ਆ ਨਰਮ-ਨਰਮ, ਜੋ ਸਖਤ

ਲਿਆਇਆ ਤਾਂ ਮੈਂ ਸਜ਼ਾ ਦੇਵਾਂਗਾ। ਹੁਣ ਇਸ ਦੀ ਲਿੱਦ ਵਗੈਰਾ ਸਾਫ ਕਰ, ਹੁਣ ਇਸ ਦੀ ਮਾਲਿਸ਼ ਕਰ ਤੂੰ। ਜਦੋਂ ਇਹ ਕੰਮ ਕਰਾਏ ਤਾਂ ਨਾਮਦੇਵ ਜੀ ਕਹਿਣ ਲੱਗੇ, ਹੇ ਪ੍ਰਭੂ! ਤੂੰ ਤਾਂ ਬੜਾ ਸੋਹਣਾ ਕੰਮ ਕਰਿਆ, ਮੈਨੂੰ ਨੇੜੇ ਹੀ ਮੋੜ ਲਿਆ। ਜੇ ਮੈਂ ਘੋੜੀ ਲੈ ਲੈਂਦਾ ਤਾਂ ਮੇਰੇ ਨਾਲ ਆਹੀ ਬੀਤਿਆ ਕਰਨੀ ਸੀ ਰੋਜ਼।"

ਮੰਗਿਆ ਤਾਂ ਸੁਖ ਸੀ ਲੇਕਿਨ ਉਸ ਦੇ ਪਿਛਲੇ ਪਾਸੇ ਬੜਾ ਭਾਰਾ ਦੁਖ ਸੀ।

ਸੋ ਕਹਿੰਦੇ ਤੂੰ ਮੰਗ ਤਾਂ ਸਹੀ। ਜੋ ਮੰਗਣਾ ਹੈ ਮੰਗ। ਉਸ ਨੂੰ ਪਤਾ ਨਹੀਂ ਲਗਦਾ। ਜਿਹੜੀ ਵੀ ਚੀਜ਼ ਮੰਗਦਾ ਹੈ ਉਹ ਦੁਖ ਰੂਪ ਹੋ ਜਾਂਦੀ ਹੈ। ਪੁਤਰ ਮੰਗ ਲਿਆ, ਬਿਮਾਰ ਹੋ ਜਾਂਦਾ ਹੈ, ਦਿਮਾਗ ਸਹੀ ਨਾ ਹੋਇਆ, ਕੋਈ ਬਿਮਾਰੀ ਲੱਗ ਗਈ, ਬੜਾ ਭਾਰਾ ਦੁਖ ਗਲ ਪਾ ਲਿਆ। ਏਸ ਤੋਂ ਤਾਂ ਨਾ ਹੋਣਾ ਹੀ ਚੰਗਾ ਸੀ। ਨਾਲਾਇਕ ਨਿਕਲ ਗਿਆ, ਪੜ੍ਹਾਈ ਲਿਖਾਈ ਨਹੀਂ ਕਰਦਾ, ਉਲਾਂਭੇ ਲਿਆਉਂਦਾ ਹੈ ਰੋਜ਼, ਕੋਈ ਗਲਤ ਕੰਮ ਕਰਦਾ ਹੈ ਤਾਂ ਪੁਲਿਸ ਨਾਲ ਏਸ ਨੂੰ ਵੀ ਫੜ ਲੈਂਦੀ ਹੈ, ਬੜਾ ਭਾਰਾ ਦੁਖ ਓਸ ਦੇ ਗਲ ਪੈ ਗਿਆ। ਸੀ ਤਾਂ ਸੁਖ ਵਾਲੀ ਚੀਜ਼ ਪਰ ਦੁਖ ਹੋ ਗਿਆ। ਫੇਰ ਰੋਈ ਜਾਂਦਾ ਹੈ, ਨੌਕਰੀ ਨਹੀਂ ਮਿਲਦੀ, ਵਿਆਹ ਲਿਆ। ਵਿਆਹੁਣ ਤੋਂ ਬਾਅਦ ਆਖੇ ਨਹੀਂ ਲਗਦਾ। ਸੋ ਏਸ ਤਰ੍ਹਾਂ ਦੇ ਨਾਲ ਮੰਗਿਆ ਤਾਂ ਸੁਖ ਸੀ ਲੇਕਿਨ ਦੁਖ ਨਿਕਲਿਆ।

ਸੋ ਮਹਾਰਾਜ ਜੀ ਕਹਿੰਦੇ ਕਿ ਏਸ ਦੀ ਕਿਸੇ ਨੂੰ ਸੋਝੀ ਨਹੀਂ ਆਉਂਦੀ। ਫੇਰ ਕਿਸੇ ਬੰਦੇ ਨੂੰ ਸੋਝੀ ਵੀ ਆ ਗਈ ਸਤਿਸੰਗ ਵਿਚ ਆ ਗਿਆ। ਪ੍ਰਭੂ ਨੇ ਕਿਹਾ, "ਤੂੰ ਮੰਗ ਕੀ ਮੰਗਦਾ ਹੈਂ?"

ਉਹ ਕਹਿੰਦੇ, "ਹੇ ਪ੍ਰਭੂ! ਹੁਣ ਮੈਨੂੰ ਸੋਝੀ ਆ ਗਈ ਕਿ ਮੈਂ ਜਿਹੜੀ ਵੀ ਚੀਜ਼ ਮੰਗਦਾ ਹਾਂ ਉਸ ਦੇ ਪਿਛਲੇ ਪਾਸੇ ਬਹੁਤ ਵੱਡਾ ਦੁਖ ਛੁਪਿਆ ਪਿਆ ਹੈ ਤੇ ਮੈਂ ਤੇਰੇ ਮੁਖਾਰਬਿੰਦ ਤੋਂ ਹੀ ਸੁਣਿਆ ਹੈ ਕਿ ਵੱਡੇ ਵੱਡੇ ਜੋ ਬੰਦੇ ਨੇ, ਜਿਨ੍ਹਾਂ ਕੋਲ ਬੇਅੰਤ ਧਨ ਹੈ, ਬੇਅੰਤ ਪ੍ਰਾਪਤੀਆਂ ਨੇ .......।

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***

***ਪੰਨਾ – 707***

ਘਰ ਦੇ ਅੰਦਰ ਚੰਦਨ ਦੀਆਂ ਸੁਗੰਧੀਆਂ ਆ ਰਹੀਆਂ ਹਨ, ਹੀਰੇ ਤੇ ਜਵਾਹਰਾਤਾਂ ਦੇ ਨਾਲ ਝਾੜ ਫਨੂਸ ਚਮਕ ਰਹੇ ਨੇ, ਦਮਕ ਰਹੇ ਨੇ, ਦਰਵਾਜ਼ਿਆਂ ਦੇ ਉਤੇ ਸੋਨੇ ਦੇ ਪਤਰੇ ਲੱਗੇ ਹੋਏ ਨੇ –

***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***

***ਪੰਨਾ – 707***

ਜਿਸ ਸੁਖ ਨੂੰ ਵੀ ਮੇਰਾ ਜੀਅ ਕਰੇ ਉਹ ਮੈਨੂੰ ਪ੍ਰਾਪਤ ਹੋ ਜਾਂਦਾ ਹੈ ਤੇ ਕੋਈ ਕਮੀ ਨਹੀਂ ਆਉਂਦੀ ਲੇਕਿਨ ਮੈਂ ਇਹ ਦੇਖਿਆ ਹੈ ਕਿ ਮੇਰੇ ਮਨ ਵਿਚ ਸ਼ਾਂਤੀ ਨਹੀਂ ਆਉਂਦੀ, ਮਨ ਮੇਰਾ ਫੇਰ ਕਲਪਣਾ ਵਿਚ ਪਿਆ ਹੋਇਆ ਹੈ। ਇਹ ਸਾਰੀਆਂ ਚੀਜ਼ਾਂ ਮੇਰੇ ਮਨ ਵਿਚ ਖੇੜਾ ਪੈਦਾ ਨਹੀਂ ਕਰ ਸਕੀਆਂ ਕਿਉਂਕਿ ਜਿਸ ਦੇ ਅੰਦਰ ਖੇੜਾ ਪੈਦਾ ਨਹੀਂ ਹੁੰਦਾ ਉਸ ਨੂੰ ਪਤਾ ਹੀ ਨਹੀਂ ਕਿ ਇਹ ਖੇੜਾ ਕੀ ਹੁੰਦਾ ਹੈ। ਜਿਸ ਨੇ ਕਦੇ ਉਚਾ ਜੀਵਨ ਦੇਖਿਆ ਨਹੀਂ ਉਸ ਦੇ ਅਨੁਮਾਨ ਵਿਚ ਆ ਨਹੀਂ ਸਕਦਾ ਕਿ ਉਚੇ ਜੀਵਨ ਦੀਆਂ ਲਹਿਰਾਂ ਕਿਵੇਂ ਚਲਦੀਆਂ ਨੇ। ਉਸ ਦਾ ਧਰਤੀ ਤੇ ਪੈਰ ਨਹੀਂ ਲਗਦਾ, ਚਾਹੇ ਭੁਖਾ ਹੈ ਚਾਹੇ ਨੰਗਾ ਹੈ, ਚਾਹੇ ਰੋਟੀ ਖਾਣ ਨੂੰ ਨਹੀਂ, ਲੇਕਿਨ ਇਕ ਐਸਾ ਜੀਵਨ ਹੈ ਜਿਸ ਜੀਵਨ ਨੂੰ ਪ੍ਰਾਪਤ ਕਰਕੇ ਆਦਮੀ ਦੇ ਅੰਦਰ ਖੁਸ਼ੀ ਹੀ ਖੁਸ਼ੀ ਹੁੰਦੀ ਹੈ। ਪੈਰ ਨਹੀਂ ਲਗਦਾ ਧਰਤੀ ਤੇ, ਖਿੜਿਆ ਰਹਿੰਦਾ ਹੈ, ਚਿਹਰੇ ਤੇ ਰੌਣਕ ਰਹਿੰਦੀ ਹੈ, ਉਦਾਸੀ ਨਹੀਂ ਆਉਂਦੀ, ਅੱਖਾਂ ਵਿਚ ਚਮਕ ਰਹਿੰਦੀ ਹੈ, ਬੋਲ 'ਚ ਮਿਠਾਸ ਰਹਿੰਦੀ ਹੈ, ਕੋਈ ਕੁੜੱਤਣ ਨਹੀਂ ਆਉਂਦੀ, ਕੋਈ ਢਹਿੰਦੀ ਕਲਾ ਨਹੀਂ ਆਉਂਦੀ, ਕੋਈ ਕ੍ਰੋਧ ਨਹੀਂ ਆਉਂਦਾ ਕਿਉਂਕਿ ਜੀਉਂਦਾ ਹੋ ਗਿਆ ਉਹ। ਮਹਾਰਾਜ ਜੀ ਕਹਿੰਦੇ ਬਾਕੀ ਜੋ ਸੰਸਾਰ ਹੈ ਜਿਸ ਨੂੰ ਇਹ ਚੀਜ਼ ਪ੍ਰਾਪਤ ਨਹੀਂ ਹੋਈ ਉਹ ਜੀਉਂਦਿਆਂ ਵਿਚ ਨਹੀਂ ਹੁੰਦਾ ਚਾਹੇ ਕਿੰਨਾ ਹੀ ਵਧੀਆ ਲੱਗੇ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***

***ਪੰਨਾ – 253***

ਸਾਰਿਆਂ ਤੋਂ ਸੋਹਣਾ ਹੈ ਤੇ ਵੱਡੀ ਕੁਲ ਦਾ ਮਾਲਕ ਹੈ, ਬੋਲਣ ਚਲਣ ਦੇ ਵਿਚ ਸਭ ਤੋਂ ਵੱਡਾ ਹੈ ਤੇ ਮੂੰਹ ਦਾ ਗਿਆਨੀ ਹੈ, ਵੇਦ ਪੜ੍ਹੇ ਹੋਏ ਨੇ, ਗ੍ਰੰਥ ਪੜ੍ਹੇ ਹੋਏ ਨੇ ਬੜੀਆਂ ਗੱਲਾਂ ਜਾਣਦਾ ਹੈ ਪਰ ਜੇ ਉਸ ਦੇ ਅੰਦਰ ਰੌ ਨਹੀਂ ਰੁਮਕਦੀ, ਪਿਆਰ ਦੀ ਤਾਂ ਮਹਾਰਾਜ ਜੀ ਕਹਿੰਦੇ –

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ – 253***

ਜੇ ਪਿਆਰ ਦੀ ਰੌਅ ਨਹੀ ਰੁਮਕੀ ਤਾਂ ਮਰਿਆ ਹੋਇਆ ਹੈ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਪੰਨਾ – 142***

ਸੋ ਏਸ ਕਰਕੇ ਮਹਾਰਾਜ ਜੀ ਇਕ ਐਸੇ ਜੀਵਨ ਵੱਲ ਇਸ਼ਾਰਾ ਕਰਦੇ ਨੇ ਜਿਥੇ ਦੁਖ ਦਾ ਨਾਮੋਨਿਸ਼ਾਨ ਖਤਮ ਹੋ ਜਾਇਆ ਕਰਦਾ ਹੈ –

***ਦੁਖ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***

***ਪੰਨਾ – 1302***

ਕਹਿੰਦੇ ਦੁਖ ਹੈ ਹੀ ਨਹੀਂ, ਸਾਰਾ ਸੁਖ ਹੀ ਸੁਖ ਹੈ

ਸੰਸਾਰ ਦੇ ਅੰਦਰ ਕਿਉਂਕਿ ਓਸ ਮੰਡਲ ਵਿਚ ਪਹੁੰਚ ਗਏ ਜਿਥੇ ਦੁਖ ਦਾ ਨਾਮੋਨਿਸ਼ਾਨ ਨਹੀਂ ਹੈ। ਸੋ ਏਸ ਤਰ੍ਹਾਂ ਦੇ ਨਾਲ ਸੋਝੀ ਆ ਜਾਂਦੀ ਹੈ ਕਿ ਐਸਾ ਵੀ ਕੋਈ ਥਾਂ ਹੈ ਆਦਮੀ ਦੇ ਅੰਦਰ ਜੇ ਉਹ ਮੰਗ ਲਵੇ ਤਾਂ ਉਸ ਨੂੰ ਦੁਖ ਕਦੇ ਆਇਆ ਹੀ ਨਹੀਂ ਕਰਦਾ। ਬਾਕੀ ਚੀਜ਼ਾਂ ਮੰਗਦਾ ਹੈ ਉਹ ਸਭ ਦੁਖ ਹੀ ਦੁਖ ਨੇ। ਸੋ ਮਹਾਰਾਜ ਕਹਿੰਦੇ ਕਿ ਉਹ ਜੇ ਤੇਰੇ ਅੰਦਰ ਨਹੀਂ ਹੈ –

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਪੰਨਾ – 707*

ਜੇ ਪ੍ਰਭੂ ਚਿਤ ਨਹੀਂ ਆਉਂਦਾ ਤਾਂ ਜਿਹੋ ਜਿਹਾ ਵਿਸ਼ਟਾ ਦਾ ਕੀੜਾ ਹੈ ਓਹੋ ਜਿਹਾ ਤੂੰ ਅੰਨ ਖਰਾਬ ਕਰਕੇ ਸੰਸਾਰ ਤੋਂ ਚਲਿਆ ਜਾਏਂਗਾ ਕਿਉਂਕਿ –

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਪੰਨਾ – 707*

ਨਾਮ ਤੋਂ ਬਗੈਰ ਸ਼ਾਂਤੀ ਨਹੀਂ ਆਉਣੀ ਤੇ ਧੀਰਜ ਨਹੀਂ ਆਉਂਦੀ। ਵੱਡੇ ਵੱਡੇ ਗਿਣੇ ਨੇ –

*ਸਹੰਸਰ ਦਾਨ ਦੇ ਇੰਦ੍ਰ ਰੋਆਇਆ॥*
*ਪਰਸ ਰਾਮੁ ਰੋਵੈ ਘਰਿ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥*
*ਐਸੀ ਦਰਗਹ ਮਿਲੈ ਸਜਾਇ॥* *ਪੰਨਾ – 954*

ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਬਹੁਤ ਵੱਡਿਆਂ ਵੱਡਿਆਂ ਨੂੰ ਗਿਣ ਕੇ ਅਖੀਰ ਫੁਰਮਾਨ ਕੀਤਾ ਹੈ –

*ਬਾਲੀ ਰੋਵੈ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥* *ਪੰਨਾ – 954*

ਤੇ ਨਾਲ ਮਹਾਰਾਜ ਜੀ ਨੇ ਕਿਹਾ ਹੈ ਕਿ ਸੁਖ ਦਾ ਵੀ ਤੁਹਾਨੂੰ ਨੁਸਖਾ ਦੱਸ ਦਿੰਦੇ ਹਾਂ। ਮਹਾਤਮਾ ਬੁਧ ਨੇ ਤਾਂ ਇਹ ਕਹਿ ਹੀ ਦਿੱਤਾ ਸੀ ਕਿ ਸੰਸਾਰ ਹੈ ਹੀ ਦੁਖਾਂ ਦਾ ਘਰ ਲੇਕਿਨ ਮਹਾਰਾਜ ਜੀ ਕਹਿੰਦੇ ਕਿ ਮਹਾਤਮਾ ਜੀ ਏਸ ਤਰ੍ਹਾਂ ਨ ਕਹੋ, ਵਾਹਿਗੁਰੂ ਨੇ ਇਹ ਸੁੱਖਾਂ ਵਾਸਤੇ ਸੰਸਾਰ ਪੈਦਾ ਕਰਿਆ ਸੀ, ਲੇਕਿਨ ਸੰਸਾਰ ਨੇ ਦੁਖ ਆਪਣੇ ਆਪ ਸਹੇੜ ਲਏ। ਸਹੇੜੇ ਕਿਵੇਂ? ਪ੍ਰਭੂ ਵੱਲ ਪਿੱਠ ਕਰ ਲਈ ਤੇ ਪਿੱਠ ਕਰਕੇ ਜਿਨ੍ਹਾਂ ਵੱਲ ਮੂੰਹ ਕਰਿਆ ਉਹ ਛਲਾਵਾ ਸੀ ਤੇ ਉਥੋਂ ਦੁਖ ਪ੍ਰਾਪਤ ਹੋਇਆ। ਸੋ ਸੁਖ ਦਾ ਵੀ ਸਾਧਨ ਹੈ –

*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਜਾਇ॥* *ਪੰਨਾ – 954*

ਸੋ ਇਸ ਤਰ੍ਹਾਂ ਜਿਸ ਦਾ ਨਾਮ ਦੇ ਉਤੇ ਵਿਸ਼ਵਾਸ ਆ ਗਿਆ, ਪਰੀਪੂਰਨ ਨਾਮ ਦੇ ਉਤੇ ਤੇ ਉਸ ਨੂੰ ਮੰਨ ਲਿਆ ਤਾਂ –

*ਮੰਨੈ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥* *ਪੰਨਾ – 3*

ਵਾਲੀ ਅਵਸਥਾ ਪ੍ਰਾਪਤ ਹੋ ਗਈ। ਕਹਿੰਦੇ, ਬਾਕੀ ਕਰਮ ਲੇਖੇ ਵਿਚ ਨਹੀਂ ਲਗਦੇ ਕੇਵਲ ਨਾਮ ਲਗਦਾ ਹੈ। ਸੋ ਏਸ ਸ਼ਬਦ ਵਿਚ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਪ੍ਰਮੇਸ਼ਰ ਨੇ ਮੈਨੂੰ ਇਸ ਐਸਾ ਆਸਰਾ ਦੇ ਦਿੱਤਾ ਐਸੀ ਬਖਸ਼ਿਸ਼ ਕਰ ਦਿੱਤੀ ਕਿ ਮੈਨੂੰ ਸੋਝੀ ਆ ਗਈ ਕਿ ਪ੍ਰਮੇਸ਼ਰ ਤੋਂ ਬਗੈਰ ਜਿਹੜੀ ਚੀਜ਼ਾਂ ਦੀ ਮੰਗ ਕਰਨੀ ਹੈ ਉਹ ਦੁਖ ਦਾ ਕਾਰਨ ਹੈ –

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*
*ਪੰਨਾ – 958*

ਮੇਰੀਆਂ ਵਾਸ਼ਨਾਵਾਂ ਖਤਮ ਹੋ ਜਾਣ ਤੇ ਮੈਨੂੰ ਸੰਤੋਖ ਦੇਣ ਵਾਲਾ ਪ੍ਰਮੇਸ਼ਰ ਦਾ ਨਾਮ ਦਾ ਆਸਰਾ ਮਿਲ ਜਾਵੇ। ਪ੍ਰਮੇਸ਼ਰ ਨੇ ਅਰਦਾਸ ਸੁਣੀ ਤੇ ਲੋਚਾ ਨੂੰ ਤੋਲਿਆ, ਦੇਖਿਆ ਕਿ ਇਹ ਤਾਂ ਇਸ ਦੀ ਪ੍ਰਬਲ ਮੰਗ ਹੈ ਤੇ ਮੇਰਾ ਬਚਨ ਇਹ ਹੈ ਕਿ –

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥*
*ਪੰਨਾ – 681*

ਪ੍ਰਮੇਸ਼ਰ ਨਹੀਂ ਦੇਖਦਾ ਕਿ ਪਾਪ ਕਰਨ ਵਾਲਾ ਮੰਗ ਰਿਹਾ ਹੈ, ਮਹਾਂ ਪਾਪੀ ਮੰਗ ਰਿਹਾ ਹੈ ਕੋਈ ਮੰਗ ਲਓ ਉਸ ਦਾ ਦਰ ਖੁਲ੍ਹਾ ਹੈ। ਉਹ ਨਹੀਂ ਦੇਖਦਾ। ਜਦੋਂ ਫੇਰ ਅਸਲੀ ਚੀਜ਼ ਮੰਗੀ ਜਾਂਦੀ ਹੈ ਕਿ ਹੇ ਪ੍ਰਭੂ! ਤੂੰ ਮੈਨੂੰ ਉਹ ਚੀਜ਼ ਦੇ ਦੇ ਜਿਹੜੀ ਮਿਲਕੇ ਮੈਨੂੰ ਫੇਰ ਦੁਖ ਹੋਵੇ ਹੀ ਨਾ, ਕਿਸੇ ਕਿਸਮ ਦਾ ਵੀ ਦੁਖ ਨਾ ਹੋਵੇ, ਨਾ ਇਥੇ ਦਾ ਤੇ ਨਾ ਓਥੇ ਦਾ। ਇਥੋਂ ਵੀ ਮੈਂ ਸੁਖੀ ਰਹਾਂ ਤੇ ਓਥੇ ਵੀ ਮੈਂ ਸੁਖੀ ਰਹਾਂ। ਦੁਖ ਦਾ ਨਾਮੋਨਿਸ਼ਾਨ ਮੇਰੇ ਅੰਦਰੋਂ ਨਿਕਲ ਜਾਵੇ, ਅੱਖਰ ਹੀ ਮਿਟ ਜਾਵੇ ਦੁਖ ਦਾ। ਉਸ ਚੀਜ਼ ਦੀ ਸੋਝੀ ਪਈ ਤਾਂ ਮੰਗ ਕੀਤੀ ਕਿ –

*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*
*ਪੰਨਾ – 958*

ਮੈਨੂੰ ਨਾਮ ਦੀ ਦਾਤ ਦੇ ਦੇ, ਨਾਮ ਦਾ ਜੀਵਨ ਦੇਹ, ਨਾਮ ਦੀ ਰੌਅ ਮੇਰੇ ਅੰਦਰ ਰੁਮਕੇ। ਸੋ ਮੈਨੂੰ ਉਹ ਨਾਮ ਦੇ ਦੇ ਜਿਸ ਦੇ ਨਾਲ ਦੁਖ ਦਾ ਨਾਮੋਨਿਸ਼ਾਨ ਖਤਮ ਹੋ ਜਾਵੇ। ਜੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾ ਰਿਹਾ ਹੈ ਤਾਂ ਜਲਾਦ ਪੁਛਦਾ ਹੈ ਕਿ ਤੈਨੂੰ ਆਰੇ ਨਾਲ ਚੀਰਦੇ ਹਾਂ ਅਸੀਂ, ਬੰਨ੍ਹ ਦਿੱਤਾ ਫੱਟਿਆਂ ਵਿਚ ਤੇ ਤੇਰੇ ਨੇਤਰਾਂ ਵਿਚ ਚਮਕ ਕਿਉਂ ਹੈ? ਕਿਉਂ ਤੇਰੇ ਚਿਹਰੇ ਤੇ ਲਾਲੀ ਆ ਗਈ?

ਕਹਿਣ ਲੱਗਿਆ, "ਤੈਨੂੰ ਇਸ ਗੱਲ ਦੀ ਸੋਝੀ ਨਹੀਂ, ਸਾਨੂੰ ਉਹ ਜੀਵਨ ਮਿਲ ਗਿਆ ਜਿਹੜਾ ਇਸ ਜੀਵਨ ਦੇ ਨਾਲ ਖਤਮ ਨਹੀਂ ਹੁੰਦਾ, ਅਸੀਂ ਸਦਾ ਦੇ ਜੀਵਨ ਵਿਚ ਜਾ ਰਹੇ ਹਾਂ। ਤੂੰ ਬੜਾ ਪਰਉਪਕਾਰ ਕਰ ਰਿਹਾ ਹੈਂ ਕਿ ਤੂੰ ਇਸ ਸਰੀਰ ਦੀ ਬਿਆਧੀ ਨੂੰ ਤੋੜ ਰਿਹਾ ਹੈਂ, ਤੂੰ ਤਾਂ ਮੁਕਤੀਦਾਤਾ ਹੈਂ। ਤੂੰ ਮੈਨੂੰ ਉਥੇ ਭੇਜ ਰਿਹਾ ਹੈਂ ਜਿਥੇ ਮੈਂ

ਸਦਾ ਸੁਖੀ ਰਹਿਣਾ ਹੈ ਕਿਉਂਕਿ ਉਹ ਜੀਵਨ ਪ੍ਰਾਪਤ ਹੋ ਗਿਆ, ਸੁਖ ਦੀ ਸੋਝੀ ਪੈ ਗਈ।"

ਸੋ ਮਹਾਰਾਜ ਜੀ ਕਹਿੰਦੇ ਉਸ ਸੁਖ ਦਾ, ਪ੍ਰਮੇਸ਼ਰ ਨੇ ਕਿਰਪਾ ਕਰਕੇ ਅਰਦਾਸ ਮੰਨ ਕੇ, ਓਹ ਆਸਰਾ ਦੇ ਦਿੱਤਾ।

***ਪਰਮੇਸਰਿ ਦਿਤਾ ਬੰਨਾ॥ ਪੰਨਾ – 627***

ਉਹ ਐਸਾ ਆਸਰਾ ਦਿੱਤਾ ਕਿ –

***ਦੁਖ ਰੋਗ ਕਾ ਡੇਰਾ ਭੰਨਾ॥ ਪੰਨਾ – 627***

ਉਹ ਜਿਹੜੀ ਛਾਉਣੀ ਪਾਈ ਹੋਈ ਸੀ ਦੁਖਾਂ ਤੇ ਰੋਗਾਂ ਨੇ ਕਹਿੰਦੇ ਉਨ੍ਹਾਂ ਦਾ ਡੇਰਾ ਹੀ ਭੰਨ ਦਿੱਤਾ। ਉਨ੍ਹਾਂ ਦਾ ਵਜੂਦ ਹੀ ਖਤਮ ਕਰ ਦਿੱਤਾ। ਜਦੋਂ ਵਜੂਦ ਖਤਮ ਹੋਇਆ ਤਾਂ ਐਨਾ ਸੁਖ ਅੰਦਰ ਆ ਗਿਆ ਕਿ ਉਸ ਵੇਲੇ ਨਰ ਤੇ ਨਾਰੀਆਂ ਸਭ ਖੁਸ਼ੀ ਮਨਾ ਰਹੇ ਨੇ। ਸੋ ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ –

***ਅਨਦ ਕਰਹਿ ਨਰ ਨਾਰੀ॥ ਪੰਨਾ – 627***

ਵਾਹਿਗੁਰੂ ਨੇ ਕਿਰਪਾ ਧਾਰ ਦਿੱਤੀ, ਕਿਰਪਾ ਧਾਰਨ ਦੇ ਨਾਲ ਅਨੰਦ ਹੀ ਅਨੰਦ ਅੰਦਰ ਆ ਗਿਆ ਤੇ ਦੁਖ ਦਾ ਖਾਤਮਾ ਹੋ ਗਿਆ, ਫੇਰ ਚੀਜ਼ ਕੀ ਆਈ ਅੰਦਰ? ਕਹਿੰਦੇ –

***ਧੁਰ ਕੀ ਬਾਣੀ ਆਈ॥ ਪੰਨਾ – 628***

ਉਹ ਵਾਹਿਗੁਰੂ ਜੀ ਦੀ ਬਾਣੀ ਜੋ ਮਾਤਾ ਦੇ ਪੇਟ ਵਿਚ ਸਾਨੂੰ ਸੁਣਦੀ ਸੀ ਜਿਸ ਦੇ ਆਸਰੇ ਸਾਨੂੰ ਉਹ ਮਹਾਂ ਦੁਖ ਸੁਖ ਹੋ ਕੇ ਪ੍ਰਤੀਤ ਹੁੰਦਾ ਸੀ, ਪੁੱਠੇ ਲਟਕਦੇ ਸੀ ਲੇਕਿਨ ਲਗਦਾ ਨਹੀਂ ਸੀ ਕਿਉਂਕਿ ਉਥੇ ਬਾਣੀ ਆ ਗਈ ਸੀ ਪ੍ਰਭੂ ਦੀ। ਬਾਣੀ ਕਰਕੇ ਹੀ ਇਸ ਨੂੰ ਸੋਝੀ ਸੀ, ਸੋਝੀ ਦੇ ਨਾਲ ਹੀ ਇਹ ਸਿਮਰਨ, ਯਾਦ ਵਿਚ ਸੀ। ਉਹ ਬਾਣੀ ਇਥੇ ਫੇਰ ਪ੍ਰਾਪਤ ਹੋ ਗਈ, ਉਸ ਬਾਣੀ ਦੇ ਆਉਣ ਸਾਰ ਚਿੰਤਾ ਦਾ ਖਾਤਮਾ ਹੋ ਗਿਆ। ਸੋ ਮਹਾਰਾਜ ਸਾਨੂੰ ਏਸ ਤਰ੍ਹਾਂ ਨਾਲ ਫੁਰਮਾਨ ਕਰਕੇ ਦਸਦੇ ਨੇ ਕਿ ਪਿਆਰਿਓ! ਦੁਨੀਆਂ ਦੇ ਅੰਦਰ ਨਾਮ ਦਾ ਜੀਵਨ ਸਭ ਤੋਂ ਉਚਾ ਹੁੰਦਾ ਹੈ। ਇਹ ਨਾਮ ਸਤਿਸੰਗ ਵਿਚੋਂ ਪ੍ਰਾਪਤ ਹੁੰਦਾ ਹੈ –

***ਜਿਸ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥***
***ਲਾਦਿ ਖੇਪ ਸੰਤਹ ਸੰਗਿ ਚਾਲੁ॥ ਪੰਨਾ – 283***

ਇਸ ਦੀ ਖੇਪ ਭਰ ਕੇ ਇਕੱਲਾ ਨਾ ਜਾਈਂ, ਚੋਰ ਲੁਟ ਲੈਣਗੇ, ਡਾਕੂ ਲੁਟ ਲੈਣਗੇ, ਤੂੰ ਇਕੱਲਾ ਹੈਂ।

***ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥***
***ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ॥***
***ਪੰਨਾ – 1367***

ਤੈਨੂੰ ਲੁਟਣ ਵਾਲੇ ਹਜ਼ਾਰਾਂ ਹੀ ਫਿਰਦੇ ਨੇ ਹਨ੍ਹੇਰੇ ਵਿਚ, ਤੂੰ ਇਕੱਲਾ ਨਾ ਜਾਈਂ ਲੁਟਿਆ ਜਾਏਂਗਾ, ਤੈਨੂੰ ਮੋਹ ਲੈਣਗੇ। ਕਾਮ ਨੇ ਲੁੱਟ ਲੈਣਾ ਹੈ, ਕ੍ਰੋਧ ਨੇ ਲੁੱਟ ਲੈਣਾ ਹੈ, ਲੋਭ ਨੇ, ਮੋਹ ਨੇ, ਅਹੰਕਾਰ ਨੇ, ਈਰਖਾ, ਨਿੰਦਿਆ, ਚੁਗਲੀ, ਆਸਾ ਅੰਦੇਸਾ ਅਨੇਕਾਂ ਚੀਜ਼ਾਂ ਨੇ ਜਿਹੜੇ ਦਾਓ ਲਾਉਣ ਨੂੰ ਖੜ੍ਹੇ ਨੇ। ਇਸੇ ਕਰਕੇ ਜਦੋਂ ਤੇਰੇ ਕੋਲ ਧਨ ਹੋ ਜਾਵੇ ਨਾਮ ਦਾ ਤਾਂ ਤੂੰ ਇਕੱਲਾ ਨਾ ਚੱਲੀਂ –

***ਲਾਦਿ ਖੇਪ ਸੰਤਹ ਸੰਗਿ ਚਾਲੁ॥ ਪੰਨਾ – 283***

ਉਸ ਵੇਲੇ ਤੂੰ ਉਨ੍ਹਾਂ ਪੁਰਸ਼ਾਂ ਦੇ ਨਾਲ ਰਲ ਕੇ ਚੱਲੀਂ ਜਿਹੜੇ ਪ੍ਰਮੇਸ਼ਰ ਨੂੰ ਮਿਲੇ ਹੋਏ ਨੇ –

***ਅਵਰ ਤਿਆਗਿ ਬਿਖਿਆ ਜੰਜਾਲ॥ ਪੰਨਾ – 283***

ਬਾਕੀ ਵਿਹੁ ਦੇ ਜੰਜਾਲ ਛੱਡ ਦੇਹ। ਵਿਹੁ ਇਕੱਠੀ ਕਰੇਂਗਾ ਤਾਂ ਖਾਣੀ ਪਏਗੀ, ਫੇਰ ਖਾਣ ਵੇਲੇ ਦੁਖੀ ਹੋਏਂਗਾ।

***ਧੰਨਿ ਧੰਨਿ ਕਹੈ ਸਭੁ ਕੋਇ॥ ਪੰਨਾ – 283***

ਜਦੋਂ ਨਾਮ ਦਾ ਧਨ ਤੇਰੇ ਕੋਲ ਆ ਗਿਆ ਉਸ ਵੇਲੇ ਇਥੇ ਧੰਨ! ਧੰਨ!! ਜਦੋਂ ਦਰਗਾਹ ਵਿਚ ਜਾਏਂਗਾ ਉਸ ਵੇਲੇ ਜਿੰਨਿਆਂ ਮੰਡਲਾਂ ਵਿਚੋਂ ਲੰਘੇਗਾ ਉਥੇ ਤੈਨੂੰ ਧੰਨ! ਧੰਨ!! ਦੀ ਆਵਾਜ਼ ਸੁਣਾਈ ਦੇਵੇਗੀ, ਫੁੱਲ ਸੁੱਟੇ ਜਾਣਗੇ ਤੇਰੇ ਤੇ, ਤੈਨੂੰ ਧੰਨ ਧੰਨ ਕਹਿਣਗੇ, ਤੇਰੀ ਮਾਤਾ ਨੂੰ ਧੰਨ ਕਹਿਣਗੇ।

***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ – 283***

ਦਰਗਾਹ ਵਿਚ ਜਾ ਕੇ ਜਿਥੇ ਲੇਖੇ ਦੇਣੇ ਨੇ ਉਥੇ ਮੁਖ ਉਜਲਾ ਹੋਏਗਾ, ਉਥੇ ਬੜੀ ਇਜ਼ਤ, ਮਾਣ ਪ੍ਰਾਪਤ ਹੋਏਗੀ, ਪੱਤ ਦਾ ਕੱਪੜਾ ਮਿਲ ਜਾਏਗਾ, ਪ੍ਰਵਾਨ ਹੋ ਜਾਏਂਗਾ। ਸੋ ਐਨਾ ਹੁੰਦੇ ਹੋਏ ਮਹਾਰਾਜ ਜੀ ਕਹਿੰਦੇ ਸੰਸਾਰ ਦੇ ਮਨ ਦੇ ਅੰਦਰ ਇਹ ਸੋਝੀ ਆਉਂਦੀ ਨਹੀਂ ਹੈ ਕਿਉਂਕਿ ਮਨ ਦੂਸ਼ਿਤ ਹੋ ਗਿਆ ਉਸ ਦਾ। ਜਦੋਂ ਸੋਚਦਾ ਹੈ ਦੂਜੀ ਗੱਲ ਸੋਚਦਾ ਹੈ ਏਸ ਗੱਲ ਵੱਲ ਇਸ ਦਾ ਧਿਆਨ ਆਉਂਦਾ ਹੀ ਨਹੀਂ ਇਸ ਕਰਕੇ –

***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ – 283***

ਵਿਰਲੇ-ਵਿਰਲੇ ਪੁਰਸ਼ ਨੇ ਜਿਨ੍ਹਾਂ ਨੂੰ ਇਹ ਸੋਝੀ ਆਉਂਦੀ ਹੈ ਤੇ ਜਿਹੜੇ ਨਾਮ ਦੀ ਮੰਗ ਕਰਕੇ ਨਾਮ ਦਾ ਰਸ ਲੈਂਦੇ ਨੇ, ਨਾਮ ਦਾ ਆਨੰਦ ਲੈਂਦੇ ਨੇ।

ਸੋ ਕਿਰਪਾ ਕੀਤੀ ਹੈ ਪੁਲਿਸ ਕਲੋਨੀ ਦੇ ਉਤੇ ਵੀ ਕਿ ਇਨ੍ਹਾਂ ਦੇ ਮਨ ਵਿਚ ਵੀ ਚਾਅ ਜਾਗਿਆ ਕਿ ਅਸੀਂ ਹਰੀ ਦਾ ਜਸ ਸੁਣੀਏ, ਹਰੀ ਦਾ ਜਸ ਕਰਾਈਏ ਆਪਣੀ ਕਮਾਈ ਸਫਲ ਕਰੀਏ। ਵਾਹਿਗੁਰੂ ਕਿਰਪਾ ਕਰੇ ਹੌਲੀ ਹੌਲੀ ਉਚੀ ਸੋਝੀ ਦੇ ਕੇ ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰਾ ਕੇ ਮਹਾਂ ਸੁਖ ਦਾ ਝਲਕਾਰਾ ਦੇਵੇ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਸੁ ਅੰਮ੍ਰਿਤੁ ਗੁਰ ਤੇ ਪਾਇਆ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਪੰਨਾ - 537*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਆਪ ਗੁਰੂ ਦਰਬਾਰ ਦੇ ਅੰਦਰ ਅੱਜ ਪੰਜਵੇਂ ਦੀਵਾਨ ਵਿਚ ਸ਼ਸ਼ੋਭਿਤ ਹੋ। ਗੁਰੂ ਮਹਾਰਾਜ ਜੀ ਦਾ ਐਸਾ ਮੱਤ ਹੈ ਕਿ ਜਿੰਨੀ ਦੇਰ ਤੱਕ ਅਸੀਂ ਗੁਰਮਤਿ ਨੂੰ ਨਾ ਸਮਝ ਸਕੀਏ ਕਿ ਗੁਰੂ ਸਾਹਿਬ ਕੀ ਕਹਿੰਦੇ ਨੇ, ਉਨੀ ਦੇਰ ਤਕ ਰੂਹਾਨੀ ਰਸਤੇ ਤੇ ਚੱਲਣ ਵਾਲੇ ਨੂੰ ਪਤਾ ਨਹੀਂ ਲਗਦਾ ਕਿ ਮੇਰਾ ਨਿਸ਼ਾਨਾ (target) ਕੀ ਹੈ, ਕਿਥੇ ਮੈਂ ਪਹੁੰਚਣਾ ਹੈ? ਸੋ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਇਹ ਸਾਰਾ ਹੀ ਸੰਸਾਰ ਪ੍ਰਮੇਸ਼ਰ ਤੋਂ ਪੈਦਾ ਹੋਇਆ ਹੈ। ਇਕੋ ਹੀ ਆਤਮ ਪਸਾਰਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਇਸ ਆਤਮਾ ਨੂੰ ਅਸੀਂ ਨਾਮ ਕਹਿੰਦੇ ਹਾਂ। ਸਾਰਾ ਪਸਾਰਾ ਨਾਮ ਤੋਂ ਹੀ ਹੋਇਆ ਹੈ। ਨਾਮ ਨਾਮੀ ਤੋਂ ਵੱਖਰਾ ਨਹੀਂ ਹੈ, ਵਾਹਿਗੁਰੂ ਦਾ ਹੀ ਇਕ ਰੂਪ ਹੈ ਜੋ ਕਿ ਸਾਡੀ ਮੰਜਿਲ ਹੈ, ਜਿਥੇ ਅਸੀਂ ਪਹੁੰਚਣਾ ਹੈ। ਜਦ ਤਕ ਉਥੇ ਨਹੀਂ ਪਹੁੰਚਦੇ, ਉਨੀ ਦੇਰ ਤਕ ਸਾਡੇ ਗੱਲ ਜੰਮਣ-ਮਰਣ ਦਾ ਚੱਕਰ ਜੋ ਪਇਆ ਹੋਇਆ ਹੈ, ਉਹ ਹਟਣਾ ਨਹੀਂ ਹੈ। ਸਾਧ ਸੰਗਤ ਜੀ! ਵਾਹਿਗੁਰੂ ਨੇ ਮਾਇਆ ਨੂੰ ਆਪਣੇ ਤੋਂ ਅਲਗ ਕਰ ਦਿੱਤਾ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਪੰਨਾ - 537*

ਲੇਕਿਨ ਸਾਧ ਸੰਗਤ ਜੀ! ਸਾਰਿਆਂ ਦੇ ਅੰਦਰ ਕੋਈ ਹੋਰ ਬੈਠ ਗਿਆ, ਏਨਾ ਕੁ ਤਾਂ ਸਾਨੂੰ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿਉਂਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਸਤਕ ਨਿਵਾਉਂਦੇ ਹਾਂ, ਇਹ ਸਮਝ ਲੈਣਾ ਚਾਹੀਦਾ ਹੈ ਕਿ ਹਰ ਇਕ ਦੇ ਅੰਦਰ ਵਾਹਿਗੁਰੂ ਬੈਠਾ ਹੈ। ਇਹ ਸਰੀਰ ਪ੍ਰਮੇਸ਼ਰ ਦਾ ਬਹੁਤ ਹੀ ਪਵਿੱਤਰ ਮੰਦਰ ਹੈ। ਸਾਧ ਸੰਗਤ ਜੀ! ਚਾਹੇ ਕਿੰਨਾ ਹੀ ਸੰਗਮਰਮਰ ਲਾ ਲਓ, ਚਾਹੇ ਸੋਨੇ ਦੀਆਂ ਪਲੇਟਾਂ ਲਾ ਲਓ, ਜੋ ਕਰਨਾ ਹੈ ਕਰ ਲਓ, ਉਹ ਮੰਦਰ ਫੇਰ ਵੀ ਮਿੱਟੀ ਗਾਰੇ ਦੇ ਰਹਿੰਦੇ ਹਨ। ਇਹ ਮੰਦਰ ਜੋ ਪਰਮੇਸ਼ਰ ਨੇ ਬਣਾਇਆ ਹੈ, ਇਹ ਬਹੁਤ ਹੀ ਕੀਮਤੀ ਮੰਦਰ ਹੈ, ਜਿਸ ਵਿਚ ਪ੍ਰਮੇਸ਼ਰ ਆਪ ਆਸਣ ਲਾ ਕੇ ਬੈਠਾ ਹੈ। ਆਪ ਹੀ ਉਸ ਦੀ ਸਮਰਥਾ ਦੇ ਮੁਤਾਬਿਕ ਜਿਵੇਂ ਬਿਜਲੀ ਦਾ ਟਰਾਂਸਫਾਰਮਰ ਹੁੰਦਾ ਹੈ, ਬਿਜਲੀ ਤਾਂ 11,000 ਵਾਟ ਦੀ ਜਾ ਰਹੀ ਹੈ, ਪਰ ਟਰਾਂਸਫਾਰਮਰ 440 ਵਾਟ ਦੇ ਰਿਹਾ ਹੈ ਟਿਊਬਵੈਲਾਂ ਨੂੰ, ਘਰ ਦੀ ਲਾਈਟ ਵਾਸਤੇ 220 ਵਾਟ ਦੇ ਰਿਹਾ ਹੈ। ਅਮਰੀਕਾ ਵਗੈਰਾ ਵਿਚ 120 ਵਾਟ ਹੋਇਆ ਕਰਦਾ ਹੈ, ਪਰ ਬਿਜਲੀ ਓਹੀ ਹੈ। ਇਸੇ ਤਰ੍ਹਾਂ ਸਾਰਿਆਂ ਦੇ ਸਰੀਰਾਂ ਵਿਚ ਵਾਹਿਗੁਰੂ ਬੈਠਾ ਹੈ, ਜਿੰਨੀ ਕੁ ਕਿਸੇ ਦੀ ਬੁਧੀ ਹੈ, ਓਨੀ ਹੀ ਉਹ ਬੁਧੀ ਤੋਂ ਕੰਮ ਲੈ ਰਿਹਾ ਹੈ।

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥ ਪੰਨਾ - 275*

ਆਪ ਹੀ ਫੈਲ ਗਿਆ, ਜਿਵੇਂ ਬੀਜ ਤੋਂ ਦਰਖਤ ਫੈਲ ਜਾਂਦਾ ਹੈ, ਇਸ ਤਰ੍ਹਾਂ ਪ੍ਰਮੇਸ਼ਰ ਸੰਸਾਰ ਬਣਕੇ ਫੈਲ ਗਿਆ।

*ਜੈਸੀ ਮਤਿ ਦੇਇ ਤੈਸਾ ਪਰਗਾਸ॥ ਪੰਨਾ - 275*

ਜਿਵੇਂ ਦੀ ਮਤ ਕਿਸੇ ਨੂੰ ਦਿੱਤੀ ਹੈ ਉਹੋ ਜਿਹਾ ਚਾਨਣਾ ਉਸਦੇ ਅੰਦਰ ਹੈ। ਬਹੁਤ ਵੱਡੀ ਮੱਤ ਵਾਲੇ ਨੂੰ ਬਹੁਤਾ ਚਾਨਣਾ ਪ੍ਰਾਪਤ ਹੁੰਦਾ ਹੈ, ਥੋੜੀ ਮੂਰਖ ਮਤ ਵਾਲੇ ਥੋੜਾ ਪ੍ਰਾਪਤ ਹੰਦਾ ਹੈ। ਸੋ ਮਹਾਰਾਜ ਜੀ ਬਾਣੀ ਵਿਚ ਕਹਿੰਦੇ ਹਨ -

*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਸੋ ਵਾਹਿਗੁਰੂ ਜੀ ਆਪੇ ਹੀ ਸਾਰੇ ਸੰਸਾਰ 'ਚ ਪਸਾਰਾ ਕਰਕੇ ਅਨੇਕਾਂ ਰੂਪਾਂ ਦੇ ਵਿਚ ਨਜ਼ਰ ਆ ਰਿਹਾ ਹੈ। ਪਰ ਸਾਡੇ ਵਿਚ ਇਹ ਫਰਕ ਕਿਥੋਂ ਪੈ ਗਿਆ? ਸਾਨੂੰ ਤਾਂ ਨਜ਼ਰ ਹੀ ਨਹੀਂ ਆਉਂਦਾ। ਜੇ ਕੋਈ ਦੱਸਦਾ ਹੈ ਤਾਂ ਵੀ ਯਕੀਨ ਨਹੀਂ ਆਉਂਦਾ ਕਿਉਂਕਿ ਸਾਡੇ ਮਨਾਂ ਅੰਦਰ ਗੁਰੂ ਤੇ

ਵਿਸ਼ਵਾਸ ਨਹੀਂ, ਜੇ ਵਿਸ਼ਵਾਸ ਹੋਵੇ ਇਸੇ ਹੀ ਦੀਵਾਨ ਵਿਚ ਹੁਣੇ ਹੀ ਸਾਰੇ ਬ੍ਰਹਮਗਿਆਨੀ ਹੋ ਜਾਣ। ਇਕ ਵੀ ਅਗਿਆਨ ਵਾਲਾ ਨਾ ਰਹੇ, ਸਭ ਨੂੰ ਪਰਮ ਮੁਕਤ ਵਾਲਾ ਦਰਜਾ ਪ੍ਰਾਪਤ ਹੋ ਜਾਵੇ। ਪਰ ਇਹ ਜੀਵ ਮੰਨਦਾ ਨਹੀਂ, ਜਿੰਨਾ ਚਾਹੇ ਇਸ ਨੂੰ ਸੱਚ ਬੋਲ ਬੋਲ ਕੇ ਦੱਸੀ ਜਾਓ ਪਰ ਝੂਠ ਹੀ ਮੰਨਦਾ ਹੈ। ਇਸ ਦੀ ਬਿਰਤੀ ਹੀ ਐਸੀ ਬਣ ਗਈ ਹੈ ਇਸ ਦੇ ਗਲ ਕਲੇਸ਼ ਪੈ ਗਿਆ ਹੈ। ਅਸਲ ਗੱਲ ਹੋਰ ਹੈ, ਪਰ ਮੰਨਦਾ ਹੋਰ ਹੈ, ਨਾ ਗੁਰੂਆਂ ਦੀ ਮੰਨਦਾ ਹੈ ਨਾ ਮੁਨੀਆਂ ਦੀ, ਨਾ ਸਾਧੂਆਂ ਦੀ, ਨਾ ਸੰਤਾਂ ਦੀ ਇਹ ਆਪਣੀ ਹੀ ਅਕਲ ਦੇ ਮੁਤਾਬਿਕ ਚਲਦਾ ਹੈ। ਸਾਧ ਸੰਗਤ ਜੀ! ਹੁਣ ਫਰਕ ਕਿਥੇ ਪੈ ਗਿਆ ਹੈ, ਫਰਕ ਪੈ ਗਿਆ ਹੈ ਮਾਇਆ ਦਾ, ਮਾਇਆ ਇਕ ਐਸਾ ਤੱਤ ਹੈ ਜਿਸ ਨੇ ਪ੍ਰਮੇਸ਼ਰ ਨੂੰ ਭੁਲਾ ਦਿੱਤਾ। ਹੁੰਦਾ ਤਾਂ ਕੁਝ ਵੀ ਨਹੀਂ ਪਰ ਹੁੰਦਾ ਦਿਖਾ ਦਿੱਤਾ। ਇਸ ਗੱਲ ਨੂੰ ਸਮਝਣ ਵਾਸਤੇ ਇਕ ਸਾਖੀ ਦੀ ਲੋੜ ਪੈਂਦੀ ਹੈ।

ਕ੍ਰਿਸ਼ਨ ਮਹਾਰਾਜ ਜੀ ਤੇ ਅਰਜੁਨ ਰੱਥ ਤੇ ਜਾ ਰਹੇ ਹਨ। ਕ੍ਰਿਸ਼ਨ ਜੀ ਰੱਥ ਚਲਾ ਰਹੇ ਹਨ ਤੇ ਅਰਜੁਨ ਰੱਥ ਵਿਚ ਬੈਠਾ ਹੈ। ਚਲਦੇ-ਚਲਦੇ ਕਹਿਣ ਲੱਗੇ, ਅਰਜਨ ਮੈਂ ਪਾਰਬ੍ਰਹਮ ਪਰਮੇਸ਼ਰ ਸਾਰੇ ਪਰੀਪੂਰਨ ਹਾਂ, ਕੋਈ ਥਾਂ ਐਸਾ ਨਹੀਂ ਜਿਥੇ ਮੈਂ ਨਾ ਹੋਵਾਂ। ਪਰ ਜੀਵ ਬੜਾ ਮੂਰਖ ਹੈ, ਮੈਨੂੰ ਭੁਲਕੇ ਮੇਰੀ ਤ੍ਰਿਗੁਣੀ ਮਾਇਆ ਨੂੰ ਪਿਆਰ ਕਰਦਾ ਹੈ। ਮੇਰੀ ਤ੍ਰਿਗੁਣੀ ਮਾਇਆ ਦਾ ਕੋਈ ਵਜੂਦ ਨਹੀਂ ਹੈ, ਇਹ ਅਣਹੋਈ ਹੈ, ਜੀਵ ਅਣਹੋਈ ਨੂੰ ਹੋਈ ਕਹਿੰਦਾ ਹੈ, ਹੋਈ ਨੂੰ ਅਣਹੋਈ ਕਹਿੰਦਾ ਹੈ, ਇਹ ਸਾਰਾ ਮੇਰੀ ਮਾਇਆ ਦਾ ਚਮਤਕਾਰ ਹੈ, ਇਸ ਵਿਚ ਜੀਵ ਭੁਲ ਜਾਂਦਾ ਹੈ। ਅਰਜੁਨ ਕਹਿਣ ਲੱਗਿਆ ਮਹਾਰਾਜ! ਜਿਸਨੂੰ ਗਿਆਨ ਹੋਵੇ ਉਹ ਨਹੀਂ ਭੁੱਲ ਸਕਦਾ। ਕ੍ਰਿਸ਼ਨ ਜੀ ਕਹਿੰਦੇ, ਨਹੀਂ ਅਰਜੁਨ ਮੇਰੀ ਕ੍ਰਿਪਾ ਤੋਂ ਬਗੈਰ ਸਭ ਭੁਲ ਜਾਂਦੇ ਨੇ, ਕੋਈ ਐਸਾ ਨਹੀਂ ਜਿਹੜਾ ਯਾਦ ਰੱਖ ਲਏ। ਕਹਿਣ ਲੱਗਿਆ ਮਹਾਰਾਜ! ਮੈਂ ਨਹੀਂ ਭੁਲਦਾ, ਮੈਨੂੰ ਤਾਂ ਪਤਾ ਹੈ ਕਿ ਤੁਸੀਂ ਹੋ, ਤੁਸੀਂ ਮੈਨੂੰ ਮਹਾਂ ਭਾਰਤ ਦੇ ਯੁੱਧ ਵਿਚ ਗਿਆਨ ਕਰਾ ਦਿੱਤਾ ਤੇ ਮੈਂ ਕਿਵੇਂ ਭੁਲ ਜਾਵਾਂਗਾ। ਕਹਿੰਦੇ, ਨਹੀਂ ਅਰਜਨ ਗਿਆਨ ਸਥਿਲ ਹੋ ਜਾਇਆ ਕਰਦਾ ਹੈ। ਮਾਇਆ ਦੀ ਸ਼ਕਤੀ ਏਨੀ ਜਬਰਦਸਤ ਹੈ ਕਿ ਗਿਆਨ ਵੀ ਨਹੀਂ ਰਿਹਾ ਕਰਦਾ। ਕਹਿਣ ਲੱਗਿਆ, ਨਹੀਂ ਮਹਾਰਾਜ! ਮੈਂ ਇਸ ਗੱਲ ਨੂੰ ਨਹੀਂ ਮੰਨਦਾ। ਦੂਜੇ ਦਿਨ ਫੇਰ ਬਚਨ ਹੋਇਆ, ਕਹਿਣ ਲੱਗਿਆ ਮੈਨੂੰ ਮਾਇਆ ਦਿਖਾ ਦਿਓ, ਜੇ ਤਾਂ ਮੈਂ ਭੁੱਲ ਗਿਆ, ਫੇਰ ਤਾਂ ਠੀਕ ਹੈ, ਪਰ ਮੈਂ ਤੁਹਾਨੂੰ ਕਿਵੇਂ ਭੁਲ ਸਕਦਾ ਹਾਂ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਅਰਜੁਨ! ਮੈਨੂੰ ਤਾਂ ਭੁਲਣਾ ਇਕ ਪਾਸੇ ਰਿਹਾ ਤੂੰ ਤਾਂ ਆਪਣੇ ਆਪ ਨੂੰ ਵੀ ਭੁਲ ਜਾਏਂਗਾ। ਅਰਜਨ ਕਹਿਣ ਲੱਗਿਆ ਕਿ ਐਸਾ ਵੀ ਹੋ ਸਕਦਾ ਹੈ ਕਿ ਮੈਂ ਆਪਣੇ ਆਪ ਨੂੰ ਭੁਲ ਜਾਵਾਂ। ਕ੍ਰਿਸ਼ਨ ਮਹਾਰਾਜ ਕਹਿਣ ਲਗੇ, ਕਿ ਮਾਇਆ ਪ੍ਰਬਲ ਹੈ, ਇਸਦਾ ਕੰਮ ਹੀ ਇਹੀ ਹੈ ਕਿ ਇਹ ਜੀਵ ਨੂੰ ਪ੍ਰਮੇਸ਼ਰ ਤੋਂ ਭੁਲ ਦਿੰਦੀ ਹੈ -

***ਧਾਰਨਾ - ਤੁਮਰੇ ਚਰਨ ਵਿਸਾਰੇ ਜੀ,***
***ਇਨ ਮਾਇਆ ਜਗਦੀਸ ਗੁਸਾਈ -2, 2.***
***ਇਨ ਮਾਇਆ ਜਗਦੀਸ ਗੁਸਾਈ -2, 2.***
***ਤੁਮਰੇ ਚਰਨ ਵਿਸਾਰੇ ਜੀ, ....... -2.***

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਪੰਨਾ - 857***

ਵਾਹਿਗੁਰੂ ਤੋਂ ਜੋ ਮੰਗੋ ਮਿਲ ਜਾਂਦਾ ਹੈ, ਪਰੰਤੂ ਇਸ ਜੀਵ ਨੇ ਪ੍ਰਭੂ ਨੂੰ ਵਿਸਾਰ ਦਿੱਤਾ -

***ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥***
***ਪੰਨਾ - 714***

ਸਾਧ ਸੰਗਤ ਜੀ! ਜਿਹੜਾ ਉਸ ਦੀ ਓਟ ਲਏਗਾ, ਨਾਮ ਜਪੇਗਾਂ, ਜੋ ਕੁਛ ਮੰਗੇਗਾ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਮਨ ਚਿਤ ਇਕਾਗਰ ਕਰਕੇ ਕੁਛ ਮੰਗ ਲਓ, ਉਸੇ ਵੇਲੇ ਮਿਲ ਜਾਂਦਾ ਹੈ। ਵਾਹਿਗੁਰੂ ਤਾਂ ਸਭ ਨੂੰ ਦੇਣਹਾਰ ਹੈ, ਦਿੰਦਾ ਹੀ ਚਲਾ ਜਾਂਦਾ ਹੈ, ਪਰ ਸਾਨੂੰ ਮੰਗਣ ਦੀ ਜਾਚ ਨਹੀਂ ਹੈ ਉਪਰੋਂ ਉਪਰੋਂ ਮੰਗਦੇ ਹਾਂ, ਜੇ ਦੇ ਦਿੱਤਾ ਤਾਂ ਠੀਕ ਹੈ, ਨਹੀਂ ਤਾਂ ਨਾ ਸਹੀ, ਦਿਲੋਂ ਨਹੀਂ ਮੰਗਦੇ, ਜੇ ਦਿਲੋ ਮੰਗ ਲਓ ਮਿਲ ਜਾਂਦਾ ਹੈ। ਇਕ ਵਾਰੀ ਪਿੰਡ ਰਤਨਗੜ੍ਹ ਵਿਚ ਦੀਵਾਨ ਲਗਿਆ ਹੋਇਆ ਸੀ, ਉਥੇ ਸੰਗਤ ਬਹੁਤ ਬੈਠੀ ਸੀ, ਇਹ ਬਚਨ ਮੇਰੇ ਮੂੰਹ ਵਿਚੋਂ ਨਿਕਲ ਗਿਆ ਕਿ ਜੋ ਮੰਗੋ ਮਿਲ ਜਾਂਦਾ ਹੈ, ਬਹੁਤਿਆਂ ਦੇ ਤਾਂ ਉਪਰੋਂ ਹੀ ਲੰਘ ਗਿਆ ਕਿਉਂਕਿ ਆਦਮੀ ਦੀ ਸੁਰਤੀ ਬਿਰਤੀ ਐਸੀ ਹੁੰਦੀ ਹੈ ਗਹਿਰਾ ਧਿਆਨ ਨਹੀਂ ਦਿੰਦਾ ਕਿ ਕੀ ਕਿਹਾ ਜਾ ਰਿਹਾ ਹੈ। ਉਸ ਦੀਵਾਨ ਦੀ ਸਮਾਪਤੀ ਤੋਂ ਕੋਈ ਇਕ ਮਹੀਨੇ ਬਾਅਦ ਇਕ ਮਾਈ ਨੇ ਰੁਮਾਲਾ ਰੱਖ ਕੇ 50 ਰੁਪਏ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਅੱਗੇ ਮੱਥਾ ਟੇਕਿਆ। ਮੈਂ ਕਿਹਾ ਕਿ ਬੀਬੀ ਇਹ ਪੰਜਾਹ ਰੁਪਏ ਕਾਹਦੇ ਲੈ ਕੇ ਆਈ ਹੈਂ? ਉਹ ਕਹਿਣ ਲੱਗੀ ਕਿ ਸਾਡੇ ਪਿੰਡ ਦੀਵਾਨ ਵਿਚ ਕਿਹਾ ਸੀ ਕਿ ਗੁਰੂ ਮਹਾਰਾਜ ਤੋਂ ਜੋ ਮੰਗੋ ਮਿਲ ਜਾਂਦਾ ਹੈ। ਮੈਨੂੰ ਪੁਰਾਣਾ ਦਮਾ ਹੋਇਆ ਹੋਇਆ ਸੀ। ਡਾਕਟਰਾਂ ਤੋਂ ਰਾਜੀ ਨਹੀਂ ਸੀ ਹੁੰਦਾ, ਮੈਂ ਉਸ ਵਕਤ ਦੀਵਾਨ ਵਿਚ ਕਿਹਾ ਮਹਾਰਾਜ! ਮੈਂ ਹੋਰ ਕੁਛ ਨਹੀਂ ਮੰਗਦੀ ਮੇਰਾ ਦਮਾਂ ਹਟਾ ਦੇ, ਕਹਿੰਦੀ ਮੇਰਾ ਦਮਾਂ ਉਦੋਂ ਹੀ ਹਟ ਗਿਆ। ਮੈਂ ਮਹੀਨਾ ਇਸ ਗੱਲ ਤੇ ਰਹੀ ਕਿ ਦੁਬਾਰਾ ਹੁੰਦਾ ਹੈ ਕਿ ਨਹੀਂ ਹੁੰਦਾ ਤੇ ਅੱਜ ਮੈਂ ਗੁਰੂ ਮਹਾਰਾਜ ਜੀ ਨੂੰ ਰੁਮਾਲਾ ਭੇਟਾ ਲੈ ਕੇ ਆਈ ਹਾਂ ਤੇ ਪੰਜਾਹ ਰੁਪਏ ਲੈ ਕੇ ਆਈ ਹਾਂ। ਸਾਧ ਸੰਗਤ ਜੀ! ਵਾਹਿਗੁਰੂ ਤਾਂ ਐਨਾ ਨੇੜੇ ਹੈ ਪਰ ਸਾਡਾ ਦਿਲ ਨਹੀਂ ਮੰਨਦਾ, ਨਾ ਮੰਨਣ ਕਰਕੇ ਅਸੀਂ ਟੁਟੇ ਰਹਿੰਦੇ ਹਾਂ, ਕਿਹੜੀ ਚੀਜ਼ ਹੈ ਜਿਹੜੀ ਪ੍ਰਮੇਸ਼ਰ ਤੋਂ ਨਹੀਂ ਮਿਲ ਸਕਦੀ ਪਰ ਸਾਨੂੰ ਮੰਗਣਾ ਨਹੀਂ ਆਉਂਦਾ।

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥***
***ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥***
***ਪੰਨਾ - 917***

ਅਸੀਂ ਮੰਗ ਤਾਂ ਲੈਂਦੇ ਹਾਂ, ਪਰ ਉਸ ਹਸਤੀ ਦਾ ਧਿਆਨ ਸਾਡੇ ਹਿਰਦੇ ਵਿਚ ਨਹੀਂ ਆਉਂਦਾ, ਉਸ ਨੂੰ ਅਸੀਂ ਭੁੱਲੇ ਰਹਿੰਦੇ ਹਾਂ, ਕਾਰਨ ਇਹ ਹੈ ਕਿ ਮਾਇਆ ਬੜੀ ਪ੍ਰਬਲ ਹੈ।

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥***
***ਪੰਨਾ - 857***

ਸੋ ਕਹਿੰਦੇ, ਬਿਲਕੁਲ ਵੀ ਦਿਲ ਵਿਚ ਦਾਤੇ ਦੀ ਪ੍ਰੀਤ ਨਹੀਂ ਆਉਂਦੀ, ਸਗੋਂ ਦਾਤੇ ਦੀ ਥਾਂ ਤੇ ਦਿੱਤੀ ਹੋਈ ਦਾਤ ਦਾ ਪਿਆਰ ਪੈ ਜਾਂਦਾ ਹੈ। ਪੁੱਤਰ ਦੇ ਦਿੱਤਾ, ਉਸਨੇ ਉਹਦੇ ਨਾਲ ਪਿਆਰ, ਜਿਹੜਾ ਦੇਣ ਵਾਲਾ ਉਸਨੂੰ ਕੋਈ ਨਹੀਂ ਜਾਣਦਾ। ਸੋ ਇਹ ਕੰਮ ਹੈ ਮਾਇਆ ਦਾ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਅਰਜਨ! ਇਹ ਜੀਵ ਤਾਂ ਭੁਲਦਾ ਹੀ ਭੁਲਦਾ ਹੈ। ਬਹੁਤ ਸਾਰੀਆਂ ਸਮਾਧੀਆਂ ਲਾਉਂਦਾ ਹੈ, ਪਾਠ ਕਰਦਾ ਹੈ, ਹੋਰ ਅਨੇਕ ਕਰਮ ਕਰਦਾ ਹੈ ਪਰ ਪ੍ਰਮੇਸ਼ਰ ਨੂੰ ਤਾਂ 24 ਘੰਟੇ ਹੀ ਭੁਲਿਆ ਰਹਿੰਦਾ ਹੈ ਕਿਉਂਕਿ ਮੇਰੀ ਮਾਇਆ ਪ੍ਰਬਲ ਹੈ। ਕਹਿੰਦਾ, "ਮੈਂ ਨਹੀਂ ਭੁਲਦਾ, ਮੈਨੂੰ ਆਪਣੀ ਮਾਇਆ ਦਿਖਾਓ।" ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਸਾਡੇ ਵਾਸਤੇ ਜਲ ਲੈ ਕੇ ਆ, ਅਸੀਂ ਦਾਤਨ ਕਰਨੀ ਹੈ। ਪਾਣੀ ਕੋਲ ਹੀ ਸੀ। ਉਸਨੇ ਗੜਵਾ ਚੁਕਿਆ ਤੇ ਪਾਣੀ ਭਰਣ ਲਈ ਇਕ ਪੈਰ ਹੇਠਾਂ ਪੌੜੀ ਤੇ ਰਖਿਆ ਜਦ ਗੜਵਾ ਭਰਣ ਲਗਿਆ ਤਾਂ ਭਗਵਾਨ ਨੇ ਮਾਇਆ ਪਾ ਦਿੱਤੀ। ਜਦੋਂ ਮਾਇਆ ਪਈ ਤਾਂ, ਕੀ ਦੇਖਦੈ ਕਿ ਨਾ ਤਾਲਾਬ ਹੈ ਨਾ ਹੱਥ ਵਿਚ ਗੜਵਾ ਹੈ ਤੇ ਭਿਆਨਕ ਜੰਗਲ ਹੈ। ਜੰਗਲ ਦੇ ਵਿਚ ਸ਼ੇਰ ਫਿਰਦੇ ਨਜ਼ਰ ਆਉਂਦੇ ਹਨ, ਵੱਡੇ ਵੱਡੇ ਸੱਪ ਮੂੰਹ ਅੱਡੀ ਆਉਂਦੇ ਨੇ, ਡਰਿਆ ਹੋਇਆ ਦੌੜਿਆ ਜਾਂਦਾ ਹੈ। ਆਵਾਜ਼ਾਂ ਦਿੰਦਾ ਹੈ ਕਿ ਤੁਸੀਂ ਕਿਥੇ ਗਏ, ਹੇ ਕ੍ਰਿਸ਼ਨ ਮਹਾਰਾਜ, ਤੁਸੀਂ ਕਿਥੇ ਗਏ। ਉੱਚੀ ਉੱਚੀ ਪੁਕਾਰਦਾ ਹੈ ਕਿ ਤੁਸੀਂ ਕਿਥੇ ਹੋ, ਮੈਂ ਤਾਂ ਜੰਗਲ ਵਿਚ ਘਿਰ ਗਿਆ ਹਾਂ ਮੈਂ ਤਾਂ ਪਹਿਲਾ ਏਹੋ ਜੇਹਾ ਜੰਗਲ ਕਦੇ ਨਹੀਂ ਦੇਖਿਆ। ਤਿੰਨ ਦਿਨ, ਤਿੰਨ ਰਾਤਾਂ, ਜੰਗਲ ਵਿਚ ਦਰਖਤਾਂ ਤੇ ਪੈ ਕੇ ਤੇ ਏਧਰ ਉਧਰ ਭੱਟਕ ਕੇ ਬੜੀ ਮੁਸ਼ਕਲ ਦੇ ਨਾਲ ਜੰਗਲ ਤੋਂ ਬਾਹਰ ਨਿਕਲਿਆ। ਉਥੇ ਰੋਂਦਾ ਫਿਰਦਾ ਹੈ। ਇਕ ਕੋਈ ਪ੍ਰੇਮੀ ਮਿਲਿਆ, ਇਸ ਨੂੰ ਪੁਛਣ ਲੱਗਾ ਕਿ ਪ੍ਰੇਮੀਆ! ਤੂੰ ਰੋਂਦਾ ਕਿਉਂ ਹੈ? ਕਹਿੰਦਾ, ਰੋਵਾਂ ਨਾ ਤੇ ਹੋਰ ਕੀ ਕਰਾਂ, ਤਿੰਨ ਦਿਨ ਪਹਿਲਾਂ ਕ੍ਰਿਸ਼ਨ ਮਹਾਰਾਜ ਮੇਰੇ ਨਾਲ ਸੀ, ਪਤਾ ਨਹੀਂ ਕਿਥੇ ਚਲੇ ਗਏ, ਮੈਨੂੰ ਲਭਦੇ ਨਹੀਂ, ਨਾ ਹੀ ਮੈਨੂੰ ਉਹ ਰੱਥ ਲਭਦੈ, ਨਾ ਥਾਂ ਲਭਦਾ ਹੈ। ਉਹ ਪ੍ਰੇਮੀ ਕਹਿਣ ਲੱਗਾ ਕਿ ਕ੍ਰਿਸ਼ਨ ਮਹਾਰਾਜ ਜੀ ਨੂੰ ਤਾਂ ਦੁਨੀਆਂ ਤੋਂ ਗਇਆਂ ਨੂੰ 300 ਸਾਲ ਹੋ ਚੁਕੇ ਹਨ। ਕਹਿਣ ਲੱਗਿਆ 300 ਸਾਲ! ਹੁਣੇ ਤਾਂ ਉਹ ਮੇਰੇ ਨਾਲ ਸਨ। ਉਸਨੇ ਕਿਹਾ ਕਿ ਮੈਂ ਅਰਜਨ ਹਾਂ ਤਾਂ ਪ੍ਰੇਮੀ ਨੇ ਕਿਹਾ ਕਿ ਅਰਜਨ ਨੂੰ ਵੀ ਦੁਨੀਆਂ ਤੋਂ ਹੋਏ 300 ਸਾਲ ਗੁਜਰ ਚੁਕੇ ਹਨ। ਜੇ ਤੈਨੂੰ ਯਕੀਨ ਨਹੀਂ ਆਉਂਦਾ, ਤੂੰ ਮੇਰੇ ਨਾਲ ਚਲ, ਨਗਰ ਦੇ ਵਿਚ ਉਥੇ ਮਹਾ ਭਾਰਤ ਦੀ ਕਥਾ ਹੁੰਦੀ ਹੈ। ਉਹ ਉਸਦੇ ਨਾਲ ਨਗਰ ਵਿਚ ਚਲਾ ਗਿਆ। ਉਸਨੇ ਕਥਾ ਵਿਚ ਸੁਣ ਲਿਆ ਤੇ ਹੈਰਾਨ ਹੋ ਗਿਆ, ਕਥਾ ਵਿਚ ਕਹਿੰਦੇ ਕਿ ਮਹਾਭਾਰਤ ਦਾ ਯੁੱਧ ਹੋਇਆ, ਜਿੱਤ ਪਾਂਡਵਾਂ ਦੀ ਹੋਈ, ਉਸ ਤੋਂ ਬਾਅਦ ਪਾਂਡਵਾਂ ਨੇ ਯੱਗ ਕੀਤਾ, ਉਦਾਸ ਹੋ ਗਏ, ਬਰਫਾਂ ਵਿਚ ਜਾ ਕੇ ਗਲ ਗਏ, ਫੇਰ ਮੁੜਕੇ ਨਹੀਂ ਆਏ। ਫੇਰ ਕ੍ਰਿਸ਼ਨ ਮਹਾਰਾਜ ਜੀ ਬਾਰੇ ਦਸਦੇ ਨੇ ਕਿ ਉਹ ਜੰਗਲ ਦੇ ਅੰਦਰ ਬੈਠੇ ਸੀ, ਤੇ ਇਕ ਬੱਧਕ ਨੇ ਹਰਣ ਦੇ ਭੁਲੇਖੇ ਆ ਕੇ ਬਾਣ ਮਾਰਿਆ, ਉਹ ਵੀ ਚੜ੍ਹਾਈ ਕਰ ਗਏ ਤੇ 300 ਸਾਲ ਹੋ ਚੁਕੇ ਹਨ। ਅਰਜਨ ਭਰਮ ਵਿਚ ਪੈ ਗਿਆ ਕਿ 300 ਸਾਲ, ਇਹ ਗੱਲ ਕੀ ਹੈ? ਮੈਂ ਜਾਗਦਾ ਹਾਂ ਕਿ ਸੁੱਤਾ ਪਿਆ ਹਾਂ। ਉਹ ਜਦ ਆਪਣੇ ਆਪ ਨੂੰ ਅਰਜਨ ਕਹਿੰਦੈ ਤਾਂ ਸਾਰੇ ਹੀ ਕਹਿੰਦੇ ਹਨ ਕਿ ਦੇਖੋ! ਇਹ ਪਾਗਲ, ਪਾਗਲਖਾਨੇ ਵਿਚੋਂ ਆ ਗਿਆ ਹੈ। ਉਹ ਪ੍ਰੇਮੀ ਕਹਿਣ ਲੱਗਿਆ, ਪਿਆਰਿਆ! ਪਰਦੇਸੀਆ! ਤੂੰ ਆਪਣੇ ਆਪ ਨੂੰ ਅਰਜੁਨ ਨਾ ਕਹਿ, ਤੈਨੂੰ ਲੋਕ ਵੱਟੇ ਮਾਰਨਗੇ, ਉਹਨਾਂ ਨੂੰ ਤਾਂ ਹੋਇਆਂ 300 ਸਾਲ ਹੋ ਗਏ ਹਨ, ਇਥੇ ਦਾ ਰਾਜਾ ਨਾਰਾਜ਼ ਹੋ ਜਾਏਗਾ, ਤੈਨੂੰ ਫਾਂਸੀ ਦੀ ਸਜਾ ਦੇ ਦੇਵੇਗਾ। ਕਹਿੰਦਾ, ਤੂੰ ਆਪਣੇ ਆਪ ਨੂੰ ਪਰਦੇਸੀ ਕਿਹਾ ਕਰ। ਅਰਜੁਨ ਆਪਣਾ ਨਾਮ ਭੁਲ ਗਿਆ, ਪਰਦੇਸੀ ਕਹਾਉਣ ਲੱਗ ਗਿਆ। ਉਥੋਂ ਰਾਜੇ ਨੇ ਉਸਦੇ ਬਾਣ ਚਲਾਉਣ ਦੇ ਕਰਤੱਵ ਦੇਖ ਲਏ ਅਤੇ ਉਸਨੂੰ ਆਪਣੀ ਫੌਜ ਦਾ ਵੱਡਾ ਜਰਨੈਲ ਬਣਾ ਦਿੱਤਾ।

ਐਸਾ ਮਸਤ ਹੋਇਆ, ਪ੍ਰਮੇਸਰ ਨੂੰ ਐਸਾ ਭੁਲਿਆ ਕਿ ਜੇ ਕੋਈ ਧਰਮ ਗ੍ਰੰਥ ਪੜਦਾ ਹੈ ਤਾਂ ਨਾਸਤਕਾਂ ਵਾਲੀਆਂ ਗੱਲਾਂ ਕਰਦਾ ਹੈ। ਆਪਣੇ ਮਤਾਹਿਤ ਫੌਜੀਆਂ ਨਾਲ ਬੁਰਾ ਸਲੂਕ ਕਰਦਾ ਤੇ ਗਾਲਾਂ ਕਢਦਾ ਹੈ। ਕਾਬਲ ਜਰਨੈਲ ਹੋਣ ਕਰਕੇ ਇਸਦਾ ਰਾਜੇ ਦੀ ਲੜਕੀ ਨਾਲ ਵਿਆਹ ਹੋ ਗਿਆ। ਦਿਨ ਰਾਤ ਘਰ ਰਹਿੰਦਾ ਹੈ, ਵਿਸ਼ੇ ਵਿਕਾਰਾਂ ਵਿਚ ਮਸਤ ਹੋ ਗਿਆ, ਸ਼ਰਾਬਾਂ ਪੀਣ ਲਗ ਗਿਆ, ਕਬਾਬ ਖਾਣ ਲਗ ਗਿਆ। ਕਈ ਬੱਚੇ ਹੋ ਗਏ, ਕਾਫੀ ਸਮਾਂ ਲੰਘ ਗਿਆ ਤੇ ਉਸ ਤੋਂ ਬਾਅਦ ਘਰਵਾਲੀ ਚੜ੍ਹਾਈ ਕਰ ਗਈ। ਪਤਨੀ ਦੇ ਚੜ੍ਹਾਈ ਕਰਨ ਤੇ ਕਹਿੰਦਾ ਕਿ ਮੈਂ ਵੀ ਇਸ ਦੇ ਨਾਲ ਹੀ ਚਿਤਾ ਵਿਚ ਜਲਾਂਗਾ। ਸਾਰਿਆਂ ਨੇ ਕਿਹਾ ਕਿ ਕਦੇ ਆਦਮੀ ਵੀ ਜਲਿਐ। ਕਹਿੰਦਾ ਮੈਂ ਤਾਂ ਜਲੂੰਗਾ, ਮੈਂ ਇਸ ਤੋਂ ਬਗੈਰ ਜਿੰਦਾ ਨਹੀਂ ਰਹਿ ਸਕਦਾ। ਉਸਨੇ ਹੱਠ ਕੀਤਾ, ਚਿਖਾ ਵੀ ਬਣਾ ਲਈ ਤੇ ਚਿਖਾ ਵਿਚ ਬੈਠਣ ਨੂੰ ਤਿਆਰ ਹੋ ਗਿਆ। ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਊਧੋ ਨੂੰ

ਭੇਜਿਆ ਕਿ ਉਸਨੂੰ ਉਪਦੇਸ਼ ਦੇਵੇ। ਉਸਨੇ ਆ ਕੇ ਉਪਦੇਸ਼ ਦਿਤਾ ਕਿ 'ਤੂੰ ਅਰਜਨ ਹੈ।' ਕਹਿੰਦਾ, ਖਬਰਦਾਰ ਜੇ ਮੈਨੂੰ ਅਰਜਨ ਕਿਹਾ, ਮੈਂ ਪਰਦੇਸੀ ਹਾਂ। ਊਧੋ ਨੇ ਕਿਹਾ ਕਿ ਮੈਨੂੰ ਵੀ ਨਹੀਂ ਪਹਿਚਾਣਦਾ, ਮੈਂ ਊਧੋ ਹਾਂ ਅਰਜਨ ਕਹਿੰਦਾ, 'ਤੂੰ ਪਾਗਲਖਾਨੇ ਵਿਚੋਂ ਤਾਂ ਨਹੀਂ ਆਇਆ, ਕਿਉਂਕਿ ਊਧੋ ਨੂੰ ਤਾਂ ਹੋਏ ਨੂੰ 300 ਸਾਲ ਹੋ ਚੁਕੇ ਹਨ, ਸਾਡੇ ਰੋਜ ਕਥਾ ਹੁੰਦੀ ਹੈ। ਫੇਰ ਨਹੀਂ ਮੰਨਦਾ ਆਖੀਰ ਕ੍ਰਿਸ਼ਨ ਮਹਾਰਾਜ ਨੇ ਆਪ ਆ ਕੇ ਕਿਹਾ ਹੇ ਅਰਜਨ! ਮੈਂ ਤੇਰੇ ਉਤੇ ਮਾਇਆ ਪਾਈ ਹੋਈ ਹੈ। ਤੂੰ ਕਹਿੰਦਾ ਸੀ ਨਾ ਕਿ ਮੈਂ ਭੁਲਦਾ ਨਹੀਂ, ਤੂੰ ਤਾਂ ਬਿਲਕੁਲ ਹੀ ਭੁੱਲ ਗਿਆ। ਅਰਜਨ ਕਹਿਣ

ਸੰਗਤਾਂ ਵਿਚ ਨਾਮ-ਸਿਮਰਨ ਦੀ ਵਿਆਖਿਆ ਕਰਦੇ ਹੋਏ ਮਹਾਂਪੁਰਸ਼

ਲੱਗਿਆ, ਤੂੰ ਕੌਣ ਹੈ? ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਹੁਣ ਮੈਨੂੰ ਵੀ ਭੁੱਲ ਗਿਆ, ਮੈਂ ਕ੍ਰਿਸ਼ਨ ਹਾਂ। ਉਸਨੇ ਕਿਹਾ ਕਿ ਉਹਨਾਂ ਨੂੰ ਤਾਂ 300 ਸਾਲ ਹੋ ਗਏ ਸੰਸਾਰ ਤੋਂ ਸਰੀਰ ਅਲੋਪ ਕੀਤਿਆਂ, ਕਿਤੇ ਗਲਤੀ ਨਾਲ ਫੇਰ ਨਾ ਕਹਿ ਦੇਵੀਂ, ਮੈਂ ਪਾਗਲਖਾਨੇ ਵਿਚ ਦੇ ਦਿਆਂਗਾ। ਮੇਰੇ ਕੋਲ ਅਖਤਿਆਰ ਹਨ ਕਿਉਂਕਿ ਮੈਂ ਫੌਜ ਦਾ ਜਰਨੈਲ ਹਾਂ। ਕ੍ਰਿਸ਼ਨ ਮਹਾਰਾਜ ਨੇ ਬੜਾ ਸਮਝਾਇਆ ਤੂੰ ਅਰਜਨ ਹੈਂ, ਇਹ ਸਾਰਾ ਮਾਇਆ ਦਾ ਖੇਲ ਹੋ ਰਿਹਾ ਹੈ, ਤੂੰ ਆਪਣੇ ਆਪ ਨੂੰ ਭੁਲ ਗਿਆ ਹੈ। ਅਖੀਰ ਜਦੋਂ ਨਹੀਂ ਮੰਨਿਆ, ਕ੍ਰਿਸ਼ਨ ਮਹਾਰਾਜ ਜੀ ਨੇ ਮੂੰਹ ਤੇ ਹੌਲਾ ਜਿਹਾ ਥੱਪੜ ਮਾਰ ਕੇ ਮਾਇਆ ਲਾਹ ਦਿੱਤੀ। ਜਦੋਂ ਮਾਇਆ ਉਤਰ ਗਈ ਤਾਂ ਕੀ ਦੇਖਦਾ ਹੈ ਉਹੀ ਤਲਾਬ ਹੈ ਤੇ ਉਹ ਪਾਣੀ ਲੈਣ ਵਾਸਤੇ ਕੰਢੇ ਤੇ ਖੜ੍ਹਾ ਹੈ। ਕ੍ਰਿਸ਼ਨ ਮਹਾਰਾਜ ਨੇ ਆਵਾਜ਼ ਮਾਰੀ ਕਹਿੰਦੇ, ਅਰਜੁਨ! ਪਾਣੀ ਲੈ ਕੇ ਨਹੀਂ ਆਇਆ ਹੁਣ ਥਾਂਈ। ਅਰਜੁਨ ਉਚੀ ਉਚੀ ਰੋਂਦਾ ਹੈ। ਕਹਿੰਦੇ, "ਰੋਂਦਾ ਕਿਉਂ ਹੈ?" ਕਹਿੰਦਾ, "ਮੇਰੀ ਘਰਵਾਲੀ ਚੜ੍ਹਾਈ ਕਰ ਗਈ, ਮੈਨੂੰ ਪਤਾ ਨਹੀਂ ਉਹ ਕਿਥੇ ਰਹਿ ਗਈ।"

ਕ੍ਰਿਸ਼ਨ ਜੀ ਕਹਿੰਦੇ, "ਅਰਜਨ! ਮੈਂ ਤੇਰੇ ਤੇ ਮਾਇਆ ਪਾਈ ਸੀ।" ਕਹਿੰਦਾ, ਮਾਇਆ, ਅਰਜੁਨ ਕਿਹੜਾ, ਅਜੇ ਵੀ ਨਹੀਂ ਮੰਨਦਾ। ਅਖੀਰ ਕ੍ਰਿਸ਼ਨ ਮਹਾਰਾਜ ਜੀ ਨੇ ਮਾਇਆ ਸਮੇਟ ਲਈ, ਉਸ ਨੂੰ ਹੋਸ਼ ਆ ਗਿਆ। ਕਹਿਣ ਲੱਗਾ, "ਮਹਾਰਾਜ! ਬੜੀ ਪ੍ਰਬਲ ਮਾਇਆ ਹੈ। ਕ੍ਰਿਸ਼ਨ ਜੀ ਕਹਿੰਦੇ, ਇਸਨੇ ਹੀ ਸਾਰੇ ਜਗਤ ਨੂੰ, ਕੀ ਪੜ੍ਹੇ ਹੋਏ, ਕੀ ਅਨਪੜ੍ਹ, ਕੀ ਗਿਆਨੀ, ਕੀ ਪੰਡਤ, ਕੀ ਬੈਰਾਗੀ ਸਭ ਨੂੰ ਭੁਲਾਇਆ ਹੋਇਆ ਹੈ। ਇਸ ਮਾਇਆ ਕਾਰਨੇ ਜਗਤ ਨੇ ਪ੍ਰਮੇਸ਼ਰ ਭੁਲਾ ਦਿੱਤਾ।

***ਅਪਨੀ ਮਾਇਆ ਆਪਿ***
***ਪਸਾਰੀ ਆਪਹਿ ਦੇਖਨਹਾਰਾ॥***
***ਪੰਨਾ - 537***

ਸਾਧ ਸੰਗਤ ਜੀ, ਹੁਣ ਲੰਘਿਆ ਕਿਵੇਂ ਜਾਵੇ? ਪਿਛਲੇ ਚਾਰ ਦਿਨ ਤੋਂ ਮੈਂ ਏਹੀ ਬੇਨਤੀ ਕਰ ਰਿਹਾ ਹਾਂ ਕਿ ਅਸੀਂ ਪ੍ਰਮੇਸ਼ਰ ਤਕ ਪਹੁੰਚ ਕਿਵੇਂ ਸਕਦੇ ਹਾਂ, ਸਾਡੇ ਪਹੁੰਚਣ ਦਾ ਕੀ ਤਰੀਕਾ ਹੈ। ਕਿਉਂਕਿ ਜਿੰਨਾ ਚਿਰ ਸਾਡੇ ਹੱਥ ਕੋਈ ਹੱਲ ਨਹੀਂ ਆਉਂਦਾ, ਗੱਲਾਂ ਸੁਣੀਆਂ ਹੋਈਆਂ ਕੋਈ ਮਾਇਨੇ ਨਹੀਂ ਰਖਿਆ ਕਰਦੀਆਂ ਤੇ ਜੋ ਹੱਲ ਕੋਈ ਨਾ ਲੱਭਿਆ ਤਾਂ ਵਿਚ ਵਿਚਾਲੇ ਰਹਿ ਜਾਵਾਂਗੇ। ਇਹ ਤਿੰਨ ਦਰਜੇ ਨੇ, ਇਕ ਕਰਮ ਹੈ, ਇਕ ਉਪਾਸ਼ਨਾ ਹੈ, ਤੇ ਇਕ ਗਿਆਨ ਹੈ। ਇਹ ਤਿੰਨੇ ਹੀ ਸਾਨੂੰ ਰੋਗ ਲਗੇ ਹੋਏ ਨੇ, ਮੈਲ ਲਗੀ ਹੋਈ ਹੈ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥ ਪੰਨਾ - 651***

ਦੂਸਰਾ ਇਹ ਹੈ ਕਿ ਮਨ ਟਿਕਦਾ ਨਹੀਂ ਹੈ। ਤੀਸਰਾ ਅਗਿਆਨ ਦਾ ਪਰਦਾ ਹੈ, ਜੋ ਟੁਟਦਾ ਨਹੀਂ ਹੈ। ਸੋ ਇਸ ਨੂੰ ਤੋੜਨ ਵਾਸਤੇ ਨਿਸ਼ਕਾਮ ਕਰਮ ਹੁੰਦਾ ਹੈ। ਉਪਾਸ਼ਨਾ ਜਿਹੜੀ ਹੈ ਮਨ ਨੂੰ ਸ਼ੁਧ ਕਰਦੀ ਹੈ। ਗਿਆਨ ਜਿਹੜਾ ਹੈ, ਭਰਮ ਦਾ ਪਰਦਾ ਦੂਰ ਕਰਦਾ ਹੈ। ਇਸ ਤਰ੍ਹਾਂ ਨਾਲ ਮਾਇਆ ਦਾ ਪਸਾਰਾ ਹੋ ਰਿਹਾ ਹੈ। ਸਾਰੇ ਹੈ ਤਾਂ ਪ੍ਰਮੇਸ਼ਰ ਹੀ, ਪਰ ਜਦ ਤੱਕ ਆਦਮੀ ਨੂੰ ਸੋਝੀ ਨਹੀਂ ਆਉਂਦੀ,

ਉਨੀ ਦੇਰ ਤੱਕ ਉਸਨੂੰ ਪਤਾ ਨਹੀਂ ਲਗਦਾ, ਆਪਣੇ ਆਪ ਤੋਂ ਭੁਲਿਆ ਹੋਇਆ ਹੈ। ਜਿਸ ਤਰ੍ਹਾਂ ਅਰਜਨ ਭੁਲ ਗਿਆ ਸੀ, ਇਵੇਂ ਹੀ ਸੰਸਾਰ ਭੁਲਿਆ ਹੋਇਆ ਹੈ।

*ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥*
*ਪੰਨਾ - 857*

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਪੰਨਾ - 642*

ਇਹ ਮਾਇਆ ਮੋਹਣੀ ਹੈ ਜੋ ਬਗੈਰ ਦੰਦਾ ਤੋਂ ਸੰਸਾਰ ਨੂੰ ਖਾ ਰਹੀ ਹੈ। ਸੰਸਾਰ ਨੂੰ ਨਾਗਨੀ ਮਾਇਆ ਲੜ ਗਈ ਹੈ ਤੇ ਸਭ ਨੂੰ ਬੇਹੋਸ਼ ਕਰ ਦਿੱਤਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਹਨ -

*ਧਾਰਨਾ - ਮਾਇਆ ਹੋ ਕੇ ਨਾਗਨੀ ਲੜ ਗਈ,*
*ਮਨਮੁਖ ਬੰਦਿਆਂ ਦੇ -2, 2.*

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*
*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥*
*ਪੰਨਾ - 510*

ਗੁਰਮੁਖ ਤੋਂ ਬਗੈਰ ਸਾਰੇ ਸੰਸਾਰ ਨੂੰ ਮਾਇਆ ਨੇ ਖਾ ਲਿਆ ਹੈ। ਸਾਧ ਸੰਗਤ ਜੀ! ਦੇਖੋ ਕਿੰਨੀ ਅਜੀਬ ਗੱਲ ਹੈ, ਹਰ ਥਾਂ ਵਾਹਿਗੁਰੂ ਪਰੀਪੂਰਨ ਹੈ, ਪਰ ਇਹ ਦਿਸਦਾ ਕਿਸੇ ਕਿਸੇ ਨੂੰ ਹੈ। ਮਾਇਆ ਨੇ ਆਪਣਾ ਰੂਪ ਦਿਖਾ ਦਿੱਤਾ। ਕਿਤੇ ਪਤੀ ਬਣੀ ਹੋਈ ਹੈ, ਕਿਤੇ ਪਤਨੀ ਬਣੀ ਹੋਈ ਹੈ, ਕਿਤੇ ਧੀ ਬਣੀ ਹੋਈ ਹੈ, ਕਿਤੇ ਪੁੱਤਰ ਬਣੀ ਹੋਈ ਹੈ, ਕਿਤੇ ਭਰਾ ਬਣੀ ਹੋਈ ਹੈ, ਕਿਤੇ ਮਿਤਰ ਬਣੀ ਹੈ, ਕਿਤੇ ਸਰੀਕ ਹੈ, ਕਿਤੇ ਦੁਸ਼ਮਨ ਹੈ, ਕਿਤੇ ਬੇਗਾਨਾ ਹੈ। ਇੰਨੇ ਜਿਆਦਾ ਰੂਪ ਧਾਰ ਕੇ ਉਸਨੇ ਜੀ ਨੂੰ ਰੱਬ ਭੁਲਾ ਦਿਤਾ ਹੈ। ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਜੋ ਅਸਲੀ ਸਰੂਪ ਹੈ ਉਹ ਸਾਨੂੰ ਨਹੀਂ ਦਿਸਦਾ ਕਿਉਂਕਿ ਮਾਇਆ ਦੀ ਧੁੰਧ ਪਈ ਹੋਈ ਹੈ। ਅਸਲ ਵੀ ਨਕਲ ਲਗਦਾ ਹੈ। ਜਿਵੇਂ ਰਾਤ ਦੇ ਹਨ੍ਹੇਰੇ ਵਿਚ ਰੱਸੀ ਪਈ ਹੈ, ਦਿਨੇ ਅਸੀਂ ਰੱਸੀ ਨੂੰ ਦੇਖਦੇ ਹਾਂ ਤੇ ਰੱਸੀ ਪਈ ਹੈ। ਹਨ੍ਹੇਰੇ ਵਿਚ ਦੇਖਿਆ ਤਾਂ ਭਰਮ ਪੈ ਗਿਆ ਕਿ ਸੱਪ ਹੈ, ਸਾਰੀ ਰਾਤ ਡਰਦੇ ਰਹੇ, ਜਦ ਦਿਨ ਚੜ੍ਹ ਗਿਆ, ਦੇਖਿਆ ਕਿ ਸੱਪ ਨਹੀਂ ਇਹ ਤਾਂ ਰੱਸੀ ਹੈ। ਰੱਸੀ ਦੇ ਵਿਚ ਸੱਪ ਕਿਵੇਂ ਹੋ ਗਿਆ? ਇਸੇ ਤਰ੍ਹਾਂ ਦੇ ਨਾਲ ਭੁਲੇਖਾ ਪੈ ਗਿਆ। ਇਸ ਜੀਵ ਨੂੰ ਭਰਮ ਪੈ ਗਿਆ। ਹੈ ਤਾਂ ਸਾਰਾ ਪ੍ਰਮੇਸ਼ਰ ਰੂਪ ਲੇਕਿਨ ਪੰਜ ਭਰਮ ਪੈਣ ਦੇ ਨਾਲ ਇਹ ਸੰਸਾਰ ਦੇਖਣਾ ਸ਼ੁਰੂ ਕਰ ਦਿੱਤਾ। ਮਹਾਰਾਜ ਜੀ ਕਹਿੰਦੇ ਹਨ ਕਿ ਇਸ ਜੀਵ ਨੂੰ ਮੋਤੀਆ ਬਿੰਦ ਹੋ ਗਿਆ ਹੈ। ਜਦ ਤਕ ਇਸਦੇ ਨੇਤਰਾਂ ਵਿਚ ਗਿਆਨ ਨਹੀਂ ਆਉਂਦਾ, ਗਿਆਨ ਦਾ ਸੁਰਮਾ ਨਹੀਂ ਪੈਂਦਾ, ਉਨੀ ਦੇਰ ਤੱਕ ਇਸਨੂੰ ਅਸਲੀਅਤ ਦਾ ਪਤਾ ਨਹੀਂ ਲੱਗ ਸਕਦਾ ਅਸਲੀਅਤ ਮਹਾਰਾਜ ਦੱਸੀ ਜਾਂਦੇ ਨੇ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਪਰ ਸਾਨੂੰ ਤਾਂ ਅਸਲੀਅਤ ਯਾਦ ਨਹੀਂ ਰਹਿੰਦੀ, ਇਹ ਸਾਨੂੰ ਵਾਧੂ ਗੱਲ ਲਗਦੀ ਹੈ ਕਿਉਂਕਿ ਸਾਨੂੰ ਸਭ ਨੂੰ ਮਾਇਆ ਨੇ ਮੋਹਿਆ ਹੋਇਆ ਹੈ। ਇਸਨੇ ਮੋਹ ਕੇ ਸਾਨੂੰ ਮੂਰਛਤ ਅਵਸਥਾ ਤੱਕ ਪਹੁੰਚਾ ਦਿੱਤਾ ਹੈ ਤੇ ਸੁਪਨੇ ਨਾਲ ਸਾਡਾ ਚਿਤ ਲਗ ਗਿਆ ਹੈ। ਇਸਦਾ ਇਲਾਜ ਕੀ ਹੈ? ਮਹਾਰਾਜ ਕਹਿੰਦੇ, ਮਾਇਆ ਦਾ ਮਾਰਣ ਹਰੀ ਨਾਮ ਹੈ। ਜੇਕਰ ਨਾਮ ਅੰਦਰ ਚਲ ਪਏ ਤਾਂ ਮਾਇਆ ਦਾ ਖਾਤਮਾ ਹੋ ਜਾਂਦਾ ਹੈ। ਨਾਮ ਨੂੰ ਅੰਮ੍ਰਿਤ ਕਹਿੰਦੇ ਹਨ ਅੰਮ੍ਰਿਤ ਤੇ ਨਾਮ ਦੋਨੋਂ ਇਕੋ ਹੀ ਚੀਜ਼ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਹਨ -

*ਧਾਰਨਾ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ -2, 2.*
*ਅੰਮ੍ਰਿਤ ਹਰਿ ਹਰਿ ਨਾਮ ਹੈ -2, 2.*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ - 538*

ਅੰਮ੍ਰਿਤ ਉਸ ਨੂੰ ਕਹਿੰਦੇ ਹਨ ਜਿਸ ਨੂੰ ਪੀ ਕੇ ਆਦਮੀ ਦੁਬਾਰਾ ਨਹੀਂ ਮਰਦਾ। ਅੰਮ੍ਰਿਤ ਮੌਤ ਤੋਂ ਰਹਿਤ ਚੀਜ਼ ਹੈ। ਕਹਿੰਦੇ, ਅੰਮ੍ਰਿਤ ਪ੍ਰਮੇਸ਼ਰ ਦਾ ਨਾਮ ਹੈ, ਜੇ ਪ੍ਰਾਪਤ ਹੋ ਜਾਵੇ ਤਾਂ ਦੁਬਾਰਾ ਮੌਤ ਨਹੀਂ ਹੋਇਆ ਕਰਦੀ। ਪਰ ਉਹ ਅੰਮ੍ਰਿਤ ਕਿਥੇ ਹੈ ਉਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*
*ਪੰਨਾ - 644*

ਜਿਵੇਂ ਮ੍ਰਿਗ ਨੂੰ ਨਹੀਂ ਪਤਾ ਹੁੰਦਾ ਕਿ ਉਸਦੀ ਨਾਭੀ ਦੇ ਅੰਦਰ ਕਸਤੂਰੀ ਹੈ, ਉਹ ਝਾੜਾਂ ਦੇ ਵਿਚ ਸੁੰਘਦਾ ਫਿਰਦਾ ਹੈ, ਪਰੰਤੂ ਇਹ ਉਸ ਦੇ ਕੋਲ ਹੈ। ਇਸੇ ਤਰ੍ਹਾਂ ਦੇ ਨਾਲ ਸਾਡੇ ਅੰਦਰ ਪ੍ਰਮੇਸ਼ਰ ਨੇ ਅੰਮ੍ਰਿਤ ਰਚਿਆ ਹੋਇਆ ਹੈ। ਜੇ ਬੰਦੇ ਨੂੰ ਪਤਾ ਲਗ ਜਾਵੇ ਤਾਂ ਛੁਟਕਾਰਾ ਹੋ ਸਕਦਾ ਹੈ। ਮੌਤ ਦੇ ਮੂੰਹ ਵਿਚੋਂ ਨਿਕਲ ਸਕਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਉਹ ਅੰਮ੍ਰਿਤ ਤੇਰੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਪੰਨਾ - 293*

ਤੇ ਇਸਦੀ ਨਿਸ਼ਾਨੀ ਕੀ ਹੈ? ਉਸ ਬਾਰੇ ਫੁਰਮਾਨ ਹੈ।

*ਸੁੰਨ ਸਮਾਧਿ ਅਨਹਤ ਤਹ ਨਾਦ॥ ਪੰਨਾ - 293*

ਉਥੇ ਕੋਈ ਫੁਰਨਾ ਨਹੀਂ ਹੈ, ਅਫੁਰ ਅਵਸਥਾ ਹੈ ਤੇ ਅਨਹਦ ਨਾਦ ਦੀ ਝੁਨਕਾਰ ਹੋ ਰਹੀ ਹੈ। ਪਹਿਲਾਂ ਵੀ ਮੈਂ ਬੇਨਤੀ ਕੀਤੀ ਸੀ ਕਿ ਅਨਹਦ ਨਾਦ ਕੀ ਹੁੰਦੇ ਹਨ, ਕਿਥੇ ਬੋਲਦੇ ਨੇ, ਕਦੋਂ ਬੋਲਦੇ ਹਨ ਅਤੇ ਸਾਨੂੰ ਕਦੋਂ ਸੁਣਦੇ ਹਨ? ਜੇ ਕੋਈ ਗੱਲ ਕਰਦਾ ਹੈ, ਅਸੀਂ ਭੁਲੇਖਾ ਖਾ ਜਾਂਦੇ ਹਾਂ, ਤਾਂ ਅਸੀਂ ਕਹਿੰਦੇ ਹਾਂ, ਇਹ ਤਾਂ ਕੋਈ ਗੱਲ ਹੀ ਨਹੀਂ ਹੈ।

ਸਾਡੇ ਗੁਰੂ ਸਾਹਿਬ ਵੀ ਇਹੋ ਕਹਿੰਦੇ ਹਨ, ਗੁਰੂ ਮਹਾਰਾਜ ਜੀ ਨੇ ਤਾਂ ਸਭ ਗੱਲਾਂ ਦੁਨੀਆਂ ਦੇ ਸਾਮ੍ਹਣੇ ਪ੍ਰਕਾਸ਼ ਕਰਕੇ ਰੱਖ ਦਿੱਤੀਆਂ ਹਨ। ਉਹ ਕਹਿੰਦੇ ਉਥੇ ਅਨਹਦ ਨਾਦ ਹੈ-

***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਇਨਾ ਜਿਆਦਾ ਅਨੰਦ ਹੈ ਕਿ ਦਸਿਆ ਨਹੀਂ ਜਾ ਸਕਦਾ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ - 538***

ਜਦ ਗੁਰੂ ਦੀ ਮੱਤ ਨੂੰ ਧਾਰਨ ਕਰ ਲਵਾਂਗੇ, ਫੇਰ ਇਹ ਅੰਮ੍ਰਿਤ ਮਿਲ ਜਾਂਦਾ ਹੈ। ਇਕ ਅੰਮ੍ਰਿਤ ਹੁਣ ਛਕਾ ਰਹੇ ਹਨ, ਇਕ ਹੈ ਜਨਮ ਸੰਸਕਾਰ ਅੰਮ੍ਰਿਤ, ਇਕ ਹੈ ਨਾਮ ਅੰਮ੍ਰਿਤ। ਨਾਮ ਨੂੰ ਪ੍ਰਾਪਤ ਕਰਨ ਵਾਸਤੇ ਇਕ ਕਿਰਿਆ ਹੈ ਜਿਸਦੇ ਕਰਨ ਨਾਲ ਨਾਮ ਨੂੰ ਪ੍ਰਾਪਤ ਕਰਨ ਲਈ ਰਸਤੇ ਤੇ ਪੈ ਜਾਂਦਾ ਹੈ। ਪੰਜ ਪਿਆਰੇ ਸ਼ਬਦ ਦਿੰਦੇ ਨੇ, ਮੰਤ੍ਰ ਦਿੰਦੇ ਨੇ, ਜਿਸ ਨੂੰ ਗੁਰੂ ਦਾ ਸ਼ਬਦ (ਮੰਤ੍ਰ, ਨਾਮ) ਕਹਿੰਦੇ ਨੇ -

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***
***ਭਾਈ ਗੁਰਦਾਸ ਜੀ, ਵਾਰ 13/2***

ਵਾਹਿਗੁਰੂ ਦਾ ਜਾਪ ਜਪ ਕੇ ਅਸੀਂ ਨਾਮ ਤੱਕ ਪਹੁੰਚਣਾ ਹੈ। ਇਹ ਨਾਮ ਸਾਰੇ ਪਰੀਪੂਰਨ ਹੈ। ਸਾਰੇ ਸੰਸਾਰ ਵਿਚ ਇਕ ਸ਼ਕਤੀ ਹੈ। ਇਹ ਵਾਹਿਗੁਰੂ ਤੋਂ ਪ੍ਰਗਟ ਹੋਈ ਹੈ ਜਿਸ ਨੂੰ ਨਾਮ ਕਹਿੰਦੇ ਹਨ। ਪੜ੍ਹ ਕੇ ਦੇਖੋ, ਆਪਾਂ ਰੋਜ਼ ਪੜ੍ਹਦੇ ਹਾਂ '੧ਓ' ਏਕਾ (੧) ਜਿਹੜਾ ਹੈ ੧ਓ ਹੈ। ਲੇਕਿਨ ੧ ਦੇ ਨਾਲ ਓਅੰਕਾਰ ਲਾ ਕੇ ਮਹਾਰਾਜ ਜੀ ਨੇ ਇਕੱਠਾ '੧ਓ' ਬਣਾ ਦਿੱਤਾ ਤਾਂ ਕਿ ਭੁਲੇਖਾ ਨਾ ਪੈ ਜਾਵੇ। ਕਿਉਂਕਿ ੧ਓ ਤਾਂ ਵਾਹਿਗੁਰੂ ਹੈ। ਜੋ ਕਿ ਸਾਕਾਰ ਹਸਤੀ ਹੈ, ਉਹ ਹੀ ਅਕਾਲ ਮੂਰਤ ਹੈ। ਜਿਹੜਾ ਓਅੰਕਾਰ ਹੈ ਉਸਦੀ ਸ਼ਕਤੀ ਹੈ ਨਾਮ। ਮਹਾਰਾਜ ਨੇ ਨਾਲ ਲਿਖ ਦਿੱਤਾ। ਇਹ ਕੋਈ ਦੋ ਨਹੀਂ ਹੋਏ ਇਕੋ ਹੀ ਹੈ, ਸੱਤ ਹਸਤੀ ਹੈ ਅਤੇ ਫੇਰ ਅਗੇ ਨਾਮ ਲਿਖ ਦਿੱਤਾ। ਨਾਮ ਉਹ ਸ਼ਕਤੀ ਹੈ ਜਿਸ ਤੋਂ ਸਾਰਾ ਸੰਸਾਰ ਰਚਿਆ ਗਿਆ ਹੈ। ਇਸ ਸ਼ਕਤੀ ਤਕ ਅਸੀਂ ਇਹ ਮੰਤ੍ਰ ਜਪਕੇ ਜੋ ਪੰਜ ਪਿਆਰਿਆਂ ਨੇ ਦਿੱਤਾ ਹੋਇਆ ਹੈ ਜਾਂ ਦੇਣਾ ਹੈ, ਉਸ ਮੰਤ੍ਰ ਦਾ ਜਾਪ ਵਿਧੀ ਪੂਰਵਕ ਕਰਕੇ ਨਾਮ ਤਕ ਪਹੁੰਚ ਜਾਂਦੇ ਹਾਂ। ਜਦੋਂ ਪਹੁੰਚ ਗਏ ਫੇਰ ਨਾਂ ਕੋਈ ਜਮਦੂਤ ਆਵੇ, ਨਾ ਕਾਲ ਆਵੇ, ਕਾਲ ਨੇੜੇ ਹੀ ਨਹੀਂ ਆਉਂਦਾ ਕਿਉਂਕਿ ਨਾਮ ਪ੍ਰਾਪਤ ਹੋ ਗਿਆ ਹੈ। ਕਹਿੰਦੇ -

***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਇੰਨਾ ਅਨੰਦ ਹੈ ਕਿ ਕਿਹਾ ਨਹੀਂ ਜਾ ਸਕਦਾ, ਹੁਣ ਉਥੇ ਪਹੁੰਚੀਏ ਕਿਵੇਂ, ਕਿਸ ਤਰੀਕੇ ਨਾਲ ਅਸੀਂ ਜਾਈਏ? ਇਹ ਗੱਲਾਂ ਤਾਂ ਅਸੀਂ ਸਾਰੀਆਂ ਸੁਣ ਲਈਆਂ ਪਰ ਹੁਣ ਪਹੁੰਚੀਏ ਕਿਵੇਂ? ਪਹੁੰਚਣ ਦੀ ਮੈਂ ਬੇਨਤੀ ਕੀਤੀ ਸੀ ਜੇ ਸਮਰਥ ਗੁਰੂ ਮਿਲ ਜਾਵੇ, ਉਸਦੇ ਕੋਲ ਇਹ ਚੀਜ਼ ਹੋਇਆ ਕਰਦੀ ਹੈ।

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***
***ਪੰਨਾ - 41***

ਜਦੋਂ ਅਸੀਂ ਸਤਿਗੁਰੂ ਦੀ ਸੇਵਾ ਕਰਦੇ ਹਾਂ ਤਾਂ ਉਹ ਨਾਮ ਰਤਨ ਪ੍ਰਕਾਸ਼ ਕਰਕੇ ਦੇ ਦਿੰਦਾ ਹੈ। ਹੋਰ ਕਿਤੇ ਨਾਮ ਹੁੰਦਾ ਹੀ ਨਹੀਂ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥***
***ਪੰਨਾ - 918***

ਇਹ ਅੰਮ੍ਰਿਤ ਨਾਮ ਕੇਵਲ ਗੁਰੂ ਕੋਲ ਹੈ, ਹੋਰ ਕਿਸੇ ਕੋਲ ਨਹੀਂ। ਸਮਰੱਥ ਗੁਰੂ ਹੀ ਨਾਮ ਦੇ ਸਕਦਾ ਹੈ। ਸੋ ਜਦੋਂ ਅਸੀਂ ਨਾਮ ਅੰਮ੍ਰਿਤ ਲੈਂਦੇ ਹਾਂ, ਇਸਦਾ ਅਭਿਆਸ ਕਰਦੇ ਕਰਦੇ ਜਦੋਂ ਅਸੀਂ ਬ੍ਰਹਮ ਅੰਮ੍ਰਿਤ ਦੇ ਮੰਡਲ ਵਿਚ ਪਹੁੰਚਦੇ ਹਾਂ, ਉਥੇ ਸਮਰਥ ਗੁਰੂ ਸਾਨੂੰ ਸੇਧ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਮਰਥ ਗੁਰੂ ਹਨ, ਜਿਨਾਂ ਤੋਂ ਸੇਧ ਲੈ ਕੇ ਸਾਨੂੰ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ। ਮਹਾਤਮਾ ਮਦਦ ਕਰਦੇ ਨੇ, ਗੁਰੂ ਅਤੇ ਮਹਾਤਮਾ ਅਲਗ ਨਹੀਂ ਹੋਇਆ ਕਰਦੇ, ਦੋ ਨਹੀਂ ਹੋਇਆ ਕਰਦੇ। ਉਹਨਾਂ ਦੀ ਮੈਂ ਮਿਟ ਚੁਕੀ ਹੁੰਦੀ ਹੈ।

***ਧਾਰਨਾ - ਸਾਂਈ ਹੀ ਵਰਗੇ ਨੇ ਵਿਸਰੇ ਨਾ ਨਾਮ ਜਿਨ੍ਹਾਂ ਨੂੰ-2***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ -2, 2.***
***ਸਾਂਈ ਹੀ ਵਰਗੇ ਨੇ,................. -2.***

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਪੰਨਾ - 397***

***ਜਿਨਾ ਸਾਸਿ ਗਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***
***ਪੰਨਾ - 319***

ਸਾਧ ਸੰਗਤ ਜੀ! ਗੁਰੂ ਮਹਾਰਾਜ ਜੀ ਕਹਿੰਦੇ ਨੇ ਉਹਨਾਂ ਦਾ ਦਰਜਾ ਕਿਵੇਂ ਦਾ ਹੁੰਦਾ ਹੈ -

***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***
***ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486***

ਦੋਨਾਂ ਵਿਚ ਭੇਦ ਨਹੀਂ ਹੁੰਦਾ, ਭੇਦ ਨਾ ਹੋਣ ਕਰਕੇ ਵਖਰੀ ਹਸਤੀ ਨਹੀਂ ਹੁੰਦੀ, ਗੁਰੂ ਮਹਾਰਾਜ ਜੀ ਦਾ ਜੋ ਗਿਆਨ ਹੈ ਪ੍ਰਕਾਸ਼ ਹੈ, ਦੂਜਿਆਂ ਦੇ ਹਿਰਦਿਆਂ ਵਿਚ ਪ੍ਰਵੇਸ਼ ਕਰਨ ਨੂੰ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਸ ਅੰਮ੍ਰਿਤ ਦੀ ਅਸੀਂ ਖੋਜ ਕਰਦੇ ਹਾਂ, ਦੇਵਤੇ ਖੋਜ ਕਰਦੇ ਹਨ ਉਹ ਕੇਵਲ ਇਨਸਾਨ ਦੇ ਹਿੱਸੇ ਵਿਚ ਹੈ, ਦੇਵਤਿਆਂ ਦੇ ਹਿੱਸੇ ਵਿਚ ਨਹੀਂ ਹੈ ਅਤੇ ਨਾ ਹੀ ਕਿਤੇ ਬਾਹਰ ਹੈ। ਇਸ ਸਰੀਰ ਵਿਚੋਂ ਹੀ ਅੰਮ੍ਰਿਤ ਪ੍ਰਗਟ ਹੁੰਦਾ ਹੈ। ਤਰੀਕਾ ਕੀ ਹੈ, ਪਹਿਲਾ ਤਰੀਕਾ ਹੈ ਕਿ ਗੁਰੂ ਵਾਲੇ ਬਣੋ, ਫੇਰ ਇਹ ਹੈ ਕਿ ਗੁਰੂ ਦੇ ਉਤੇ ਪ੍ਰਤੀਤ ਕਰੋ -

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283***

ਉਸ ਤੋਂ ਬਾਅਦ ਇਹ ਹੈ ਕਿ ਪਹਿਲਾ 'ਵਾਹਿਗੁਰੂ'

ਤੇ ਭਰੋਸਾ ਆਵੇ। ਭਰੋਸਾ ਆਵੇਗਾ ਤਾਂ ਗੱਲ ਚਲਣੀ ਹੈ, ਨਹੀਂ ਤਾਂ ਚਲਣੀ ਨਹੀਂ ਹੈ। ਦੂਸਰਾ ਗੁਰੂ ਤੇ ਭਰੋਸਾ ਆਵੇ। ਗੁਰੂ ਤੇ ਗੋਬਿੰਦ ਇਕੋ ਹੀ ਹਨ, ਦੋ ਨਹੀਂ ਹੋਇਆ ਕਰਦੇ। ਤੀਸਰਾ ਭਰੋਸਾ ਹੁੰਦਾ ਹੈ ਮੰਤਰ ਉਤੇ, ਜੋ ਮੈਨੂੰ ਮੰਤਰ ਮਿਲ ਗਿਆ ਹੈ, ਇਸਨੇ ਮੈਨੂੰ ਤਾਰ ਦੇਣਾ ਹੈ।

ਮਹਾਰਾਜ ਜੀ! ਕਹਿੰਦੇ ਨਾਵਾਂ ਦਾ ਤਾਂ ਅੰਤ ਹੀ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਜਾਪੁ ਸਾਹਿਬ ਵਿਚ ਅਕਾਲ ਉਸਤਤਿ ਵਿਚ ਬੇਅੰਤ ਨਾਮ ਲਿਖੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਹਨਾਂ ਨਾਵਾਂ ਨੂੰ ਉਚਾਰਨ ਵਾਲਾ ਸ਼ੇਸ਼ਨਾਗ ਨਾਮ ਦੇ ਬਲ ਕਰਕੇ, ਉਚਾਰਣ ਦੇ ਬਲ ਕਰਕੇ, ਸਾਰੇ ਬ੍ਰਹਿਮੰਡਾਂ ਦਾ ਸੰਤੁਲਨ ਕਾਇਮ ਰਖ ਰਿਹਾ ਹੈ, ਉਸ ਦੇ ਮੁਖ ਤੋਂ ਰੋਜ਼ ਨਵੇਂ ਨਾਮ ਨਿਕਲਦੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ, ਲੜਾਈ ਨਾ ਕਰੋ ਨਾਵਾਂ ਪਿੱਛੇ। ਜਿਹੜਾ ਗੁਰੂ ਤੋਂ ਨਾਮ ਪ੍ਰਾਪਤ ਹੋਇਆ ਹੈ, ਉਸ ਤੇ ਭਰੋਸਾ ਕਰੋ।

ਇਕ ਐਸੀ ਸਾਖੀ ਆਉਂਦੀ ਹੈ, ਇਕ ਮਹਾਤਮਾ ਦੇ ਅਧਿਆਤਮਕ ਇਤਿਹਾਸ ਅੰਦਰ ਕਿ ਇਕ ਮਹਾਤਮਾ ਸੀ, ਉਹਨਾਂ ਕੋਲ ਇਕ ਸਿਧਾ ਸਾਦਾ ਸਰਲ ਸੁਭਾਅ ਦਾ ਬੰਦਾ ਆਇਆ ਜੋ ਸਤਸੰਗ ਕਰਿਆ ਕਰਦਾ ਸੀ। ਉਸਦੇ ਮਨ ਵਿਚ ਸ਼ੌਂਕ ਆਇਆ ਕਿ ਕਿਸੇ ਪੂਰਨ ਮਹਾਤਮਾ ਕੋਲ ਚਲੀਏ ਤੇ ਰਸਤਾ ਪੁਛੀਏ, ਕਿਉਂਕਿ ਸਾਧ ਸੰਗਤ ਜੀ! ਰਸਤਾ ਦਸਣਾ ਮਹਾਤਮਾ ਦੀ ਡਿਊਟੀ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
***ਪੰਨਾ - 749***

ਉਹ ਇਕ ਪੂਰਨ ਮਹਾਤਮਾ ਦੀ ਸ਼ਰਣ ਵਿਚ ਚਲਾ ਗਿਆ। ਮਹਾਤਮਾ ਕਹਿਣ ਲੱਗੇ, ਪ੍ਰੇਮੀਆ! ਜਿਹੜੀ ਚੀਜ਼ ਤੂੰ ਮੰਗਦਾ ਹੈ, ਇੰਨੀ ਛੇਤੀ ਨਹੀਂ ਮਿਲਿਆ ਕਰਦੀ। ਪਹਿਲਾਂ ਤੂੰ ਚੰਗੇ ਕਰਮ ਕਰਕੇ ਆਪਣੇ ਅੰਤਸ਼ਕਰਣ ਨੂੰ ਸਾਫ ਕਰ, ਜਿਹੜੀਆਂ ਨਿੰਦਿਆਂ, ਚੁਗਲੀ ਵਗੈਰਾ ਇਹਨਾਂ ਕੁਰਹਿਤਾਂ ਛੱਡ ਕੇ, ਸੇਵਾ ਕਰ, ਜਦੋਂ ਸਮਾਂ ਆਏਗਾ ਅਸੀਂ ਤੈਨੂੰ ਦਸ ਦਵਾਂਗੇ। ਅੱਠ ਸਾਲ ਲੰਘਣ ਤੋਂ ਬਾਅਦ ਉਸ ਦੇ ਮਨ ਵਿਚ ਖਿਆਲ ਆਇਆ ਕਿ ਮੈਨੂੰ ਇੰਨਾ ਚਿਰ ਹੋ ਗਿਆ ਹੈ ਸੇਵਾ ਕਰਦਿਆਂ ਨੂੰ, ਡੰਗਰਾਂ ਦਾ ਗੋਹਾ ਚੁਕਦਾ ਹਾਂ, ਡੰਗਰਾਂ ਨੂੰ ਸਾਂਭਦਾ ਹਾਂ, ਪੱਠੇ ਪਾਉਂਦਾ ਹਾਂ ਤੇ ਅਜੇ ਤਕ ਮਹਾਤਮਾ ਨੇ ਮੈਨੂੰ ਮੰਤਰ ਨਹੀਂ ਦਿੱਤਾ। ਇਸ ਤਰ੍ਹਾਂ ਨਾਲ ਹੋਰ ਕਿੰਨਾ ਸਮਾਂ ਲੰਘੇਗਾ, ਮੇਰਾ ਤਾਂ ਕੁਝ ਬਣਨਾ ਨਹੀਂ। ਮਹਾਤਮਾ ਨੇ ਨਿਗਾਹ ਰਖੀ ਹੋਈ ਹੈ ਕਿ ਜਦੋਂ ਇਹ ਸਹੀ ਹੋਏਗਾ, ਤਾਂ ਉਸੇ ਵੇਲੇ ਇਸਨੂੰ ਮੰਤਰ ਦੇ ਦੇਵਾਂਗਾ ਕਿਉਂਕਿ ਜਦ ਤਕ ਬੰਦਾ ਸਹੀ ਨਹੀਂ ਹੋ ਜਾਂਦਾ ਉਸਨੂੰ ਦਿੱਤਾ ਹੋਇਆ ਮੰਤਰ ਚਲਦਾ ਨਹੀਂ ਹੁੰਦਾ। ਦੋਨੋਂ ਪਾਸੇ ਜ਼ਰੂਰੀ ਹੈ, ਇਕ ਪਾਸੇ ਤਾਂ ਜਿਹੜਾ ਮੰਤਰ ਦਿੰਦਾ ਹੈ ਉਹ ਪੂਰਨ ਹੋਣਾ ਚਾਹੀਦਾ ਹੈ, ਸ਼ਕਤੀ ਵਾਲਾ ਹੋਣਾ ਚਾਹੀਦਾ ਹੈ। ਗੁਰੂ ਘਰ ਦੇ ਅੰਦਰ ਇਕ ਦੀ ਥਾਂ ਤੇ ਪੰਜ ਰਖ ਦਿੱਤੇ ਗਏ ਹਨ ਤੇ ਥੋੜਾ ਇਸ ਅੰਮ੍ਰਿਤ ਦੀ ਸ਼ਕਤੀ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਜੋ ਮੈਂ ਪਿਛਲੇ ਸਾਲ ਵੀ ਦਸਿਆ ਸੀ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅੰਮ੍ਰਿਤ ਬਾਰੇ ਆਪਣੀ ਪੁਸਤਕ ਵਿਚ ਲਿਖਿਆ ਹੈ। ਉਹ ਲਿਖਦੇ ਹਨ ਕਿ ਲੁਧਿਆਣੇ ਖਾਲਸਾ ਸਕੂਲ ਦੇ ਵਿਚ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਸੀ। ਪੰਜਾਂ ਪਿਆਰਿਆਂ ਵਿਚੋਂ ਚਾਰ ਤਾਂ ਆ ਗਏ, ਇਕ ਨਹੀਂ ਸੀ ਲਭ ਰਿਹਾ, ਉਹਨਾਂ ਨੇ ਕਿਹਾ ਅਰਦਾਸ ਕਰੋ ਕਿ ਇਕ ਵੀ ਆ ਜਾਵੇਗਾ। ਉਹਨਾਂ ਨੇ ਅਰਦਾਸ ਕਰੀ ਜਦੋਂ ਅਰਦਾਸ ਹੋ ਗਈ, ਕੀ ਦੇਖਦੇ ਨੇ ਪੰਜਵੇਂ ਵੀ ਪਿਛੇ ਖੜੇ ਹਨ। ਇਹ ਪੰਜਵੇਂ ਪਿਆਰੇ ਤੁਹਾਡੇ ਬੀਜੀ ਦੇ ਪਿਤਾ ਜੀ ਸਨ। ਭਾਈ ਸਾਹਿਬ ਕਹਿਣ ਲੱਗੇ ਆ ਗਏ। ਕਹਿੰਦੇ ਤੁਸੀਂ ਯਾਦ ਕਰਿਆ ਤੇ ਮੈਂ ਆ ਗਿਆ। ਪਿਛਲੇ ਸਿੰਘਾਂ ਦੀਆਂ ਗੱਲਾਂ ਅਜੀਬ ਹੋਇਆ ਕਰਦੀਆਂ ਸਨ। ਹੁਣ ਦੇ ਕਿਸੇ ਵੀ ਸੰਤ ਵਿਚ ਇਹ ਤਾਕਤ ਨਹੀਂ ਹੈ। ਉਹ ਜ਼ਮਾਨਾ ਹੋਰ ਸੀ। ਹੁਣ ਦਾ ਜ਼ਮਾਨਾ ਉਹਨਾਂ ਦੇ ਜ਼ਮਾਨੇ ਨਾਲ ਰਲਦਾ ਨਹੀਂ ਹੈ। ਹੁਣ ਦਾ ਜ਼ਮਾਨਾ ਚੰਚਲ ਬਿਰਤੀ ਦਾ ਆ ਗਿਆ ਹੈ। ਗੱਲ ਬਹੁਤੀ ਵੱਧ ਹੋ ਗਈ ਹੈ ਤੇ ਕਰਨੀ ਕਮਾਈ ਘਟ ਗਈ ਹੈ। ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ, ਪਿਤਾ ਜੀ ਦੀ

ਭਗਤੀ ਤੇ ਸ਼ਕਤੀ ਦੇ ਸਰੂਪ ਸੰਤ ਵਰਿਆਮ ਸਿੰਘ ਜੀ

ਵਾਰੀ ਆ ਗਈ ਤੇ ਉਹਨਾਂ ਨੇ ਇਕ ਫਲੇਹਾਲ ਪਿੰਡ ਦੇ ਬੱਚੇ ਨੂੰ ਜੋ ਦਸਵੀਂ ਜਮਾਤ ਦਾ ਸੀ, ਉਸਨੂੰ ਪੰਜ ਚੁਲੇ ਪਿਲਾਏ, ਪੰਜ ਕੇਸਾਂ ਵਿਚ ਤੇ ਫੇਰ ਮਰਿਆਦਾ ਅਨੁਸਾਰ ਨੇਤਰਾਂ ਵਿਚ ਪਾਏ। ਜਦੋਂ ਆਖਰੀ ਚੂਲਾ ਪਾਉਣ ਲਗੇ, ਨੇਤਰਾਂ ਵਿਚ ਨੇਤਰ ਪਾ ਕੇ ਦੇਖਿਆ, ਉਹ ਦੇਖਣ ਦੀ ਦੇਰ ਸੀ ਕਿ ਜਦੋਂ ਛਿਟਾ ਮਾਰਿਆ ਕਹਿੰਦੇ ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥ ਉਸਨੇ ਵਾਹਿਗੁਰੂ ਜੀ ਕਾ ਖਾਲਸਾ ਤਾਂ ਕਹਿ ਦਿੱਤਾ, ਫਤਹਿ ਨਾ ਕਹਿ ਹੋਈ। ਬਿਰਤੀ ਉਤੇ ਚੜ੍ਹ ਗਈ, ਸਹਿ ਨਾ ਸਕਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਬਾਪੂ ਜੀ ਨੂੰ ਕਹਿਣ ਲੱਗੇ ਇਹ ਕੀ ਗੱਲ ਹੈ? ਬਾਪੂ ਜੀ ਨੇ ਕਿਹਾ ਨੇਤਰਾਂ ਦਾ ਜਿਹੜਾ ਜਲਾਲ ਸੀ ਉਹ ਸਿਧਾ ਇਸਦੇ ਨੇਤਰਾਂ ਵਿਚ ਪੈ ਗਿਆ। ਕਹਿਣ ਲੱਗੇ ਹੁਣ ਕੀ ਹੋਵੇਗਾ? ਬਾਪੂ ਜੀ ਨੇ ਉਤਰ ਦਿਤਾ ਕਿ ਹੁਣ 56 ਘੰਟੇ ਤੋਂ ਬਾਅਦ ਇਸ ਦੀ ਸੁਰਤ ਨੀਚੇ ਉਤਰੇਗੀ ਉਸ ਤੋਂ ਬਾਅਦ ਉਸ ਬੱਚੇ ਨੂੰ ਚੁਕਿਆ ਤੇ ਚੁਕਕੇ ਇਸ ਪਾਸੇ ਬਿਠਾ ਦਿੱਤਾ। ਬਾਕੀ ਸਾਰੇ ਸਕੂਲ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਖੰਡ ਪਾਠ ਸ਼ੁਰੂ ਕਰ ਲਏ। ਤਿੰਨ ਦਿਨ ਪੂਰੇ 48 ਘੰਟੇ ਬਾਅਦ ਆਸਾ ਦੀ ਵਾਰ ਸ਼ੁਰੂ ਹੋ ਗਈ, ਕੀਰਤਨ ਹੋਇਆ ਤੇ ਜਦੋਂ 56 ਘੰਟੇ ਹੋ ਗਏ ਤਾਂ ਉਹ ਬੱਚਾ ਹਿਲਿਆ, ਹਿਲਕੇ ਉਪਰ ਨੂੰ ਉਡਣ ਲਗ ਪਿਆ। ਸਾਰੀ ਸੰਗਤ ਤੋਂ ਉਚਾ ਹੋ ਗਿਆ। ਜਦੋਂ ਹੋਰ ਉਚਾ ਹੋ ਗਿਆ ਉਸਨੇ ਆਪਣੀ ਚੋਂਕੜੀ ਖੋਲ ਲਈ, ਜਿਵੇਂ ਮੱਛੀ ਪਾਣੀ ਵਿਚ ਤੈਰਦੀ ਹੈ, ਇਵੇਂ ਵਿਚ ਵਿਚਾਲੇ ਨਾ ਛੱਤ ਨਾਲ ਲਗਿਆ ਹੋਇਆ, ਨਾ ਧਰਤੀ ਨਾਲ ਲਗਿਆ, ਸੰਗਤ ਦੇ ਉਪਰ ਤੋਂ ਤੈਰਦਾ ਫਿਰਦਾ ਹੈ। ਭਾਈ ਸਾਹਿਬ ਕਹਿੰਦੇ ਸਾਡੇ ਉਤੋਂ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆ ਕੇ ਲੰਬੇ ਹੱਥ ਕਰ ਲਏ ਤੇ ਲੰਮਾਂ ਪੈ ਗਿਆ, ਡੰਡਉਤਿ ਕਰਨ ਲਗ ਪਿਆ। ਬਾਪੂ ਜੀ ਉਠ ਕੇ ਆਏ। ਕਹਿੰਦੇ, ਭਾਈ ਸਾਹਿਬ ਲਾਵਾਂ ਦਾ ਕੀਰਤਨ ਸ਼ੁਰੂ ਕਰੋ। ਕਹਿੰਦੇ, ਇਸ ਵੇਲੇ ਇਸ ਦੀ ਜੋ ਰੂਹ ਹੈ ਉਹ ਨਿਰੰਕਾਰ ਦੇ ਦਰ ਤੇ ਖੜੀ ਸੰਜੋਗ ਮੰਗ ਰਹੀ ਹੈ। ਲਾਵਾਂ ਜਗਿਆਸੂਆਂ ਵਾਸਤੇ ਸਹਾਇਕ ਹੁੰਦੀਆਂ ਹਨ ਪਰ ਅਸੀਂ ਇਸ ਨੂੰ ਸੰਸਾਰਕ ਵਿਆਹ ਵਾਸਤੇ ਵਰਤਦੇ ਹਾਂ।

ਕਹਿੰਦੇ, ਹੁਣ ਲਾਵਾਂ ਪੜ੍ਹੋ, ਲਾਵਾਂ ਪੜ੍ਹੀਆਂ ਗਈਆਂ ਤੇ ਉਸ ਤੋਂ ਬਾੱਦ ਉਹ ਬੱਚਾ ਹੇਠਾਂ ਉਤਰਿਆ, ਸਰੀਰ ਵਿਚ ਆਇਆ ਤੇ ਉਸ ਨੂੰ ਹੋਸ਼ ਆਈ। ਕਹਿੰਦੇ, ਜਦੋਂ ਇਹ ਸਾਰੀ ਗੱਲ ਹੋ ਗਈ, ਤਾਂ ਅਸੀਂ ਪੰਜ ਪਿਆਰਿਆਂ ਨੂੰ ਕਿਹਾ, ਹੁਣ ਜਿਹੜੇ ਬੱਚੇ ਰਹਿ ਗਏ ਹਨ ਇਹਨਾਂ ਉਤੇ ਜਲਾਲ ਨਾ ਪੂਰਾ ਲਾਇਓ, ਥੋੜਾ ਥੋੜਾ ਜਿੰਨਾ ਸਹਿੰਦੇ ਨੇ, ਉਨਾ ਹੀ ਲਾਇਓ। ਸਾਧ ਸੰਗਤ ਜੀ! ਇਹ ਉਹ ਚੀਜ਼ਾਂ ਨੇ ਜਿਹੜੀਆਂ ਸਾਨੂੰ ਨੋਟ ਕਰਨੀਆਂ ਚਾਹੀਦੀਆਂ ਹਨ। ਪੰਜ ਪਿਆਰਿਆਂ ਵਿਚ ਕਿੰਨੀ ਸ਼ਕਤੀ ਹੁੰਦੀ ਹੈ, ਪੰਜ ਪਿਆਰੇ ਉਹੀ ਹੁੰਦੇ ਨੇ, ਜਿਹੜੇ ਗੁਰੂ ਦੇ ਪਿਆਰੇ ਹੋਣ, ਮਾਇਆ ਦੇ ਪਿਆਰੇ ਨਾ ਹੋਣ ਤੇ ਆਪਣੇ ਨਾਮ ਦੇ ਪਿਆਰੇ ਨਾ ਹੋਣ ਇਸ ਕਰਕੇ ਕੇਵਲ ਗੁਰੂ ਦੇ ਪਿਆਰਿਆਂ ਨੂੰ ਹੀ ਪੰਜ ਪਿਆਰੇ ਕਿਹਾ ਜਾਂਦਾ ਹੈ।

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਪੰਨਾ - 517***

ਪੰਜ ਪਿਆਰੇ ਨਾਮ ਦੇ ਰੰਗ ਨਾਲ ਰੱਤੇ ਹੁੰਦੇ ਨੇ, ਉਸ ਰੰਗ ਰੱਤੀ ਅਵਸਥਾ ਨਾਲ ਉਹ ਨਾਮ ਮੰਤਰ ਦੀ ਦਾਤ ਦਿੰਦੇ ਨੇ, ਉਸ ਮੰਤਰ ਦੀ ਫੇਰ ਅਸੀਂ ਕਮਾਈ ਕਰਦੇ ਹਾਂ, ਗੁਰ ਮੰਤਰ ਤੇ ਪੂਰਨ ਭਰੋਸਾ ਹੋਣਾ ਚਾਹੀਦਾ ਹੈ। ਸੋ ਉਹ ਮਹਾਤਮਾ ਪੂਰਨ ਮਹਾਤਮਾ ਸੀ ਤੇ ਉਸ ਪ੍ਰੇਮੀ ਨੇ ਕਿਹਾ ਅੱਠ ਸਾਲ ਹੋ ਗਏ ਮੈਨੂੰ ਸੇਵਾ ਕਰਦੇ ਨੂੰ ਤੇ ਅਜੇ ਨਾਮ ਤਾਂ ਮਿਲਿਆ ਨਹੀਂ। ਆਮਤੌਰ ਤੇ ਅਸੀਂ ਮੰਤਰ ਨੂੰ ਨਾਮ ਕਹਿੰਦੇ ਹਾਂ। ਸਾਰੇ ਕਹਿੰਦੇ ਨੇ ਫਲਾਣੇ ਥਾਂ ਤੋਂ ਨਾਮ ਲੈ ਲੋ। ਮੈਨੂੰ ਇਕ ਪ੍ਰੇਮੀ ਮਿਲਿਆ ਕਹਿੰਦਾ ਮੈਨੂੰ ਨਾਮ ਦੇ ਮੈਂ ਉਸਨੂੰ ਪੁਛਿਆ ਕਿ ਅੰਮ੍ਰਿਤ ਛਕਿਆ ਹੋਇਆ ਹੈ, ਕਹਿੰਦਾ ਹਾਂ। ਮੈਂ ਉਸ ਨੂੰ ਕਿਹਾ ਕਿ ਤੈਨੂੰ ਪੰਜ ਪਿਆਰਿਆਂ ਨੇ ਦੇ ਤਾਂ ਦਿੱਤਾ। ਕਹਿੰਦਾ, ਨਹੀਂ ਤੁਸੀਂ ਦੇ ਦਿਓ। ਮੈਂ ਕਿਹਾ ਮੇਰੇ ਕੋਲ ਕਿਹੜਾ ਕੋਈ ਹੋਰ ਹੈ। ਪੰਜ ਪਿਆਰੇ ਮੰਤਰ ਦਿੰਦੇ ਨੇ-

***ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥***
***ਭਾਈ ਗੁਰਦਾਸ ਜੀ, ਵਾਰ 13/2***

ਇਹ ਸ਼ਬਦ ਵਾਹਿਗੁਰੂ ਹੈ। ਇਹ ਸ਼ਬਦ ਨਾਮ ਤਕ ਪਹੁੰਚਾ ਦਿੰਦਾ ਹੈ। ਗਰੜ ਹੈ, ਇਹ ਗਰੜ ਦੀ ਸਵਾਰੀ ਕਰਕੇ ਮਾਇਆ ਤੋਂ ਛੁਟਕਾਰਾ ਹੋ ਜਾਂਦਾ ਹੈ, ਤੇ ਇਹ ਨਾਮ ਤਕ ਪਹੁੰਚਾ ਦਿੰਦਾ ਹੈ। ਜਿਸ ਤਰ੍ਹਾਂ ਨਾਲ ਦਸ਼ਮੇਸ਼ ਪਿਤਾ ਜੀ ਨੇ ਸਿੰਘਾਂ ਨੂੰ ਨਾਰਦ ਮੁਨੀ ਦੁਆਰਾ ਭੇਟ ਕੀਤੇ ਗਏ ਅਨਲ ਪੰਛੀ ਦੇ ਖੰਭਾਂ ਨੂੰ ਤੀਰਾਂ ਨਾਲ ਜੜ੍ਹਾ ਕੇ ਸਮਝਾਇਆ ਸੀ ਕਿ ਇਹ ਤੀਰ ਉਸ ਥਾਂ ਤੇ ਪਹੁੰਚ ਗਏ ਹਨ ਜਿਥੇ ਉਸ ਪੰਛੀ ਦਾ ਵਾਸਾ ਹੈ। ਭਾਵ ਉਹਨਾਂ ਖੰਭਾਂ ਨੇ ਤੀਰਾਂ ਨੂੰ ਉਸ ਮੰਡਲ ਵਿਚ ਪੁਚਾ ਦਿਤਾ ਸੀ। ਇਸ ਤਰ੍ਹਾਂ ਸ਼ਬਦ ਦਾ ਅਭਿਆਸ ਕਰਕੇ ਬਿਰਤੀ ਉਸ ਮੰਡਲ ਵਿਚ ਪਹੁੰਚ ਜਾਂਦੀ ਹੈ ਜਿਥੋਂ ਸ਼ਬਦ ਆਇਆ ਹੈ। ਉਸ ਪ੍ਰੇਮੀ ਨੇ ਸੋਚਿਆ ਕਿ ਅੱਜ ਸੰਤਾਂ ਨੂੰ ਪੁਛ ਲਈਏ ਕਿ ਮਹਾਰਾਜ! ਅੱਠ ਸਾਲ ਸੇਵਾ ਕਰਦਿਆਂ ਗੁਜ਼ਰ ਗਏ ਹਨ ਤੇ ਨਾਮ ਭਾਵ ਗੁਰ ਮੰਤਰ ਕਦੋਂ ਮਿਲੇਗਾ। ਇਧਰ ਸੰਤਾਂ ਦੇ ਦਰਸ਼ਨ ਕਰਨ ਵਾਸਤੇ ਇਕ ਰਾਜੇ ਨੇ ਆਉਣਾ ਸੀ ਅਤੇ ਰਾਜੇ ਦੇ ਅਹਿਲਕਾਰ ਸੰਤਾਂ ਦੀ ਕੁਟੀਆਂ ਅੱਗੇ ਕੀਮਤੀ ਗਲੀਚੇ ਆਦਿ ਵਿਛਾ ਗਏ ਤਾਂ ਕਿ ਰਾਜਾ ਪਰਵਾਰ ਸਮੇਤ ਤੇ ਅਹਿਲਕਾਰਾਂ ਸਮੇਤ ਇਸ ਤੇ ਬੈਠ ਕੇ ਸੰਤਾਂ ਨਾਲ ਬਚਨ ਬਿਲਾਸ ਕਰ ਸਕਣ। ਉਧਰ ਉਹ ਪ੍ਰੇਮੀ ਡੰਗਰਾਂ ਦੇ ਗੋਹੇ ਆਦਿ ਸੁਟਣ ਦੀ ਸੇਵਾ ਕਰਦਾ ਕਰਦਾ ਸੰਤਾਂ ਪਾਸ ਆ ਗਿਆ, ਉਸ ਵੇਲੇ ਉਸ ਦੇ ਪੈਰ ਗੋਹੇ ਨਾਲ

ਲੱਥ ਪੱਥ ਹੋਏ ਹੋਏ ਸਨ। ਸੰਤਾਂ ਨੇ ਦੇਖਿਆ ਕਿ ਇਹ ਤਾਂ ਸਿਧਾ ਮੇਰੇ ਵੱਲ ਆ ਰਿਹਾ ਹੈ। ਉਹ ਆਸਣ ਤੋਂ ਉਠ ਖੜੇ ਹੋਏ ਤੇ ਕਹਿਣ ਲੱਗੇ "ਪਰੇ-ਪਰੇ"। ਇਸ ਤੋਂ ਸੰਤਾਂ ਦੇ ਕਹਿਣ ਦਾ ਇਹ ਭਾਵ ਸੀ ਕਿ ਇਸ ਦੇ ਗੰਦੇ ਪੈਰਾਂ ਨਾਲ ਇਹ ਕੀਮਤੀ ਗਲੀਚੇ ਗੰਦੇ ਨਾ ਹੋ ਜਾਣ। ਉਹ ਪ੍ਰੇਮੀ ਉਥੇ ਹੀ ਨਮਸ਼ਕਾਰ ਕਰਕੇ ਪਿਛੇ ਮੁੜ ਗਿਆ ਤੇ ਮਨ ਅੰਦਰ ਉਸ ਦੀ ਖੁਸ਼ੀ ਦੀ ਹੱਦ ਨਹੀਂ ਕਿ ਅੱਜ ਸੰਤਾਂ ਨੇ ਮੈਨੂੰ ਇਹ ਮੰਤਰ ਬਖਸ਼ ਦਿੱਤਾ ਹੈ "ਪਰੇ-ਪਰੇ"। ਬਸ ਫੇਰ ਕੀ ਸੀ, ਉਸ ਨੇ ਦਿਨ ਰਾਤ ਇਕ ਕਰ ਦਿਤਾ ਹਰ ਵੇਲੇ ਪਰੇ ਪਰੇ ਦਾ ਜਾਪ ਕਰਨ ਲੱਗ ਪਿਆ। ਕਰਦੇ ਕਰਦੇ ਅਵਸਥਾ ਉਚੀ ਹੋ ਗਈ ਤੇ ਹੁਣ ਇਕ ਸੈਕਿੰਡ ਵਾਸਤੇ ਵੀ ਇਸ ਨਾਮ ਤੋਂ ਵਿਛੜਨਾ ਨਹੀਂ ਚਾਹੁੰਦਾ।

ਆਖਾ ਜੀਵਾ ਵੀਸਰੇ ਮਰਿ ਜਾਉ॥ ਵਾਲੀ ਹਾਲਤ ਹੋ ਗਈ। ਇਕ ਦਿਨ ਸੰਤਾਂ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਪ੍ਰੇਮੀਆ! ਆਹ ਚਿੱਠੀ ਫਲਾਣੇ ਸੰਤਾਂ ਨੂੰ ਦੇ ਕੇ ਆ ਅਤੇ ਇਸ ਦਾ ਜਵਾਬ ਵੀ ਨਾਲ ਦੀ ਨਾਲ ਲੈ ਕੇ ਆਵੀਂ। ਹੁਣ ਉਸ ਨੇ ਮਨ ਵਿਚ ਸੋਚਿਆ ਕਿ ਜਾਣ ਆਉਣ ਵਿਚ ਬੜੀ ਖੇਚਲ ਹੋਵੇਗੀ ਅਤੇ 'ਪਰੇ ਪਰੇ' ਤੋਂ ਬਿਰਤੀ ਉਖੜੇਗੀ। ਹਾਲੇ ਮਨ ਵਿਚ ਖਿਆਲ ਹੀ ਕੀਤਾ ਤੇ ਪ੍ਰਮੇਸ਼ਰ ਸਾਕਾਰ ਰੂਪ ਧਾਰਨ ਕਰਕੇ ਇਸ ਬੰਦੇ ਦੀ ਸ਼ਕਲ ਵਿਚ ਆ ਹਾਜ਼ਰ ਹੋਇਆ। ਕਹਿਣ ਲੱਗਿਆ ਕਿ ਤੁਹਾਨੂੰ ਪਰੇਸ਼ਾਨੀ ਹੈ ਕਿ ਇਹ ਖਤ ਦੇਣ ਲਈ ਲੰਮੇ ਸਫਰ ਤੇ ਜਾਣਾ ਪਵੇਗਾ ਤੇ 'ਪਰੇ ਪਰੇ' ਤੋਂ ਬਿਰਤੀ ਉਖੜੇਗੀ। ਕਹਿਣ ਲੱਗਿਆ, ਹਾਂ। ਉਸ ਨੇ ਉਸੇ ਵੇਲੇ ਚਿੱਠੀ ਲਈ ਤੇ ਥੋੜੇ ਸਮੇਂ ਵਿਚ ਹੀ ਥੋੜੀ ਦੂਰ ਜਾ ਕੇ ਅਲੋਪ ਹੋ ਗਿਆ ਤੇ ਝੱਟ ਹੀ ਦੂਜੇ ਪਲ ਜਵਾਬ ਲਿਆ ਕੇ ਦੇ ਦਿੱਤਾ।

ਸੰਤ ਕਹਿੰਦੇ, ਪ੍ਰੇਮੀਆ! ਤੂੰ ਅਜੇ ਗਇਆ ਹੀ ਨਹੀਂ ਹੈ, ਮੈਂ ਤੈਨੂੰ ਬਹੁਤ ਤਾਕੀਦ ਕੀਤੀ ਸੀ। ਬਹੁਤ ਲੰਮਾ ਸਫਰ ਹੈ, ਤੇ ਤੂੰ ਗਿਆ ਕਿਉਂ ਨਹੀਂ? ਕਹਿੰਦਾ, ਕਿ ਮਹਾਰਾਜ ਜਵਾਬ ਲੈ ਲਓ। ਜਦ ਉਸਨੇ ਪੜ੍ਹਿਆ ਤਾਂ ਹੈਰਾਨ ਹੋ ਗਿਆ, ਕਦੇ ਉਸਦੇ ਪੈਰਾਂ ਵਲ ਵੇਖੇ, ਕਦੇ ਸਿਰ ਵਲ ਵੇਖੇ ਕਿ ਆਹ ਕੀ ਘਟਨਾ ਵਾਪਰੀ? ਇਹ ਤਾਂ ਸਚਮੁਚ ਸੰਤਾਂ ਦਾ ਜਵਾਬ ਲੈ ਆਇਆ। ਕਹਿਣ ਲੱਗੇ, ਮੈਨੂੰ ਇਹ ਦੱਸ ਕਿ ਇੰਨੀ ਜਲਦੀ ਕਿਵੇਂ ਲੈ ਕੇ ਆਇਆ ਹੈਂ? ਕਹਿੰਦਾ, ਮੈਂ ਤਾਂ ਲੈ ਕੇ ਹੀ ਨਹੀਂ ਆਇਆ ਜੀ, 'ਪਰੇ-ਪਰੇ' ਲੈ ਕੇ ਆਇਆ ਹੈ। ਕਹਿੰਦੇ, 'ਪਰੇ ਪਰੇ' ਕੌਣ ਹੈ? ਕਹਿੰਦੇ, ਜਿਹੜਾ ਤੁਸੀਂ ਮੈਨੂੰ ਮੰਤਰ ਦਿੱਤਾ ਸੀ। ਕਹਿੰਦੇ, ਕਦ ਦਿੱਤਾ ਸੀ? ਕਹਿਣ ਲੱਗਿਆ ਜਿਸ ਵਕਤ ਰਾਜਾ ਆਇਆ ਸੀ। ਸੰਤਾਂ ਨੂੰ ਸਮਝ ਆ ਗਈ, ਕਿ ਮੈਂ ਇਸ ਨੂੰ ਕਿਹਾ ਸੀ, 'ਪਰੇ ਪਰੇ' ਪਰ ਮਨ ਵਿਚ ਖਿਆਲ ਆ ਗਿਆ ਕਿ ਮੈਂ ਪ੍ਰਮੇਸ਼ਰ ਤੋਂ ਪੁਛਾਂਗਾ ਕਿ ਆਪ ਦਾ ਨਾਮ 'ਪਰੇ ਪਰੇ' ਵੀ ਹੈ। ਸਮਾਧੀ ਵਿਚ ਬੈਠ ਕੇ ਬੇਨਤੀ ਕਰੀ, ਹੇ ਪ੍ਰਭੂ! ਇਹ 'ਪਰੇ ਪਰੇ' ਕਿਹੜਾ ਤੁਹਾਡਾ ਨਾਮ ਹੋ ਗਿਆ? ਆਵਾਜ਼ ਆਈ ਕਿ ਸੰਤ ਜੀ ਅਸਲੀ ਨਾਮ ਤਾਂ ਹੈ ਹੀ 'ਪਰੇ ਪਰੇ'। ਇਕ ਪਾਸੇ ਤੋਂ ਲੱਗ ਕੇ ਅਖੀਰ ਤੇ ਪਹੁੰਚ ਜਾ, ਜਿਥੇ ਸਭ ਜੋ ਜਿਆਦਾ ਅਖੀਰ ਹੋਵੇ, ਉਥੇ ਮੈਂ ਹੁੰਦਾ ਹੈ। ਮੇਰਾ ਨਾਮ ਪਾਰਬ੍ਰਹਮ ਪਰਮੇਸਰ ਅਪਰੰਪਰ ਹੈ, ਅਪਰੰਪਰ ਪਰੇ ਤੋਂ ਪਰੇ ਨੂੰ ਕਹਿੰਦੇ ਹਨ। ਜਿਥੇ ਸਾਡੀ ਹੱਦ ਲੱਗ ਗਈ ਉਸ ਤੋਂ ਵੀ ਅਗੇ ਹੈ। ਜੋ ਉਸ ਤੋਂ ਅਗੇ ਫੇਰ ਹਦ ਖਿਚ ਦਿਤੀ, ਉਸ ਤੋਂ ਅਗੇ ਫੇਰ ਹੈ। ਅਪਰੰਪਰ ਕਹਿੰਦੇ ਨੇ –

***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥***
***ਪੰਨਾ – 599***

ਮਹਾਰਾਜ ਕਹਿੰਦੇ, ਸਾਨੂੰ ਵੀ ਅਪਰੰਪਰ 'ਪਰੇ ਤੋਂ ਪਰੇ' ਗੁਰੂ ਮਿਲਿਆ ਹੈ। ਸੋ ਮੰਤਰ ਲੈਣ ਤੋਂ ਬਾਅਦ ਮੰਤਰ ਤੇ ਭਰੋਸਾ ਹੋਣਾ ਚਾਹੀਦਾ ਹੈ। ਜਦੋਂ ਤਕ ਜਗਿਆਸੂ ਨੂੰ ਭਰੋਸਾ ਨਹੀਂ ਹੁੰਦਾ, ਡਾਵਾਂ ਡੋਲ ਰਹਿੰਦਾ ਹੈ। ਕੁਝ ਰਹਿਤਾਂ ਨੇ, ਗੁਰੂ ਬਾਤ ਤੇ ਭਰੋਸਾ, ਗੁਰਬਾਣੀ ਤੇ ਭਰੋਸਾ ਕਰੋ, ਜੋ ਕੁਛ ਗੁਰੂ ਕਹਿੰਦਾ ਹੈ, ਫੇਰ ਕੁਛ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਪਹਿਲਾ ਤਿਆਗ ਅਭਿਮਾਨ ਦਾ ਕਰਨਾ ਪੈਂਦਾ ਹੈ। ਉਸਦੇ ਬਾਰੇ ਮਹਾਰਾਜ ਜੀ ਦਾ ਐਸਾ ਫੁਰਮਾਨ ਆਉਂਦਾ ਹੈ –

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥***
***ਪੰਨਾ – 1089***

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥ ਪੰਨਾ – 283***

ਮਹਾਰਾਜ ਕਹਿੰਦੇ, ਦੇਣਾ ਕੀ ਪੈਂਦਾ ਹੈ?

***ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਪੰਨਾ – 283***

ਕਹਿੰਦੇ ਜਿਹੜਾ ਤੇਰੇ ਅੰਦਰ ਅਭਿਮਾਨ ਹੈ, ਇਸ ਨੂੰ ਛੱਡ ਦੇ, ਇਹ ਗੁਰੂ ਨੂੰ ਨਹੀਂ ਭਾਉਂਦਾ, ਇਹ ਗੁਰੂ ਨਾਲੋਂ ਤੋੜ ਦਿੰਦਾ ਹੈ।

ਇਕ ਮਹਾਤਮਾ ਕੋਲ, ਇਕ ਅਮੀਰ ਬੰਦਾ, ਵੱਡਾ ਕਿਸਾਨ ਆ ਕੇ ਬੇਨਤੀ ਕਰਦਾ ਹੈ ਕਿ ਮਹਾਰਾਜ ਮੈਂ ਤੁਹਾਡਾ ਸਤਸੰਗ ਰੋਜ਼ ਸੁਣਦਾ ਹਾਂ, ਤੁਸੀਂ ਮੇਰੇ ਤੇ ਕ੍ਰਿਪਾ ਕਰੋ ਤੇ ਮੈਨੂੰ ਆਪਣੇ ਸੇਵਕਾਂ ਵਿਚ ਸ਼ਾਮਿਲ ਕਰ ਲਓ, ਆਪਣਾ ਮਰੀਦ ਬਣਾ ਲਓ ਤੇ ਕਹਿੰਦਾ, ਇਕ ਗੱਲ ਮੈਂ ਤੁਹਾਨੂੰ ਦੱਸਾਂ, ਤੁਹਾਡੇ ਇਹ ਜਿਹੜੇ ਸੇਵਕ ਨੇ ਸਾਰੇ ਗਰੀਬੜੇ ਜਿਹੇ ਨੇ, ਇਹ ਤਾਂ ਰੋਟੀ ਦੇ ਮਾਰੇ ਹੋਏ ਤੁਹਾਡੇ ਕੋਲ ਆਏ ਨੇ। ਤੁਹਾਨੂੰ ਪਤਾ ਹੈ, ਮੈਂ ਇਲਾਕੇ ਦਾ ਚੌਧਰੀ ਹਾਂ, 30, 40 ਪਿੰਡਾਂ ਦੀ ਚੌਧਰ ਮੇਰੇ ਹੱਥ ਵਿਚ ਹੈ। ਕਹਿੰਦਾ, ਸੰਤ ਜੀ, ਜੇ ਮੈਨੂੰ ਤੁਹਾਡਾ ਚੇਲਾ ਬਣ ਜਾਵਾਂਗਾ ਤੇ ਐਥੇ ਇੰਨੀਆਂ ਭੀੜਾਂ ਹੋ ਜਾਣਗੀਆਂ ਤੇ ਕੁਛ ਦਿਨਾਂ ਦੇ ਅੰਦਰ ਤੁਸੀਂ ਮਸ਼ਹੂਰ ਹੋ ਜਾਵੋਗੇ। ਮਹਾਤਮਾ ਕਹਿੰਦੇ, ਪਿਆਰਿਆ ਤੂੰ ਘਰ ਵਿਚ ਹੀ ਰਹਿ, ਕਹਿੰਦਾ ਨਹੀਂ ਨਹੀਂ ਮੈਂ ਡੇਰੇ ਵਿਚ ਰਹੂੰਗਾ। ਮਹਾਤਮਾ ਕਹਿੰਦੇ, ਓਹੀ ਗੱਲ ਤੂੰ ਘਰ ਵਿਚ ਕਰਨੀ ਹੈ ਉਹੀ ਡੇਰੇ ਵਿਚ ਕਰਨੀ ਹੈਂ। ਮਹਾਤਮਾ ਉਸਨੂੰ ਇਸ ਤਰ੍ਹਾਂ ਨਾਲ ਕਹਿੰਦੇ ਨੇ ਪਰ ਉਹ ਜਿਦ ਕਰਨ ਲਗ ਪਿਆ। ਮਹਾਤਮਾ ਨੇ ਕਿਹਾ ਇਹ ਕਿਸੇ

ਦਿਨ ਮੈਨੂੰ ਤੰਗ ਕਰੇਗਾ। ਹੁਣ ਤੋਂ ਹੀ ਇਸ ਦਾ ਇਲਾਜ ਸੋਚਣਾ ਚਾਹੀਦਾ ਹੈ।

ਮਹਾਤਮਾ ਕਹਿਣ ਲੱਗੇ ਪ੍ਰੇਮੀਆ! ਉਹ ਲੋਹੇ ਦਾ ਸਰੀਆ ਲੈ ਕੇ ਆ, ਗਿੱਠ ਲੰਬਾ ਸਰੀਆ ਕਟਿਆ ਪਇਆ ਸੀ। ਉਸਨੇ ਉਹ ਸਰੀਆ ਲੈ ਆਉਂਦਾ। ਉਹਨਾਂ ਨੇ ਆਪਣੀ ਜੇਬ ਵਿਚੋਂ ਪਾਰਸ ਕਢਿਆ, ਕਹਿੰਦੇ ਦੇਖ ਜਿਹੜਾ ਇਹ ਪੱਥਰ ਹੈ, ਇਸ ਨੂੰ ਪਾਰਸ ਕਹਿੰਦੇ ਨੇ। ਇਸ ਨੂੰ ਲੋਹੇ ਨਾਲ ਲਗਾ ਦਓ ਤਾਂ ਇਹ ਲੋਹਾ ਸੋਨਾ ਬਣ ਜਾਂਦਾ ਹੈ। ਉਹਨਾਂ ਨੇ ਲੋਹੇ ਦੇ ਸਰੀਏ ਨਾਲ ਲਗਾ ਗਿੱਤਾ ਤਾਂ ਉਹ ਸੋਨਾ ਬਣ ਗਿਆ। ਕਹਿੰਦੇ ਜਾ ਸ਼ਹਿਰ ਵਿਚ ਜਾ ਕੇ ਇਸ ਬਾਰੇ ਪੁਛਕੇ ਆ, ਵਾਪਸ ਆ ਗਿਆ ਕਹਿੰਦਾ, ਮਹਾਰਾਜ ਇਹ ਤਾਂ ਖਰਾ ਸੋਨਾ ਹੈ। ਕਹਿੰਦੇ ਫੇਰ ਹੁਣ ਇਕ ਗਾਗਰ ਲੈ ਕੇ ਆ, ਉਹ ਗਾਗਰ ਲੈ ਆਇਆ। ਪਾਰਸ ਗਾਗਰ ਵਿਚ ਰੱਖ ਦਿੱਤਾ। ਕਹਿੰਦੇ ਇਸ ਨੂੰ ਪੇਟੀ ਵਿਚ ਰਖ ਕੇ ਤਾਲਾ ਮਾਰਦੇ। ਉਸਨੇ ਤਾਲਾ ਮਾਰ ਦਿੱਤਾ। ਉਹ ਸੇਵਾ ਕਰਨ ਲੱਗ ਪਿਆ, ਸੇਵਾ ਕਰਦਾ ਕਰਦਾ ਉਹ ਸੇਵਾਦਾਰਾਂ ਨੂੰ ਕਹੀ ਜਾਂਦਾ, ਉਹ ਤੁਸੀਂ ਐਥੇ ਦੇ ਕੀ ਲਗਦੇ ਹੋ, ਭੁਖੇ ਮਰਦੇ ਆ ਗਏ ਹੋ, ਦੇਖੋ ਮੈਂ ਇੰਨਾ ਵੱਡਾ ਚੌਧਰੀ, ਐਥੇ ਆਇਆ ਹਾਂ ਤੇ ਐਥੇ ਦੇ ਭਾਂਡੇ ਮਾਂਜਦਾ ਹਾਂ, ਕੀ ਮੈਂ ਭਾਂਡੇ ਮਾਂਜਦਾ ਚੰਗਾ ਲਗਦਾ ਹਾਂ। ਫੇਰ ਵੀ ਮੈਂ ਮਾਂਜਦਾ ਹਾਂ। ਕਹਿੰਦਾ, ਜਿਸ ਦਿਨ ਤੋਂ ਮੈਂ ਆਇਆ ਹਾਂ ਸੰਤਾਂ ਕੋਲ ਇੰਨੀ ਦੁਨੀਆਂ ਆਉਣ ਲਗ ਪਈ ਹੈ। ਉਹ ਆਪਣਾ ਮਾਣ ਛਡਦਾ ਹੀ ਨਹੀਂ। ਸੰਤਾਂ ਪਾਸ ਰਹਿੰਦਿਆਂ ਸੱਤ ਅੱਠ ਸਾਲ ਲੰਘ ਗਏ। ਇਕ ਦਿਨ ਸੰਤਾਂ ਕੋਲ ਆਇਆ ਕਹਿੰਦਾ, ਸੰਤ ਜੀ, ਤੁਸੀਂ ਇਹ ਕਹਿੰਦੇ ਹੋ ਕਿ ਜੇ ਨਾਮ ਜਪੋ ਤਾਂ ਮਨ ਵਿਚ ਪਰਮ ਸ਼ਾਂਤੀ ਆ ਜਾਂਦੀ ਹੈ। ਕਲਪਣਾ ਸਾਰੀ ਹਟ ਜਾਂਦੀ ਹੈ, ਰਸ ਨਾਲ ਮਨ ਭਰ ਜਾਂਦਾ ਹੈ ਤੇ ਮੇਰਾ ਤਾਂ ਕੁਛ ਵੀ ਨਹੀਂ ਹੋਇਆ ਮੈਂ ਤਾਂ ਸੁੱਕੇ ਦਾ ਸੁੱਕਾ ਹਾਂ। ਤੇ ਮੈਨੂੰ ਐਵੇਂ ਲਗਣ ਲਗ ਪਿਆ ਹੈ ਕਿ ਤੁਸੀਂ ਝੂਠੇ ਸੰਤ ਹੋ। ਮਹਾਤਮਾ ਨੇ ਦੇਖ ਲਇਆ ਕਿ ਹੁਣ ਮੇਰੇ ਗੱਲ ਪਵੇਗਾ, ਛੁਟਣ ਦਾ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਕਹਿੰਦੇ, ਐਵੇਂ ਕਰ ਗਾਗਰ ਲੈ ਕੇ ਆ। ਤੈਨੂੰ ਯਾਦ ਹੈ ਕਿ ਅਸੀਂ ਉਸਦੇ ਵਿਚ ਪਾਰਸ ਰਖਿਆ ਸੀ। ਕਹਿੰਦੇ ਹੁਣ ਤਾਂ ਗਾਗਰ ਸੋਨੇ ਦੀ ਬਣ ਗਈ ਹੋਵੇਗੀ। ਚਾਬੀਆਂ ਲੈ ਕੇ ਛੇਤੀ ਜਾ ਕੇ ਤਾਲਾ ਖੋਲਦਾ ਹੈ, ਉਸਨੂੰ ਪਰਖ ਕੇ ਦੇਖਦਾ ਹੈ ਤੇ ਉਥੋਂ ਹੀ ਬੋਲਦਾ ਹੈ, ਕਹਿੰਦਾ ਹੈ, ਸੰਤ ਜੀ ਇਹ ਤਾਂ ਸੋਨੇ ਦੀ ਬਣੀ ਹੀ ਨਹੀਂ। ਕਹਿੰਦਾ, ਤੁਸੀਂ ਵੀ ਝੂਠੇ ਤੇ ਤੁਹਾਡਾ ਪਾਰਸ ਵੀ ਝੂਠਾ। ਨਾ ਮੇਰੇ ਤੇ ਕੋਈ ਅਸਰ ਹੋਇਆ ਹੈ ਤੇ ਨਾ ਗਾਗਰ ਤੇ ਹੋਇਆ ਹੈ। ਸੰਤ ਬੜੇ ਧੀਰਜ ਵਾਲੇ ਸੀ ਕਹਿਣ ਲੱਗੇ ਪ੍ਰੇਮੀਆ! ਤੂੰ ਸਾਡੇ ਕੋਲ ਲੈ ਕੇ ਆ, ਐਵੇਂ ਨਾ ਤੂੰ ਕਹੀ ਜਾ, ਸਾਡੇ ਕੋਲ ਲੈ ਕੇ ਆ ਕੋਈ ਨੁਕਸ ਹੋਣੈ। ਕਹਿੰਦਾ, ਕਾਹਦਾ ਨੁਕਸ ਹੈ, ਪਾਰਸ ਵਿਚ ਪਇਆ ਹੈ, ਅੱਠ ਸਾਲ ਵਿਚ ਅਜੇ ਬਨਿਆ ਹੀ ਕੁਛ ਨਹੀਂ। ਕਹਿੰਦੇ, ਲਿਆ ਤਾਂ ਸਹੀ। ਜਦ ਕੋਲ ਲੈ ਕੇ ਆਉਂਦਾ ਹੈ ਤਾਂ ਸੰਤਾਂ ਨੇ ਕਿਹਾ ਕਿ ਦੇਖ ਪਾਰਸ ਦੇ ਉਤੇ ਤਾਂ ਕੁਛ ਨਹੀਂ, ਨੌਹਾਂ ਨਾਲ ਖੁਰਚ ਕੇ ਦੇਖਿਆ ਤਾਂ ਪਤਚਲਾ ਜਿਹਾ ਕਾਗਜ਼ ਲਪੇਟਿਆ ਹੋਇਐ। ਕਹਿੰਦਾ, ਕਾਗਜ਼ ਹੈ, ਕਹਿੰਦੇ ਸਾਰਾ ਕਾਗਜ਼ ਉਤੋਂ ਲਾਹ ਦੇ। ਉਸਨੇ ਲਾਹ ਦਿੱਤਾ। ਕਹਿੰਦੇ ਹੁਣ ਗਾਗਰ ਨਾਲ ਲਾ ਦੇ। ਜਦੋਂ ਲਾਇਆ ਤਾਂ ਗਾਗਰ ਸੋਨੇ ਦੀ ਬਣ ਗਈ। ਕਹਿਣ ਲੱਗਿਆ ਸੰਤ ਜੀ! ਪਾਰਸ ਤਾਂ ਤੁਹਾਡਾ ਸੱਚਾ ਹੈ, ਪਰ ਤੁਸੀਂ ਝੂਠੇ ਹੋ। ਸੰਤ ਕਹਿਣ ਲੱਗੇ ਪ੍ਰੇਮੀਆ! ਮੈਂ ਝੂਠਾ ਨਹੀਂ ਤੇਰੇ ਮਨ ਦੇ ਉਤੇ ਅਭਿਮਾਨ ਦਾ ਪਰਦਾ ਪਇਆ ਹੋਇਆ ਹੈ ਕਿ ਮੈਂ ਵੱਡਾ ਜਿੰਮੀਦਾਰ ਹਾਂ, ਇਲਾਕੇ ਦਾ ਚੌਧਰੀ ਹਾਂ, ਤੂੰ ਤਾਂ ਸਾਡਾ ਕੋਈ ਚੇਲਾ ਵੀ ਨਾ ਟਿਕਣ ਦਿੱਤਾ। ਪਿਆਰਿਆ ਜੇ ਤੇ ਕੁਛ ਲੈਣਾ ਹੈ ਤਾਂ ਤੈਨੂੰ ਮਾਣ ਛਡਣਾ ਪੈਣਾ ਹੈ –

***ਧਾਰਨਾ – ਮਰਨਾ ਕਬੂਲ ਲੈ ਜੀਵਨ ਦੀ ਛਡਦੇ ਆਸਾ –2, 2,***
***ਜੀਵਨ ਦੀ ਛਡਦੇ ਆਸਾ –2, 2.***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ – 1102***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ – 1412***

ਪਿਆਰਿਆ, ਹੰਗਤਾ ਤੇ ਮਮਤਾ ਦੋਏ ਚੀਜ਼ਾਂ ਨੂੰ ਮਾਰਨਾ ਪੈਂਦਾ ਹੈ। ਮੈਂ ਜਾਗੀਰਦਾਰ ਹਾਂ, ਮੈਂ ਚੌਧਰੀ ਹਾਂ, ਮੈਂ ਵਿਦਵਾਨ ਹਾਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਛਡਣਾ ਪੈਂਦਾ ਹੈ, ਤਾਂ ਪਿਆਰਿਆ –

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ – 1102***

ਸਚਮੁਚ ਇਸ ਤਰ੍ਹਾਂ ਕਹਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ – 1365***

ਜਦ ਤਕ ਤੇਰੇ ਅੰਦਰ ਇਹ ਨਹੀਂ ਆਉਂਦਾ ਕਿ ਮੇਰੇ ਤੋਂ ਬਗੈਰ ਸਾਰਾ ਸੰਸਾਰ ਚੰਗਾ ਹੈ। ਕਹਿੰਦੇ ਇਕ ਤਾਂ ਹੁੰਦਾ ਹੈ ਉਤੋਂ ਉਤੋਂ ਕਹਿਣਾ, ਕਿ ਬੁੰਦਾ ਹੈ ਬੁਝਣਾ। ਇਕ ਅੰਬ ਪੱਕਿਆ ਹੋਇਆ ਹੈ, ਜਿਹੜਾ ਖੇਤੀਬਾੜੀ ਵਾਲਾ ਬੰਦਾ ਹੈ, ਉਹ ਦੇਖਦਾ ਹੈ ਕਿ ਇਹ ਜਿਹੜਾ ਅੰਬ ਹੈ ਇਹਦੇ ਵਿਚ ਐਨੀ ਕੈਲਰੀ ਹੈ, ਇਸ ਵਿਚ ਐਨਾ ਤੇਜਾਬ ਹੈ, ਇੰਨੀ ਮਾਤਰਾ ਇਸ ਵਿਚ ਸ਼ੂਗਰ ਹੈ, ਇੰਨੀ ਇਹਦੇ ਵਿਚ ਫੈਟ ਹੈ। ਇਸ ਨੇ ਜਾਣ ਤਾਂ ਲਿਆ ਪਰ ਬੁਝਿਆ ਨਹੀਂ। ਇਕ ਬੰਦੇ ਨੇ ਆ ਕੇ ਅੰਬ ਚੁਕਿਆ, ਚੂਪ ਲਿਆ ਉਸਨੂੰ ਜਾਣਨ ਦੀ ਲੋੜ ਨਹੀਂ ਕਿ ਕਿੰਨੀ ਸ਼ੂਗਰ ਹੈ, ਤੇ ਕਿੰਨੀ ਇਸ ਵਿਚ ਐਸਿਡ ਹੈ, ਕਿੰਨੀ ਇਸ ਵਿਚ ਕੈਲਰੀ ਹੈ, ਕਿੰਨੀ ਖੁਰਾਕ ਹੈ, ਕਿੰਨੀ ਫੈਟ ਹੈ, ਉਹਨੂੰ ਜਾਨਣ ਦੀ ਲੋੜ ਨਹੀਂ, ਉਸਨੇ ਤਾਂ ਅਨੰਦ ਲੈ ਲਿਆ, ਇਸ ਨੂੰ ਹੀ ਬੁਝਣਾ ਕਹਿੰਦੇ ਹਨ।

(ਬਾਕੀ ਪੰਨਾ 62 ਤੇ)

# ਸਿਹਤ ਵਿਗਿਆਨ

***ਕੈਪਟਨ ਸ਼ਮਸ਼ੇਰ ਸਿੰਘ***

ਅਗਸਤ ਦੇ ਮਹੀਨੇ ਦੇ ਆਤਮ ਮਾਰਗ ਵਿਚ ਅਸੀਂ ਅਦਰਕ, ਮੇਥੀ ਅਤੇ ਲੱਸਣ ਬਾਰੇ ਜਾਣਕਾਰੀ ਹਾਸਲ ਕਰਾਂਗੇ।

## ਅਦਰਕ (Ginger) ਅਤੇ ਸੁੰਢ

ਤਾਜ਼ੇ ਰੂਪ ਵਿਚ ਅਦਰਕ ਅਤੇ ਇਹੋ ਹੀ ਸੁੱਕ ਕੇ ਸੁੰਢ ਬਣ ਜਾਂਦੀ ਹੈ। ਅਦਰਕ ਅਤੇ ਸੁੰਢ ਦੋਹਾਂ ਵਿਚ ਇਕੋ ਜਿਹੇ ਗੁਣ ਹਨ। ਘਰਾਂ ਵਿਚ ਅਸੀਂ ਇਸਨੂੰ ਕੁਝ ਖਾਣੇ ਦੀਆਂ ਚੀਜ਼ਾਂ ਵਿਚ ਵਰਤਦੇ ਹਾਂ। ਇਹ ਦਵਾਈ ਦੇ ਰੂਪ ਵਿਚ ਵੀ ਇਸਤੇਮਾਲ ਕੀਤੀ ਜਾਂਦੀ ਹੈ। ਇਹ ਖਾਣ ਵਿਚ ਥੋੜ੍ਹੀ ਕੜਵੀ ਤੇ ਸਵਾਦੀ ਹੁੰਦੀ ਹੈ, ਹਰ ਘਰ ਵਿਚ ਇਸਦੀ ਵਰਤੋਂ ਹੁੰਦੀ ਹੈ। ਇਹ ਕਫ ਅਤੇ ਖੰਘ ਨਾਸ਼ਕ, ਅਤੇ ਹਿਰਦੇ ਅਤੇ ਪੇਟ ਰੋਗਾਂ ਦੇ ਵਿਕਾਰ ਦੂਰ ਕਰਦੀ ਹੈ। ਅਦਰਕ ਤੇ ਸੁੰਢ ਦੋਹਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਕੁਝ ਨੁਸਖੇ ਹੇਠਾਂ ਦਿਤੇ ਗਏ ਹਨ –

1. ਬਦਹਜ਼ਮੀ

ਸੁੰਢ ਨੂੰ ਕੁੱਟ ਪੀਸ ਕੇ ਨਮਕ ਮਿਲਾ ਕੇ ਪਾਣੀ ਨਾਲ ਲੈਣ ਨਾਲ ਬਦਹਜ਼ਮੀ ਦੂਰ ਹੁੰਦੀ ਹੈ।

2. ਪੀਲੀਆ ਰੋਗ – ਪੀਲੀਆ ਰੋਗ ਵਿਚ ਸੁੰਢ ਅਤੇ ਮਿਸ਼ਰੀ ਦਾ ਚੂਰਨ ਇਕ ਚਮਚ ਤਾਜ਼ੇ ਪਾਣੀ ਨਾਲ ਦਿਨ ਵਿਚ ਦੋ ਵਾਰ ਲੈਣਾ ਫਾਇਦੇਮੰਦ ਹੈ।

3. ਜ਼ਹਿਰੀਲੇ ਕੀੜੇ ਲੜਨ ਤੇ ਸੋਜਿਸ਼ ਹੋਣ ਤੇ ਅਦਰਕ ਦਾ ਰਸ, ਆਂਡੇ ਦੀ ਜਰਦੀ ਵਿਚ ਮਿਲਾ ਕੇ ਲਾਉਣ ਨਾਲ ਸੋਜਿਸ਼ ਉਤਰ ਜਾਂਦੀ ਹੈ।

4. ਪਿਸ਼ਾਬ ਵਿਚ ਖ਼ੂਨ ਆਉਂਦਾ ਹੋਵੇ ਤਾਂ ਸੁੰਢ ਦਾ ਇਕ ਚਮਚ ਦੁੱਧ ਵਿਚ ਪਾ ਕੇ ਦਿਨ ਵਿਚ ਦੋ ਵਾਰ ਲੈਣ ਨਾਲ ਖ਼ੂਨ ਆਉਣਾ ਬੰਦ ਹੋ ਜਾਂਦਾ ਹੈ।

5. ਹਿਚਕੀ – ਅਦਰਕ ਦਾ ਰਸ ਤੇ ਚੀਨੀ ਪਾ ਕੇ ਕੁਝ ਬੂੰਦਾਂ ਨੱਕ ਵਿਚ ਪਾਉਣ ਨਾਲ ਹਿਚਕੀ ਬੰਦ ਹੋ ਜਾਂਦੀ ਹੈ।

6. ਜ਼ੁਕਾਮ ਵਿਚ ਚਾਹ 'ਚ ਅਦਰਕ ਕੁੱਟ ਕੇ ਪਾ ਕੇ ਪੀਣ ਨਾਲ ਫਾਇਦਾ ਮਿਲਦਾ ਹੈ।

7. ਧਰਨ ਲੈਣ ਦੀ ਹਾਲਤ ਵਿਚ ਆਂਵਲੇ ਦਾ ਪਾਊਡਰ ਪੀਸ ਕੇ ਧੁਨੀ ਦੇ ਚਾਰੇ ਪਾਸੇ ਘੇਰੇ ਵਾਂਗ ਵੱਟ ਬਣਾਓ ਤੇ ਉਸ ਵਿਚ ਅਦਰਕ ਦਾ ਰਸ ਭਰ ਦੇਵੋ। ਦੋ ਘੰਟੇ ਲੇਟੇ ਰਹੋ, ਇਸ ਨਾਲ ਧਰਨ ਰੋਗ ਹਟ ਜਾਂਦਾ ਹੈ।

ਕੁਸਟ ਰੋਗ, ਮੂਤਰ ਕਰਿਛ, ਰਗਤ ਪਿਤੀ ਬੁਖਾਰ ਤੇ ਪਾਂਡੂ ਰੋਗ ਵਾਲੇ ਪ੍ਰਾਣੀ ਗਰਮੀ ਵਿਚ ਅਦਰਕ ਦਾ ਇਸਤੇਮਾਲ ਨਾ ਕਰਨ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ।

## ਮੇਥੀ ਦਾਣਾ (ਕਸੂਰੀ ਮੇਥੀ)

ਛੋਟੀ ਮੇਥੀ ਜਾਂ ਪੀਲੀ ਮੇਥੀ ਦੇ ਬੀਜ ਤੇ ਪੱਤੇ ਦੋਨੋਂ ਹੀ ਕੰਮ ਆਉਂਦੇ ਹਨ ਤੇ ਇਹ ਖ਼ੁਸ਼ਬੂਦਾਰ ਹੁੰਦੀ ਹੈ। ਇਹ ਬਹੁਤ ਸਾਰੇ ਭੋਜਨਾਂ ਵਿਚ ਤਾਂ ਕੰਮ ਆਉਂਦੀ ਹੈ ਪਰ ਨਾਲ ਹੀ ਦਵਾਈ ਦੇ ਰੂਪ ਵਿਚ ਵੀ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਆਯੁਰਵੇਦ ਵਿਚ ਕਿਹਾ ਗਿਆ ਹੈ ਕਿ ਤੁਹਾਡੀ ਜਿੰਨੀ ਉਮਰ ਹੈ ਓਨੇ ਹੀ ਦਾਣੇ ਚਬਾ ਕੇ ਚੂਸਣ ਨਾਲ ਬੁਢਾਪੇ ਦੇ ਸਾਰੇ ਰੋਗ ਜਿਵੇਂ ਜੋੜਾਂ ਦਾ ਦਰਦ, ਭੁੱਖ ਨਾ ਲਗਣੀ, ਹੱਥਾਂ ਦਾ ਸੁੰਨ ਪੈਣਾ, ਮਾਸ ਪੇਸ਼ੀਆਂ ਦਾ ਖਿਚਾਉ, ਬਾਰ ਬਾਰ ਪਿਸ਼ਾਬ ਆਉਣਾ ਤੋਂ ਮੁਕਤੀ ਮਿਲਦੀ ਹੈ, ਇਸ ਦੇ ਕੁਝ ਨੁਸਖੇ ਹੇਠਾਂ ਦਿਤੇ ਗਏ ਹਨ –

1. ਵਾਤ ਰੋਗ – ਮੇਥੀ ਦੇ ਲੱਡੂ ਬਣਾ ਕੇ ਖਾਣ ਨਾਲ ਵਾਤ ਰੋਗ ਤੋਂ ਮੁਕਤੀ ਮਿਲਦੀ ਹੈ। ਮੇਥੀ ਦਾ ਭੁੰਨਿਆ ਆਟਾ ਇਕ ਭਾਗ ਤੇ ਗੁੜ 4 ਭਾਗ ਨੂੰ ਮਿਲਾ ਕੇ ਲੱਡੂ ਬਣਾਏ ਜਾਂਦੇ ਹਨ। ਇਸ ਨਾਲ ਜੋੜਾਂ ਦਾ ਦਰਦ, ਗੋਹ ਦਾ ਦਰਦ, ਮਾਸ ਪੇਸ਼ੀਆਂ ਦਾ ਦਰਦ, ਗਰਦਨ ਦਾ ਦਰਦ, ਇਹਨਾਂ ਸਾਰੇ ਦਰਦਾਂ ਤੋਂ ਆਰਾਮ ਮਿਲਦਾ ਹੈ।

2. ਪੇਟ ਦੇ ਅਫਾਰੇ ਦੀ ਹਾਲਤ ਵਿਚ ਮੇਥੀ ਪਾਊਡਰ ਦੇ ਚਮਚ ਵਿਚ ਚੁਟਕੀ ਨਮਕ ਮਿਲਾ ਕੇ ਤਾਜੇ ਪਾਣੀ ਨਾਲ ਲੈਣ ਤੇ ਅਫਾਰਾ ਹੱਟ ਜਾਂਦਾ ਹੈ।

3. ਵਾਲਾਂ ਵਿਚ ਖੁਸ਼ਕੀ ਤੇ ਰੂਸੀ ਹੋਣ ਤੇ ਮੇਥੀ 50 ਗ੍ਰਾਮ ਭਿਉਂ ਕੇ ਰਾਤ ਭਰ ਰਖੋ, ਫਿਰ ਇਸ ਨੂੰ ਪੀਸ ਲਵੋ, ਇਸ ਦਾ ਗਿਲਾ ਲੇਪ ਸਿਰ ਤੇ ਕਰੋ ਤੇ 1/2 ਘੰਟਾ ਇਸ ਨੂੰ ਰੱਖੋ ਤੇ ਧੋ ਦਿਓ dandruff ਖਤਮ ਹੋ ਜਾਏਗੀ।

4. ਕੋਦਰਾ ਹੋਣ ਤੇ ਚਾਹ ਪੱਤੀ ਦੇ ਪਾਣੀ ਵਿਚ ਲਹੌਰੀ ਨਮਕ ਪਾ ਕੇ ਧੋ ਦਿਓ ਤੇ ਫੇਰ ਮੇਥੀ ਪਾਊਡਰ ਤੇ ਲਾਲ ਸੰਦਲ ਦੇ ਪਾਊਡਰ ਦਾ ਲੇਪ ਕਰੋ, ਕੋਦਰਾ ਹੱਟ ਜਾਣਗੀਆਂ।

5. ਔਰਤਾਂ ਦੇ ਰੋਗ ਲਿਕੋਰਿਆ ਲਈ ਮੇਥੀ ਦਾ ਪਾਊਡਰ ਦਹੀਂ ਵਿਚ ਮਿਲਾ ਕੇ ਖਾਣ ਨਾਲ ਲਿਕੋਰਿਆ ਬੰਦ ਹੋ ਜਾਂਦਾ ਹੈ। ਇਸ ਨੁਸਖੇ ਨਾਲ ਮਰੋੜ ਵੀ ਠੀਕ ਹੁੰਦੇ ਹਨ।

6. ਅੱਜ ਦੀ ਖੋਜ ਤੋਂ ਪਤਾ ਲਗਿਆ ਹੈ ਕਿ ਮੇਥੀ ਦਾ ਪਾਊਡਰ 2/3 ਗ੍ਰਾਮ ਲੈਣ ਨਾਲ ਬਲੱਡ ਪਰੈਸ਼ਰ ਸਹੀ ਰਹਿੰਦਾ ਹੈ।

7. ਸ਼ੂਗਰ ਦੇ ਮਰੀਜਾਂ ਲਈ ਵੀ ਮੇਥੀ ਲੈਣੀ ਗੁਣਕਾਰੀ ਹੈ। ਹੈਦਰਾਬਾਦ ਰੀਸਰਚ ਲੈਬੋਰਟਰੀ ਦੀ ਰਿਪੋਰਟ ਹੈ ਕਿ ਮੇਥੀ ਦਾ 2 ਗ੍ਰਾਮ ਇਸਤੇਮਾਲ ਸ਼ੂਗਰ ਰੋਗ ਤੋਂ ਵੀ ਫਾਇਦਾ ਕਰਦਾ ਹੈ ਤੇ ਸ਼ੂਗਰ ਰੋਗੀਆਂ ਦੀਆਂ ਦਵਾਈਆਂ ਵਿਚ ਇਹ ਇਕ ਖਾਸ ਘਟਕ ਹੈ।

## ਲਸਣ –

ਇਸ ਨੂੰ ਸੰਸਕ੍ਰਿਤ ਵਿਚ ਰਸੋਨ ਵੀ ਕਿਹਾ ਗਿਆ ਹੈ। ਇਹ ਘਰਾਂ ਵਿਚ ਦਾਲ ਸਬਜੀਆਂ ਵਿਚ ਹਮੇਸ਼ਾ ਹੀ ਵਰਤਿਆ ਜਾਂਦਾ ਹੈ। ਇਸ ਦੇ ਦਵਾਈ ਦੇ ਤੌਰ ਤੇ ਆਯੂਰਵੇਦ ਵਿਚ ਬਹੁਤ ਸਾਰੇ ਨਾਮ ਹਨ ਜਿਵੇਂ ਕਿ ਲਸਣ ਆਦਿ ਵੱਟੀ, ਰਸੋਨ ਪਿੰਡ, ਆਦਿ। ਇਸ ਦੀ ਖੇਤੀ ਪਿੰਡਾਂ ਵਿਚ ਆਮ ਹੀ ਕੀਤੀ ਜਾਂਦੀ ਹੈ ਤੇ ਇਹ ਸਾਲ ਭਰ ਆਰਾਮ ਨਾਲ ਖੁਲੀ ਹਵਾ ਵਿਚ ਰਖਿਆ ਜਾ ਸਕਦਾ ਹੈ।

1. ਮੌਸਮੀ ਬੁਖਾਰ ਵਿਚ ਕੁਝ ਗੁੱਟੀਆਂ ਘਿਓ ਜਾਂ ਤੇਲ ਵਿਚ ਭੁਨ ਕੇ ਖਾਣਾ ਖਾਣ ਤੋਂ ਪਹਿਲਾਂ ਲੈਣ ਨਾਲ ਬੁਖਾਰ ਉਤਰ ਜਾਂਦਾ ਹੈ।

2. ਸਰੋਂ ਦੇ ਤੇਲ ਵਿਚ 2/4 ਗੁੱਟੀਆਂ ਅੱਗ ਤੇ ਜਲਾ ਕੇ ਤੇਲ ਸਾਫ ਕਰਕੇ ਰੱਖੋ ਤੇ ਕੰਨਾਂ ਵਿਚ ਪਾਉਣ ਨਾਲ ਕੰਨਾਂ ਦੇ ਰੋਗ ਦੂਰ ਹੋ ਜਾਂਦੇ ਹਨ। ਕੰਨ ਪੀੜ ਦੀ ਹਾਲਤ ਵਿਚ ਹਲਕਾ ਜਿਹਾ ਗਰਮ ਇਹੋ ਤੇਲ ਪਾਉਣ ਨਾਲ ਦਰਦ ਹਟ ਜਾਂਦਾ ਹੈ।

3. ਜੋੜਾਂ ਦੇ ਦਰਦਾਂ ਵਿਚ ਤੇਲ ਵਿਚ ਲਸਣ ਦਾ ਪੇਸਟ ਹਲਕਾ ਭੁਨ ਕੇ ਲੈਣ ਨਾਲ ਫਾਇਦਾ ਹੁੰਦਾ ਹੈ।

4. ਦਮ ਸਿਕੜ (ਮੂਰਛਾ) ਦੀ ਹਾਲਤ ਵਿਚ ਇਸ ਦਾ ਰਸ ਨੱਕ ਵਿਚ ਪਾਉਣ ਨਾਲ ਹੋਸ਼ ਆ ਜਾਂਦੀ ਹੈ।

5. ਹਰ ਰੋਜ਼ ਇਕ ਦੋ ਗੁਟੀਆਂ ਕੱਚੇ ਲੱਸਣ ਦੀਆਂ ਖੂਨ ਵਿਚ ਕੈਲਸਟਰੋਲ ਨੂੰ ਕੰਟਰੋਲ ਕਰਦੀਆਂ ਹਨ। ਲਸਣ ਦੀਆਂ ਗੁੱਟੀਆਂ ਛਿਲ ਕੇ ਸ਼ਹਿਦ ਵਿਚ ਡੁਬੋ ਕੇ 15 ਦਿਨ ਰੱਖ ਲਵੋ। 2-2 ਸਵੇਰੇ ਸ਼ਾਮ ਖਾਣ ਨਾਲ ਹਾਈ ਤੇ ਲੋਅ ਬਲੱਡਪਰੈਸ਼ਰ ਤੋਂ ਬਚਾਉ ਹੁੰਦਾ ਹੈ।

6. ਨਵੀਂ ਰੀਸਰਚ ਦੌਰਾਨ ਪਤਾ ਲੱਗਾ ਹੈ ਕਿ ਹਾਈ ਬਲੱਡ ਪਰੈਸ਼ਰ, ਜੋੜਾਂ ਤੇ ਰੀਹ ਦੇ ਦਰਦ ਦੇ ਰੋਗੀਆਂ ਵਿਚ 70, 80% ਮਰੀਜ਼ਾਂ ਨੂੰ ਲਸਣ ਦਾ ਇਲਾਜ ਦੇਣ ਨਾਲ ਫਾਇਦਾ ਹੋਇਆ ਹੈ।

(ਪੰਨਾ 19 ਦੀ ਬਾਕੀ)

ਫਿਕਰ ਤੈਨੂੰ ਪੈ ਗਿਆ ਹੈ। ਏਸੇ ਤਰ੍ਹਾਂ ਅੱਲਾ ਦਾ ਹੋ, ਸੱਚ ਮੁੱਚ ਓਸਦਾ ਹੋ, ਗੱਲਾਂ ਨਾਲ ਨਹੀਂ ਫੋਕੇ ਇਲਮ ਤੇ ਹੁੱਜਤਾਂ ਨਾਲ ਨਹੀਂ, ਸਚੋ ਸੱਚ ਅੰਦਰੋਂ ਧੁਰ ਅੰਦਰੋਂ ਉਸ ਦਾ ਹੋ ਜਾਹ, ਤੇਰੇ ਸਭ ਫਿਕਰਾਨੇ ਅੱਲਾ ਨੂੰ। ਤੂੰ ਇਕ ਕੰਮ ਕਰ ਕਿ ਅੱਲਾ ਨਾ ਭੁੱਲੇ। ਅੱਲਾ ਦੇ ਡਾਢੇ ਪਿਆਰੇ ਨੇ ਆਖਿਆ ਹੈ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥***
***ਗੁਰ ਪਰਸਾਦਿ ਪਰਮ ਪਦੁ ਪਾਇਆ***
***ਸੂਕੇ ਕਾਸਟ ਹਰਿਆ॥ ਰਹਾਉ॥***
***ਜਨਨਿ ਪਿਤਾ ਲੋਕ ਸੁਤ ਬਨਿਤਾ***
***ਕੋਇ ਨ ਕਿਸ ਕੀ ਧਰਿਆ॥***
***ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ***
***ਕਾਹ ਮਨ ਭਉ ਕਰਿਆ॥***
***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ***
***ਮਨ ਮਹਿ ਸਿਮਰਨੁ ਕਰਿਆ॥***
***ਸਭਿ ਨਿਧਾਨ ਦਸ ਅਸਟ ਸਿਧਾਨ***
***ਠਾਕੁਰ ਕਰ ਤਲ ਧਰਿਆ॥***
***ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ***
***ਤੇਰਾ ਅੰਤੁ ਨ ਪਾਰਾਵਰਿਆ॥*** ***ਪੰਨਾ – 9***

ਸੋ ਵੀਰਾ! ਅੱਲਾ ਨੂੰ ਪਿਆਰ ਕਰ ਤੇ ਸਭ ਫਿਕਰਾਨੇ ਛੱਡ ਦੇ।

ਸੈਫ ਦੀਨ – ਸ਼ਰਮਿੰਦਾ ਹਾਂ, ਮੇਰੇ ਪੜ੍ਹੇ ਪਰ ਖਾਕ ਹੈ, ਬਾਬਾ ਜੀਓ! ਤੇਰੇ ਵਿਚ ਅਮਲ ਹੈ ਖਰਾ ਖਰਾ, ਉਸ ਨੇ ਮੇਰੇ ਫੋਕੇ ਇਲਮ ਨੂੰ ਭੰਨ ਘੱਤਿਆ ਹੈ। ਤੁਹਾਡੇ ਪਿਆਰ ਵਾਲੇ ਭਾਈ ਚਾਰੇ ਵਿਚੋਂ ਹੁਣ ਨਿੱਖੜਨ ਨਹੀਂ ਹੁੰਦਾ। ਤੁਸੀਂ ਸਭ ਜਾਓ, ਸ਼ਾਮਾਂ ਹੋ ਗਈਆਂ ਹਨ, ਘਰੀਂ ਅੱਪੜੋ, ਮੈਂ ਹੁਣ ਏਸ ਖੂਹ ਤੇ ਹੀ ਰਹਾਂਗਾ, ਅੱਲਾ ਨੂੰ ਯਾਦ ਕਰਾਂਗਾ ਤੇ ਆਪਣੀ ਮੈਲ ਧੋਵਾਂਗਾ। ਜੋ ਓਹ ਘੱਲੇਗਾ ਸੋ ਖਾਵਾਂਗਾ, ਤੇ ਜੋ ਤੁਸੀਂ ਆਖਿਆ ਕਰੋਗੇ ਸੋ ਕਰਿਆ ਕਰਾਂਗਾ। ਬਾਬਾ! ਇਲਮ ਦੀ ਮਗਜ਼ ਵਿਚੋਂ ਧੋਣੀ ਬੜੀ ਔਖੀ ਹੈ, ਮੈਨੂੰ ਇਹ ਸ਼ਾਬਾਸ਼ ਤਾਂ ਦੇ ਜਾਹ ਕਿ ਮੈਂ ਓਸ ਮਗਰੂਰੀ ਨੂੰ ਧੋ ਘੱਤਿਆ ਹੈ।

ਬਾਬੇ ਨੇ ਹੁਣ ਅਗੇ ਹੋ ਕੇ ਸੈਫਦੀਨ ਨੂੰ ਗਲ ਲਾ ਲਿਆ ਤੇ ਆਖਿਆ, ਤੇਰੇ ਪਰ ਵਾਹਿਗੁਰੂ ਦੀ ਮਿਹਰ ਹੋਈ ਹੈ, ਵੀਰਾ! ਇਸਨੂੰ ਮਿਹਰ ਆਖੀਦਾ ਹੈ, ਵੀਰਾ! ਇਹੋ ਉਸਦਾ ਫਜ਼ਲ ਹੈ, ਵੀਰਾ! ਇਹੋ ਅੱਲਾ ਦਾ ਪਿਆਰ ਹੈ। ਦਿਲ ਸਾਬਤ ਹੋ ਜਾਏ, ਲਿਵ ਪਾ ਜਾਏ, ਫੇਰ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਹੋ ਜਾਂਦੇ ਹਨ।

# ਗੁਰਹਿ ਦਿਖਾਇਓ ਲੋਇਨਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਮਿਤੀ 30-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)*

ਸ਼ਾਨ .....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ॥***
***ਨਗਰ ਮਹਿ ਆਪਿ ਬਾਹਰਿ ਫੁਨਿ ਆਪਨ***
***ਪ੍ਰਭ ਮੇਰੇ ਕੋ ਸਗਲ ਬਸੇਰਾ॥***
***ਆਪੇ ਹੀ ਰਾਜਨੁ ਆਪੇ ਹੀ ਰਾਇਆ***
***ਕਹ ਕਹ ਠਾਕੁਰੁ ਕਹ ਕਹ ਚੇਰਾ॥***
***ਕਾ ਕਉ ਦੁਰਾਉ ਕਾ ਸਿਉ ਬਲਬੰਚਾ***
***ਜਹ ਜਹ ਪੇਖਹੁ ਤਹ ਤਹ ਨੇਰਾ॥***
***ਸਾਧ ਮੂਰਤਿ ਗੁਰੁ ਭੇਟਿਓ ਨਾਨਕ***
***ਮਿਲਿ ਸਾਗਰ ਬੂੰਦ ਨਹੀ ਅਨਹੇਰਾ॥ ਪੰਨਾ - 827***

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਨਾਲ ਵਿਚਾਰੋ ਫੇਰ ਹਿਰਦੇ ਵਿਚ ਧਾਰਨ ਕਰੋ। ਉਸ ਤੋਂ ਬਾਅਦ ਫੇਰ ਉਸ ਦੀ ਕਮਾਈ ਕਰੋ। ਸਿਧਾ ਜਿਹਾ ਉਪਦੇਸ਼ ਹੈ ਕੋਈ ਇਸ ਦੇ ਵਿਚ ਵਲ-ਫਰੇਬ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜੀਵਾਂ ਦੇ ਉਧਾਰ ਵਾਸਤੇ ਬਹੁਤ ਹੀ ਸੁਖੈਨ ਰਸਤਾ ਸਾਡੇ ਵਾਸਤੇ ਉਲੀਕਿਆ। ਪਿਛਲੇ ਤਿੰਨ ਦਿਨਾਂ ਤੋਂ ਆਪ ਨੇ ਸੰਤ ਕਲਿਆਣਦਾਸ ਜੀ ਤੋਂ ਬਹੁਤ ਕਿਸਮ ਦੀਆਂ ਵਿਚਾਰਾਂ ਸਰਵਣ ਕਰੀਆਂ। ਜੋ ਬੜੇ ਢੰਗਾਂ ਦੇ ਨਾਲ, ਬੜੀਆਂ ਮਿਸਾਲਾਂ ਦੇ ਦੇ ਕੇ ਉਸ ਸਤਿ ਵਲ ਲਿਜਾਣ ਦੀ ਕੋਸ਼ਿਸ਼ ਕਰੀ ਹੈ ਜੋ ਆਪ ਨੇ ਸਰਵਣ ਕੀਤੀ ਹੈ।

ਸੋ ਸਤਿਸੰਗ ਦਾ ਮਹਾਤਮ ਪੂਰਾ ਪੂਰਾ ਲੈਣ ਵਾਸਤੇ ਇਹ ਜ਼ਰੂਰੀ ਹੋਇਆ ਕਰਦਾ ਹੈ ਜੋ ਮੈਂ ਆਪ ਦੇ ਪਾਸ ਬੇਨਤੀ ਕੀਤੀ ਹੈ। ਸਤਿਸੰਗ ਭਾਗਾਂ ਤੋਂ ਬਗੈਰ ਮਿਲਦਾ ਨਹੀਂ ਇਹ ਗੱਲ ਪੱਕੀ ਤਰ੍ਹਾਂ ਸਮਝ ਲਓ, ਕੋਲ ਬੈਠਾ ਹੋਇਆ ਬੰਦਾ ਰਹਿ ਜਾਂਦਾ ਹੈ ਕਿਉਂਕਿ ਉਸ ਦੇ ਭਾਗ ਨਹੀਂ ਬਣੇ ਅਜੇ, ਪੁੰਨ ਕਰਮ ਜਾਗੇ ਨਹੀਂ ਹਨ। ਜਦੋਂ ਕਿਸੇ ਇਲਾਕੇ ਦੇ ਪੁੰਨ ਕਰਮ ਜਾਗ ਪੈਣ ਤਾਂ ਮਹਾਂਪੁਰਸ਼ਾਂ ਨੂੰ ਪ੍ਰੇਰਨਾ ਹੁੰਦੀ ਹੈ ਕਿ ਉਥੇ ਜਾਓ ਤੇ ਜਾ ਕੇ ਉਨ੍ਹਾਂ ਨੂੰ ਸਤਿ ਦਾ ਮਾਰਗ ਦਰਸਾਓ। ਆਪਣੇ ਆਪ ਮਹਾਂਪੁਰਸ਼ ਆ ਜਾਣ ਇਸ ਤਰ੍ਹਾਂ ਨਹੀਂ ਹੈ, ਉਨ੍ਹਾਂ ਦੇ ਅੰਦਰ ਪ੍ਰੇਰਨਾ ਹੁੰਦੀ ਹੈ। ਕੋਈ ਬੁਲਾਓ ਨਾ ਬੁਲਾਓ ਇਸ ਤਰ੍ਹਾਂ ਵੀ ਉਹ ਆ ਜਾਂਦੇ ਨੇ ਕਿਉਂਕਿ ਉਨ੍ਹਾਂ ਦੇ ਭਾਗ ਜਾਗਦੇ ਨੇ, ਭਾਗ ਜਾਗਣ ਤਾਂ ਗੱਲ ਬਣਦੀ ਹੈ।

ਸੋ ਆਪ ਸਾਰੇ ਜਿੰਨੇ ਵੀ ਪ੍ਰੇਮੀ ਆ ਰਹੇ ਹੋ ਪਿਛਲੇ ਇਕ ਸਾਲ ਦੇ ਅੰਦਰ ਪੁੰਨ ਕਰਮਾਂ ਦਾ ਵਾਧਾ ਹੋਇਆ। ਉਹ ਫਲ ਦੇਣ ਨੂੰ ਇਕੱਠੇ ਹੀ ਤਿਆਰ ਹੋਏ। ਉਸ ਦੇ ਫਲਸਰੂਪ ਇਹ ਸਤਿਸੰਗ ਲਗਣੇ ਸ਼ੁਰੂ ਹੋਏ। ਮਹਾਰਾਜ ਦਾ ਪੱਕਾ ਫੁਰਮਾਨ ਹੈ -

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਪੰਨਾ - 95***

ਸਤਿ ਦੀ ਸੰਗਤ ਦੀ ਪ੍ਰਾਪਤੀ ਨਹੀਂ ਹੁੰਦੀ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥ ਪੰਨਾ - 642***

ਸੋ ਆਪਾਂ ਬੇਨਤੀ ਕੀਤੀ ਹੈ ਮੈਂ ਕੁਝ ਵੀ ਨਹੀਂ ਪ੍ਰਭੂ ਤੂੰ ਹੀ ਤੂੰ ਹੈਂ। ਸੰਤਾਂ ਤੋਂ ਅਸੀਂ ਬਚਨ ਸੁਣ ਰਹੇ ਸੀ ਜੋ ਸਾਡੀ ਮੰਜ਼ਲ ਹੈ ਜਿਥੇ ਅਸੀਂ ਪਹੁੰਚਣਾ ਹੈ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਪੰਨਾ - 827***

ਇਹ ਇਕੋ ਹੀ ਲਾਈਨ ਯਾਦ ਕਰ ਲਓ ਪਰ ਇਹ ਐਨੀ ਉਚੀ ਹੈ ਕਿ ▲ਪੌੜੀ ਲੱਗੇ, ਡੰਡਿਆਂ ਤੇ ਚੜ੍ਹੋ ਤਾਂ ਜਾ ਕੇ ਕਿਤੇ ਇਸ ਲਾਈਨ ਤੇ ਪਹੁੰਚ ਸਕਦੇ ਹੋ, ਨਹੀਂ ਤਾਂ ਪਹੁੰਚ ਨਹੀਂ ਸਕਦੇ ਕਿਉਂਕਿ ਜਿਹੜਾ ਗੁਰੂ ਦਾ ਮਾਰਗ ਹੈ ਹੁਣੇ ਤੁਸੀਂ ਸੁਣਿਆ ਸੀ ਉਹ ਸ਼ਰਧਾ ਦਾ ਮਾਰਗ ਹੈ ਬੁੱਧੀ ਦਾ ਮਾਰਗ ਨਹੀਂ ਹੈ। ਬੁੱਧੀਆਂ ਜਲ ਜਾਂਦੀਆਂ ਨੇ ਇਸ ਰਸਤੇ ਦੇ ਉਤੇ। ਬੁੱਧੀ ਨੂੰ ਮਹਾਰਾਜ ਨੇ ਪ੍ਰਵਾਨ ਨਹੀਂ ਕਰਿਆ। ਪੜ੍ਹੇ ਹੋਏ ਨੂੰ, ਪੰਡਿਤ ਨੂੰ ਕਹਿੰਦੇ ਨੇ, "ਹੇ ਪਾਧਾ! ਤੂੰ ਮੈਨੂੰ ਕੀ ਪੜ੍ਹਾਉਣ ਲੱਗਿਐਂ?"

ਕਹਿਣ ਲੱਗਿਆ, "ਗੁਰੂ ਨਾਨਕ ਪਾਤਸ਼ਾਹ! ਮੈਂ ਤੁਹਾਨੂੰ ਪਹਾੜੇ, ਉਂਟੇ-ਢੈਂਚੇ, ਇਹ ਸਾਰੀਆਂ ਚੀਜ਼ਾਂ ਪੜ੍ਹਾਵਾਂਗਾ।"

ਕਹਿੰਦੇ, "ਇਸ ਦਾ ਪੜ੍ਹਾਈ ਫਾਇਦਾ ਕੀ ਹੋਏਗਾ?"

ਕਹਿਣ ਲੱਗੇ, "ਪੜ੍ਹ ਕੇ ਰਿਜ਼ਕ ਦੇ ਸਿਰ ਹੋਵੋਗੇ, ਪ੍ਰਸ਼ਾਦ ਪਾਣੀ ਵਧੀਆ ਪ੍ਰਾਪਤ ਹੋਏਗਾ, ਬੁਧੀ ਦੇ ਵਿਚ ਹੋਸ਼

ਹੋਏਗੀ, ਚੰਗਾ ਜੀਵਨ ਗੁਜ਼ਾਰ ਲਵੋਂਗੇ, ਮੂੜ੍ਹ ਮੱਤੀ ਨਹੀਂ ਰਹੇਗੀ।"

ਮਹਾਰਾਜ ਕਹਿੰਦੇ, "ਬੱਸ ਏਸੇ ਵਾਸਤੇ ਪੜ੍ਹਨਾ ਹੈ?"

ਕਹਿੰਦੇ, "ਹਾਂ! ਰੋਜ਼ੀ ਦਾ ਸਬੰਧ ਹੁੰਦਾ ਹੈ, ਚੰਗੀ ਨੌਕਰੀ ਮਿਲ ਜਾਏਗੀ, ਚੰਗੀ ਸੋਝੀ ਆ ਜਾਏਗੀ।"

ਮਹਾਰਾਜ ਕਹਿੰਦੇ, "ਇਹ ਤਾਂ ਪ੍ਰਮੇਸ਼ਰ ਨੇ ਪਹਿਲਾਂ ਹੀ ਬੰਦੋਬਸਤ ਕੀਤਾ ਹੋਇਆ ਹੈ।"

***ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਪੰਨਾ - 1070***

ਬਾਣੀ ਵਿਚ ਆਉਂਦਾ ਹੈ -

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਪੰਨਾ - 9***

ਇਨ੍ਹਾਂ ਪੰਛੀਆਂ ਨੂੰ ਕੌਣ ਸਿਖਿਆ ਦਿੰਦਾ ਹੈ ਮਨੁੱਖਾਂ ਤੋਂ ਕਿਤੇ ਵੱਧ ਨੇ। ਅੱਜ ਇਨ੍ਹਾਂ ਨੇ ਛੱਕ ਲਿਆ ਤੇ ਮੌਜ ਨਾਲ ਰਾਤ ਕਟਦੇ ਨੇ। ਦੂਜੇ ਦਿਨ ਫੇਰ ਇਨ੍ਹਾਂ ਦਾ ਰਿਜ਼ਕ ਪਿਆ ਹੁੰਦਾ ਹੈ। ਨਾ ਕਿਤੇ ਜਮ੍ਹਾਂ ਕਰਦੇ ਨੇ, ਨਾ ਕੋਈ ਉਸਦਾ ਫਿਕਰ ਕਰਦੇ ਨੇ। ਉਡਾਰੀ ਮਾਰਦੇ ਨੇ, ਬੈਠ ਜਾਂਦੇ ਨੇ, ਰੱਜ ਜਾਂਦੇ ਨੇ। ਭੁੱਖ ਦੇ ਦੁਖ ਨਾਲ ਕਦੇ ਕੋਈ ਪੰਛੀ ਨਹੀਂ ਮਰਿਆ, ਮਨੁੱਖ ਮਰਦੇ ਨੇ। ਰਿਜ਼ਕ ਐਨਾ ਵਾਹਿਗੁਰੂ ਪੈਦਾ ਕਰ ਦਿੰਦਾ ਹੈ ਪਰ ਜਿਹੜੇ ਤਕੜੇ ਨੇ ਉਹ ਰੋਕ ਲੈਂਦੇ ਨੇ ਦੂਜਿਆਂ ਵਿਚਾਰਿਆਂ ਨੂੰ ਪ੍ਰਾਪਤ ਨਹੀਂ ਹੁੰਦਾ। ਵਾਹਿਗੁਰੂ ਵਲੋਂ ਤਾਂ ਵੰਡ ਕੀਤੀ ਹੋਈ ਹੈ। ਮਹਾਰਾਜ ਕਹਿੰਦੇ, "ਇਸ ਗੱਲ ਦਾ ਪੜ੍ਹਾਈ ਨਾਲ ਸਬੰਧ ਨਹੀਂ ਹੈ। ਮੈਨੂੰ ਇਕ ਗੱਲ ਦੱਸ ਕਿ ਇਹ ਜਿਹੜੀ ਪੜ੍ਹਾਈ ਹੈ ਜਦੋਂ ਜੀਵ ਦਰਗਾਹ ਵਿਚ ਜਾਂਦਾ ਹੈ ਉਥੇ ਕੋਈ ਸਹਾਇਤਾ ਕਰਦੀ ਹੈ?"

ਨਿਰੁੱਤਰ ਹੋ ਗਿਆ ਪਾਂਧਾ। ਗੁਰੂ ਨਾਨਕ ਦੇ ਚਿਹਰੇ ਵੱਲ ਦੇਖਦਾ ਹੈ ਕਿ ਇਹ ਛੋਟਾ ਜਿਹਾ ਬੱਚਾ, ਕਿਹੋ ਜਿਹਾ ਸਵਾਲ ਮੇਰੇ ਤੇ ਕਰ ਦਿੱਤਾ? ਉਸੇ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਦਾ ਹੈ, ਸ਼ਰਧਾ ਦੇ ਘਰ ਵਿਚ ਆ ਕੇ ਕਿ ਹੇ ਨਾਨਕ! ਮੈਨੂੰ ਦੱਸ ਉਹ ਕਿਹੜੀ ਪੜ੍ਹਾਈ ਹੈ? ਤੇ ਨਾਲ ਮੈਨੂੰ ਇਹ ਦੱਸ ਕਿ ਉਸ ਦਾ ਸਕੂਲ ਕਿਥੇ ਹੈ? ਉਸ ਦੀ ਯੂਨੀਵਰਸਿਟੀ ਕਿਹੜੀ ਹੈ ਤੇ ਉਸ ਦੀ Phd. ਕਿਥੇ ਹੁੰਦੀ ਹੈ ਤੇ ਉਸ ਦੇ ਵਾਸਤੇ ਕਿਹੜਾ ਕੋਰਸ ਹੈ, ਕੀ ਕਾਪੀਆਂ ਨੇ, ਕਿਹੜੀਆਂ ਕਿਤਾਬਾਂ ਨੇ।

ਮਹਾਰਾਜ ਕਹਿੰਦੇ, "ਪਿਆਰਿਆ! ਉਹ ਜੇ ਤੂੰ ਸੁਣਨਾ ਚਾਹੁੰਦਾ ਹੈਂ ਤਾਂ ਅਸੀਂ ਤੈਨੂੰ ਦੱਸ ਦਿੰਦੇ ਹਾਂ।

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥***
***ਪੰਨਾ - 16***

ਆਹ ਜਿਹੜੀ ਤੇਰੇ ਅੰਦਰ ਹੰਗਤਾ ਹੈ ਨਾ ਕਿ ਮੈਂ ਹਾਂ।"

ਹਰ ਬੰਦੇ ਨੂੰ ਪਤਾ ਹੈ ਕਿ ਮੈਂ ਹਾਂ, ਮੇਰਾ ਨਾਂ ਫਲਾਣਾ ਹੈ, ਮੇਰਾ ਘਰ ਫਲਾਣਾ ਹੈ। ਕੋਈ ਨਹੀਂ ਹੈ ਦੁਨੀਆਂ ਦੇ ਅੰਦਰ ਜਿਹੜਾ ਨਹੀਂ ਇਹ ਸਮਝਦਾ। ਸੰਤਾਂ ਨੂੰ ਵੀ ਪਤਾ ਹੈ ਲੇਕਿਨ ਸੰਤਾਂ ਵਿਚ ਤੇ ਦੁਨੀਆਂ ਵਿਚ ਫਰਕ ਹੈ। ਸੰਤਾਂ ਦੇ ਅੰਦਰ 'ਮੈਂ' ਨਹੀਂ ਹੁੰਦੀ, 'ਮੈਂ' ਦੇ ਨਾਲ 'ਮੇਰਾ' ਨਹੀਂ ਹੁੰਦਾ। ਹੰਗਤਾ ਤੇ ਮਮਤਾ ਦੋ ਚੀਜ਼ਾਂ ਨੇ। ਉਨ੍ਹਾਂ ਦੇ ਅੰਦਰ ਹੁੰਦਾ ਕੀ ਹੈ? ਉਹ ਆਪ ਹੀ ਨਹੀਂ ਹੁੰਦੇ। ਜਦੋਂ ਆਪ ਹੀ ਨਹੀਂ ਹੁੰਦੇ ਤਾਂ ਪ੍ਰਮੇਸ਼ਰ ਹੁੰਦਾ ਹੈ ਉਨ੍ਹਾਂ ਦੇ ਅੰਦਰ। ਉਹ ਆਪੇ ਹੀ, ਹੈ ਹੀ ਪ੍ਰਮੇਸ਼ਰ ਲੇਕਿਨ ਇਹ ਵਾਧੂ ਇਕ ਜਿਹੜੀ ਸਾਡੀ lower level (ਨੀਵੇਂ ਪੱਧਰ) ਦੀ ਸੁਰਤ ਹੈ ਨਾ ਉਸ ਨੇ ਆਪਣੇ ਆਪ ਨੂੰ ਵਾਧੂ ਪੈਦਾ ਕਰ ਲਿਆ।

ਉਸ ਸੁਰਤ ਨੇ ਮੈਂ ਧਾਰ ਲਈ, ਹੰਗਤਾ ਧਾਰ ਲਈ, ਮਮਤਾ ਧਾਰ ਲਈ, ਮੇਰਾ ਫਲਾਣਾ, ਮੇਰਾ ਫਲਾਣਾ, ਨਿਕਲਦਾ ਹੀ ਨਹੀਂ ਹੈ ਇਹ। ਸੰਤਾਂ ਨੂੰ ਸਤਿ ਦਾ ਪਤਾ ਹੁੰਦਾ ਹੈ। ਉਹ ਨਾ ਮੈਂ ਕਹਿੰਦੇ ਨੇ, ਨਾ ਮੇਰਾ ਕਹਿੰਦੇ ਹਨ। ਉਹ ਸਦਾ ਹੀ ਸਤਿ ਦੇ ਵਿਚ ਵਰਤਦੇ ਨੇ। ਜਿਹੜਾ ਕੁਝ ਉਹ ਹੁੰਦੇ ਨੇ ਉਹ ਤੁਹਾਨੂੰ ਹੁਣੇ ਹੀ ਮਹਾਂਪੁਰਸ਼ਾਂ ਨੇ ਦੱਸਿਆ ਸੀ। ਉਹ ਇਕ ਜੋਤੀ ਹੁੰਦੇ ਨੇ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੋਤ ਹੈ॥***
***ਅਕਾਲ ਉਸਤਤਿ***

ਜੋਤੀ ਸਭ ਦੇ ਅੰਦਰ ਹੈ ਲੇਕਿਨ ਅਸੀਂ ਉਸ ਨੂੰ ਭੁਲਾ ਕੇ surpass (ਅੱਗੇ ਨਿਕਲ) ਕਰ ਕੇ, ਆਪਣਾ ਆਪ ਵੱਖਰਾ ਕਰ ਲਿਆ। ਜੇ ਜੋਤੀ ਸਮਝਦਾ ਹੈ ਫੇਰ ਵਖਰਾ ਨਹੀਂ ਫੇਰ ਤਾਂ ਸਮੁੱਚਾ ਹੈ। totallity ਹੈ ਫੇਰ unit (ਇਕਾਈ) ਨਹੀਂ ਹੈ।

ਮਹਾਰਾਜ ਕਹਿੰਦੇ, "ਇਹ ਜਿਹੜਾ ਭਾਵ ਹੈ ਨਾਹ ਤੇਰੇ ਅੰਦਰ -

***ਭੋਲਿਆ ਹਉਮੈ ਸੁਰਤਿ ਵਿਸਾਰਿ॥ ਪੰਨਾ - 1168***

ਤੇਰੇ ਅੰਦਰ 'ਮੈਂ' ਭਾਵ ਪੈਦਾ ਹੋ ਗਿਆ। ਇਹ ਮੇਰੀ ਜ਼ਮੀਨ, ਆਹ ਮੇਰੇ ਲੜਕੇ, ਆਹ ਮੇਰੀਆਂ ਲੜਕੀਆਂ, ਆਹ ਮੇਰਾ ਪਰਿਵਾਰ, ਆਹ ਮੇਰੇ ਭਰਾ, ਆਹ ਫਲਾਣਾ ਰਿਸ਼ਤੇਦਾਰ, ਆਹ ਢਿਮਕਾ ਰਿਸ਼ਤੇਦਾਰ, ਆਹ ਮੇਰਾ ਪਿੰਡ ਹੈ, ਆਹ ਮੇਰਾ ਦੇਸ਼ ਹੈ।

ਜਦੋਂ ਗੁਰੂ ਮਹਾਰਾਜ ਸੱਚੀਆਂ ਗੱਲਾਂ ਕਹਿੰਦੇ ਨੇ ਤਾਂ ਕਈਆਂ ਨੂੰ ਹੋ ਜਾਂਦਾ ਹੈ ਕਿ ਇਹ ਤਾਂ ਔਖੀਆਂ ਨੇ ਗੱਲਾਂ, ਬੜੀਆਂ ਔਖੀਆਂ ਨੇ। ਉਹ ਵਿਸ਼ਵ-ਮਈ ਸਾਂਝੀ ਸੋਚ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਰੇ ਵਿਸ਼ਵ ਸਾਰੀ universe ਵਾਸਤੇ ਹੈ, ਕਿਸੇ ਇਕ ਦੇ ਵਾਸਤੇ, ਕਿਸੇ ਸੰਪਰਦਾ ਵਾਸਤੇ ਨਹੀਂ ਹੈ। ਬੜੀ ਭਾਰੀ ਗਲਤੀ ਕਰ ਰਹੇ ਹਨ ਜਿਹੜੇ ਇਸ ਦੇ ਉਤੇ ਕਬਜ਼ਾ ਕਰਦੇ ਨੇ।

ਸੋ ਮਹਾਂਪੁਰਸ਼ਾਂ ਦੀ ਅਵਸਥਾ ਇਹ ਹੁੰਦੀ ਹੈ ਕਿ ਉਹ ਆਪ ਹੁੰਦੇ ਹੀ ਨਹੀਂ। ਜਿਹੜਾ ਹੁੰਦਾ ਹੀ ਨਹੀਂ ਉਸਦੀ ਗੱਲ ਕੀ ਕਰੀਏ? ਉਹ ਆਪਣੀ ਤਾਂ ਗੱਲ ਕਰਦੇ ਨਹੀਂ, ਸੰਤ ਵਾਹਿਗੁਰੂ ਰੂਪ ਹੀ ਹੁੰਦਾ ਹੈ।

ਹੰਗਤਾ ਤੇ ਮਮਤਾ ਜਿਹੜੇ ਦੋ ਚੱਕਰ ਮਨੁੱਖ ਨੇ ਪਾ ਲਏ ਆਪਣੇ ਦੁਆਲੇ ਚੇਤਨਤਾ) ਦੇ, ਉਹ ਇਸ ਨੂੰ ਕਰਦੇ ਕੀ ਨੇ? ਮਹਾਰਾਜ ਕਹਿੰਦੇ ਕਿ ਇਹ ਇਸ ਨੂੰ ਐਨੀ ਤਕਲੀਫ ਦੇ ਰਹੇ ਨੇ ਇਹ ਮੂਰਖ ਸਮਝਦਾ ਨਹੀਂ ਹੈ। ਸਮਝਾਈ ਜਾਓ, ਜਿੰਨਾ ਜੀਅ ਕਰਦਾ ਹੈ ਸਮਝਾਈ ਜਾਓ ਨਹੀਂ ਸਮਝਦਾ, ਚਾਹੇ ਪੜ੍ਹਿਆ ਹੋਇਆ ਹੈ, ਚਾਹੇ Ph.d. ਕਰੀ ਹੋਈ ਹੈ, ਚਾਹੇ D.lit ਕਰੀ ਹੋਈ ਹੈ ਨਹੀਂ ਸਮਝ 'ਚ ਆਉਂਦੀ ਉਸ ਦੇ ਗੱਲ। ਐਸਾ ਫੁਰਮਾਨ ਹੈ ਕਿ –

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***
***ਪੰਨਾ – 140***

ਲਭ, ਲੋਭ, ਹੰਕਾਰ ਜਿਹੜੇ ਨੇ ਇਹ ਮਮਤਾ ਦੇ ਪੁੱਤਰ ਪੋਤਰੇ ਨੇ। ਜਦੋਂ ਤੱਕ ਜੜ੍ਹ, ਆਧਾਰ ਨਹੀਂ ਕਟਿਆ ਜਾਂਦਾ ਉਨੀਂ ਦੇਰ ਤੱਕ ਇਹ ਵੀ ਨਹੀਂ ਕੱਟੇ ਜਾਂਦੇ।

ਸੋ ਇਸ ਵਾਸਤੇ ਮਹਾਰਾਜ ਕਹਿੰਦੇ, "ਪਾਧਾ ਜੀ! ਇਸ ਹੰਗਤਾ ਤੇ ਮਮਤਾ ਨੂੰ ਘਸਾ ਕੇ ਸਿਆਹੀ ਬਣਾ ਲਓ, ਗੁਰੂ ਗਿਆਨ ਦੇ ਅੰਦਰ –

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥***
***ਪੰਨਾ – 16***

ਹੁਣ ਜਿਹੜੀ ਤੇਰੀ ਮਤ ਹੈ ਉਹ ਹਉਮੈ ਦੀ ਮਤ ਹੈ, 'ਸਾਰ ਮੱਤ' ਹੈ। ਸਾਰ ਮੱਤ ਨਾ ਤੂੰ ਸਮਝਣ ਦਾ ਯਤਨ ਕਰੇਂ ਨਾ ਤੈਨੂੰ ਆ ਸਕੇ ਕਿਉਂਕਿ ਤੂੰ ਐਨਾ ਡੁੱਬ ਗਿਆ ਹਉਮੈ ਦੇ ਚਿੱਕੜ ਵਿਚ ਤੈਨੂੰ ਨਿਕਲਣ ਦਾ ਰਸਤਾ ਨਹੀਂ ਲੱਭਦਾ। ਆਪਣੇ ਆਪ ਤੂੰ ਨਿਕਲ ਨਹੀਂ ਸਕਦਾ ਜਿੰਨਾ ਜੋਰ ਲਗਦਾ ਹੈ ਲਾ ਲੈ, ਜਿੰਨਾ ਚਿਰ ਕਿਤਾਬਾਂ ਪੜ੍ਹਨੀਆਂ ਹਨ ਪੜ੍ਹ ਲੈ –

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***
***ਪੰਨਾ – 467***

ਹਉਮੈ ਦੀ ਝਖਣਾ ਝਾਖ ਦੇ ਵਿਚ ਸੰਸਾਰ ਸਾਰਾ ਨਾਮ ਤੋਂ ਬੇ-ਮੁਖ ਹੋ ਕੇ ਪਾਗਲਾਂ ਵਾਲਾ ਜੀਵਨ ਜੀਉਂ ਰਿਹਾ ਹੈ –

***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥***
***ਪੰਨਾ – 643***

ਮਹਾਰਾਜ ਕਹਿੰਦੇ ਕਮਲੇ ਫਿਰਦੇ ਨੇ –

***ਬਿਨੁ ਸਬਦੈ ਸਭੁ ਜਗੁ ਬਉਰਾਨਾ..........॥***
***ਪੰਨਾ – 644***

ਗੁਰੂ ਦੇ ਸ਼ਬਦ ਤੋਂ ਬਗੈਰ ਸੰਸਾਰ ਬਉਰਾ ਹਲਕਿਆ ਹੋਇਆ ਕੁੱਤਾ ਹੈ।

***................ ਬਿਰਥਾ ਜਨਮੁ ਗਵਾਇਆ॥***
***ਪੰਨਾ – 644***

ਸੋ ਇਹ ਜਿਥੇ ਅਸੀਂ ਫਿਰ ਰਹੇ ਹਾਂ ਗੁਰੂ ਨਾਨਕ ਸਾਨੂੰ ਇਥੋਂ ਕੱਢਣਾ ਚਾਹੁੰਦੇ ਨੇ। 200 ਸਾਲ ਗੁਰੂ 10 ਸਰੂਪਾਂ ਦੇ ਅੰਦਰ ਵਰਤ ਵਰਤ ਕੇ ਸਾਨੂੰ ਸਮਝਾਉਂਦੇ ਰਹੇ ਤੇ ਅਖੀਰ ਵਿਚ ਉਨ੍ਹਾਂ ਨੇ ਆਪਣੀ ਜੋਤ ਗੁਰਬਾਣੀ ਵਿਚ ਸਮਾਅ ਦਿੱਤੀ। ਗੁਰੂ ਗ੍ਰੰਥ ਸਾਹਿਬ ਦੇ ਵਿਚ ਕਲਾ ਵਰਤ ਗਈ। ਹੈ ਅੱਖਰ ਹੀ ੳ-ਅ ਹੀ ਨੇ ਸਾਰੇ ਲੇਕਿਨ ਕਲਾ ਵਰਤੀ ਹੋਈ ਹੈ ਇਸ ਦੇ ਵਿਚ, ਸ਼ਕਤੀ ਹੈ। ਉਸਦੇ ਨਾਲ ਸਾਨੂੰ ਰਾਹ ਦੱਸਿਆ ਹੈ।

ਮਹਾਰਾਜ ਕਹਿੰਦੇ, "ਸਾਰ ਮੱਤ ਕਰ।"

ਸਾਰ ਮੱਤ ਕੀ ਹੈ ਮੈਂ ਦੱਸ ਦਿੰਦਾ ਹਾਂ। ਇਕ ਵੀ ਬੰਦਾ ਜੇ ਆਪਣੀ ਸੰਗਤ ਵਿਚੋਂ ਸਮਝੇ ਉਹ ਭਾਗਾਂ ਵਾਲਾ ਹੈ। ਉਹ ਇਹ ਹੈ ਕਿ ਇਥੇ ਵਾਹਿਗੁਰੂ ਤੋਂ ਬਗੈਰ ਨਾ ਪਹਿਲਾਂ ਹੋਇਆ ਹੈ, ਨਾ ਹੁਣ ਹੈ ਤੇ ਨਾ ਅੱਗੇ ਨੂੰ ਹੋਣਾ ਹੈ, ਨਾ ਹੋਏਗਾ। ਇਥੇ ਆਦਿ ਵੀ ਸੱਚ ਹੈ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਇਸ ਦੇ ਅਰਥ ਗਲਤ ਲਾ ਲੈਂਦੇ ਨੇ ਕਿਉਂਕਿ ਅਨੁਭਵ ਦੀ ਉਡਾਰੀ ਹੈ ਨਹੀਂ। ਉਹ ਏਹੀ ਕਹਿਣਗੇ ਕਿ ਵਾਹਿਗੁਰੂ ਪਹਿਲਾਂ ਵੀ ਸੱਚ ਸੀ, ਹੁਣ ਵੀ ਸੱਚ ਹੈ, ਫੇਰ ਵੀ ਸੱਚ ਹੋਊ ਜਦੋਂ ਕੁਝ ਨਹੀਂ ਹੋਏਗਾ ਉਦੋਂ ਵੀ ਸੱਚ ਹੋਏਗਾ। ਇਹ ਨਹੀਂ ਹੈ ਇਸ ਦਾ ਮਤਲਬ। ਇਸ ਦਾ ਮਤਲਬ ਹੈ ਵਾਹਿਗੁਰੂ ਆਪ ਹੀ ਹੈ ਇਥੇ ਕੁਝ ਹੋਰ ਹੈ ਹੀ ਨਹੀਂ। ਜੋ ਕੁਝ ਤੁਹਾਨੂੰ ਦਿਸਦਾ ਹੈ, ਜੋ ਕੁਝ ਤੁਹਾਨੂੰ ਸੁਣਦਾ ਹੈ ਇਸ ਦੇ ਵਿਚ ਨੀਵੇ ਪੱਧਰ ਤੇ ਤਾਂ ਗੱਲਾਂ ਕਰਨ ਵਾਸਤੇ ਤਾਂ ਹੋਰ ਚੀਜ਼ ਹੈ ਲੇਕਿਨ ਜਦੋਂ ਤੱਤ ਦੇ ਵਿਚ ਸਾਰ ਤੱਤ ਆ ਜਾਂਦੀ ਹੈ ਉਥੇ ਇਹ ਆਉਂਦਾ ਹੈ ਕਿ ਇਥੇ ਪ੍ਰਮੇਸ਼ਰ ਬਿਨਾਂ ਹੋਰ ਕੁਝ ਨਹੀਂ ਹੈ।

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ .............॥***
***ਪੰਨਾ – 922***

ਆਹ ਵਿਸ਼ਵ ਹੈ ਨਾ ਜਿਹੜਾ ਸਾਰਾ ਅੱਖਾਂ ਦੇ ਨਾਲ ਦੇਖਦੇ ਹਾਂ ਅਸੀਂ। ਸਭ ਚੀਜ਼ ਦੇਖਦੇ ਹਾਂ। ਮਹਾਰਾਜ ਕਹਿੰਦੇ ਇਹ ਰੂਪ ਨਹੀਂ ਹੈ ਇਨ੍ਹਾਂ ਦਾ –

***.................. ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥ ਪੰਨਾ – 922***

ਨਾਲ ਗਵਾਹੀ ਦਿੰਦੇ ਨੇ ਕਿ ਅਸੀਂ ਤਾਂ ਅੱਖਾਂ ਨਾਲ ਦੇਖ ਕੇ ਤੁਹਾਨੂੰ ਗੱਲ ਕਰ ਰਹੇ ਹਾਂ। ਇਹ ਹੈ 'ਸਾਰ ਮੱਤ'। ਮਹਾਰਾਜ ਕਹਿੰਦੇ ਸਾਰ ਮੱਤ ਲਓ। ਹੰਗਤਾ ਤੇ ਮਮਤਾ ਨੂੰ ਜਾਲ ਦਿਓ।

ਕਹਿੰਦੇ, "ਫੇਰ ਇਥੇ ਤੱਕ ਪਹੁੰਚਦਾ ਕਿਵੇਂ ਹੈ?"

*ਕਹਿੰਦੇ –"ਭਾਉ ਕਲਮ ਕਰਿ .............॥*

*ਪੰਨਾ – 16*

"ਪਿਆਰ ਦੀ ਕਲਮ ਬਣਾ। ਪਿਆਰ ਤੋਂ ਬਿਨਾ ਨਹੀਂ।"

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ॥*

*ਤ੍ਵਪ੍ਰਸਾਦਿ ਸ੍ਵਯੇ*

ਤੇ ਕਲਮ ਤਾਂ ਬਣ ਗਈ, ਕਹਿੰਦੇ, ਲਿਖਾਰੀ?

*ਕਹਿੰਦੇ, ਭਾਉ ਕਲਮ ਕਰਿ ਚਿਤੁ ਲੇਖਾਰੀ ........॥*

*ਪੰਨਾ – 16*

ਫੇਰ ਕਹਿੰਦਾ, "ਮਹਾਰਾਜ ਅਧਿਆਪਕ ਕਿਹੜਾ ਹੈ?"

ਕਹਿੰਦੇ –

*.......... ਗੁਰ ਪੁਛਿ ਲਿਖੁ ਬੀਚਾਰੁ॥ ਪੰਨਾ – 16*

ਗੁਰੂ ਨੂੰ ਮਿਲ ਸਮਰੱਥ ਗੁਰੂ ਨੂੰ।

ਕੱਚੇ ਪੱਕੇ ਆਹ ਸੰਤਾਂ ਤੋਂ ਹੁਣੇ ਸੁਣਿਆ ਹੈ ਤੁਸੀਂ। 5–6 ਕਿਸਮਾਂ ਹੁੰਦੀਆਂ ਨੇ ਗੁਰੂਆਂ ਦੀਆਂ –

*ਕਾਚੇ ਗੁਰ ਤੇ ਮੁਕਤਿ ਨ ਹੂਆ॥ ਪੰਨਾ – 932*

ਕੱਚਾ ਗੁਰੂ ਤਾਂ ਮੁਕਤੀ ਕਰ ਹੀ ਨਹੀਂ ਸਕਦਾ। ਇਹ ਗੁਰਮਤਿ ਦਾ ਸਿਧਾਂਤ ਹੈ।

ਬੜੀ ਦੇਰ ਦੀ ਗੱਲ ਹੈ ਜਦੋਂ 1900 ਸੰਮਤ ਸ਼ੁਰੂ ਹੋਇਆ ਰੋਪੜ ਵਿਚ ਇਕ ਮਸਤ ਮਸਤ ਜਿਹਾ ਸੀ। ਉਸ ਦੇ ਪਿੰਡ ਦਾ ਤਾਂ ਪਤਾ ਨਹੀਂ ਕਿ ਕਿਹੜੇ ਪਿੰਡ ਦਾ ਸੀ ਪਰ ਇਹ ਪਤਾ ਹੈ ਕਿ ਰੋਪੜ ਦੇ ਪਿੰਡਾਂ ਵਿਚ ਘੁੰਮਦਾ ਹੁੰਦਾ। ਇਧਰ ਵੀ ਦੂਰ ਤੱਕ ਆ ਜਾਂਦਾ ਸੀ। ਕਛਹਿਰਾ ਹੀ ਹੁੰਦਾ ਉਸ ਦੇ ਤੇੜ ਤੇ ਉਹ ਗਲੀਆਂ ਵਿਚ ਘੁੰਮਦਾ ਰਹਿੰਦਾ ਤੇ ਆ ਗਈ, ਆ ਗਈ, ਆ ਗਈ, ਆ ਗਈ ਇਸ ਤਰ੍ਹਾਂ ਕਰੀ ਜਾਂਦਾ ਹੁੰਦਾ।

ਉਹ 10–12 ਸਾਲ ਕਰੀ ਗਿਆ, ਕਿਸੇ ਦੀ ਸਮਝ ਵਿਚ ਨਾ ਆਵੇ ਕਿ ਆ ਗਈ, ਆ ਗਈ ਕਰਦਾ ਹੈ ਕੀ ਆ ਗਈ? ਉਥੇ ਬਿਮਾਰੀ ਪੈ ਗਈ। ਪਹਿਲਾਂ ਪਲੇਗ ਪੈਂਦੀ ਸੀ ਨਾਲ ਤਪਕਾਲੀ ਪੈ ਜਾਂਦੀ ਸੀ, ਬੁਖਾਰ ਹੋ ਜਾਣਾ ਜਾਂ ਹੈਜ਼ਾ ਹੀ ਫੈਲ ਜਾਣਾ, ਇਲਾਜ ਹੈ ਨਹੀਂ ਸੀ। ਪਿੰਡਾਂ ਦੇ ਪਿੰਡ ਖਾਲੀ ਹੋਣੇ ਸ਼ੁਰੂ ਹੋ ਗਏ। ਪਲੇਗ ਪੈ ਗਈ। ਲੋਕਾਂ ਨੇ ਅਰਥ ਕੱਢ ਲਿਆ ਕਿ ਇਹ ਆ ਗਈ–ਆ ਗਈ ਕਹਿੰਦਾ ਸੀ ਕਿ ਬਿਮਾਰੀ ਆ ਗਈ। 10–12 ਸਾਲ ਪਹਿਲਾਂ ਹੀ ਕਹਿਣ ਲੱਗ ਗਿਆ।

ਉਸ ਦੀ ਬੜੀ ਮਾਨਤਾ ਸ਼ੁਰੂ ਹੋ ਗਈ। ਉਹ ਐਨਾ ਮਸਤ ਨਹੀਂ ਸੀ। ਜਦੋਂ ਉਸਨੇ ਦੇਖਿਆ ਕਿ ਮੇਰੀ ਮਾਨਤਾ ਸ਼ੁਰੂ ਹੋ ਗਈ ਫੇਰ ਉਸ ਨੇ ਬਹੁਤ ਵਧੀਆ ਕੱਪੜੇ ਪਾ ਲਏ।

ਇਲਾਕਾ ਇਥੋਂ ਤੱਕ ਚਲਿਆ ਗਿਆ ਕਿ ਅਨੰਦਪੁਰ ਸਾਹਿਬ ਜਾ ਕੇ ਕਹਿਣ ਲੱਗਿਆ ਕਿ ਮੈਂ ਗੁਰੂ ਗੋਬਿੰਦ ਸਿੰਘ ਆ ਗਿਆ ਤੇ ਹੁਣ ਮੈਂ ਤਖਤ ਤੇ ਬੈਠਣਾ ਹੈ। ਕੇਸਗੜ੍ਹ ਤਖਤ ਤੇ ਬੈਠਣ ਨੂੰ ਤਿਆਰ ਹੋ ਗਿਆ। ਬੰਦੇ ਰਲਾ ਲਏ ਨਾਲ, ਬਰਛੇ ਵਗੈਰਾ ਦੇ ਦਿੱਤੇ, ਪੰਜ ਪਿਆਰੇ ਬਣਾ ਲਏ ਸਭ ਕੁਝ ਕਰ ਲਿਆ। ਇਕੱਲਾ–ਦੁਕੱਲਾ ਉਸ ਦੇ ਅੱਗੇ ਕੋਈ ਆਵੇ ਨਾ ਉਦੋਂ ਲਹਿਰਾਂ ਆਦਿ ਅਜੇ ਮਾੜੀਆਂ–ਮਾੜੀਆਂ ਸੀ, ਚੰਗੀ ਤਰ੍ਹਾਂ ਨਹੀਂ ਸੀ ਚੱਲੀਆਂ। ਆਮ ਲੋਕ ਇਸੇ ਖਿਆਲ ਵਿਚ ਰਹਿੰਦੇ ਸੀ ਕਿ ਸਿੱਖ ਹੋਰ ਨੇ, ਅਸੀਂ ਹੋਰ ਹਾਂ। ਆਪਣੇ ਪਿੰਡ ਵਿਚ ਵੀ ਇਸੇ ਤਰ੍ਹਾਂ ਸੀ ਮੈਂ ਜਦੋਂ ਛੋਟਾ ਸੀ।

ਸੋ ਉਹ ਜੋ ਪੂਰੀ ਤਾਕਤ ਵਿਚ ਆ ਗਿਆ। ਮਹਾਰਾਜਿਆਂ ਨੂੰ ਚਿੱਠੀਆਂ ਲਿਖੀਆਂ। ਮਹਾਰਾਜਾ ਪਟਿਆਲਾ ਨੂੰ ਮਹਾਰਾਜਾ ਨਾਭਾ ਨੂੰ, ਮਹਾਰਾਜਾ ਜੀਂਦ ਨੂੰ, ਸੰਗਰੂਰ ਨੂੰ ਸਾਰਿਆਂ ਨੂੰ ਲਿਖੀਆਂ। ਇਨ੍ਹਾਂ ਨੂੰ ਕਲਸੀਆਂ ਨੂੰ ਵੀ ਕਿ ਅਸੀਂ ਵਾਅਦਾ ਕਰਿਆ ਸੀ ਕਿ ਅਸੀਂ ਆਵਾਂਗੇ, ਮੈਂ ਆ ਗਿਆ ਹੁਣ। ਕਹਿੰਦਾ ਮੈਂ ਗੁਰੂ ਦਸਵੇਂ ਪਾਤਸ਼ਾਹ ਆ ਗਿਆ। ਹੁਣ ਦੇਖੋ ਜਿਹੜੇ ਸਾਡੇ ਸਾਹਿਬਜ਼ਾਦੇ ਸੀ ਜਦੋਂ ਸ਼ਹੀਦ ਹੋ ਗਏ, ਪਰਿਵਾਰ ਸਾਡਾ ਜਾ ਚੁਕਿਆ ਹੈ ਤੇ ਮੈਂ ਹੁਣ ਆ ਗਿਆ ਹਾਂ ਹੁਣ ਮੈਂ ਗ੍ਰਹਿਸਤ ਦਾ ਜੀਵਨ ਬਤੀਤ ਕਰਾਂਗਾ ਤੇ ਰਾਜਿਆਂ ਨੂੰ ਮੈਂ ਚਿੱਠੀ ਲਿਖਦਾ ਹਾਂ ਕਿ ਮੇਰਾ ਰਿਸ਼ਤਾ ਕਰੋ, ਆਪਣੀਆਂ ਲੜਕੀਆਂ ਵਿਆਹੋ ਮੇਰੇ ਨਾਲ। ਪਟਿਆਲੇ ਵਾਲਾ ਰਾਜਾ ਤਾਂ ਚੁਪ ਰਿਹਾ ਪਰ ਨਾਭੇ ਵਾਲਾ ਜਿਹੜਾ ਰਾਜਾ ਸੀ ਹੀਰਾ ਸਿੰਘ ਉਹ ਬਹੁਤ ਸਿਆਣਾ ਸੀ। ਉਹ ਹਰ ਸੰਤ ਦੀ ਪ੍ਰੀਖਿਆ ਲੈਂਦਾ ਸੀ ਤਾਂ ਮੰਨਦਾ ਸੀ, ਨਹੀਂ ਮੰਨਦਾ ਨਹੀਂ ਸੀ। ਉਸ ਦੀ ਪ੍ਰਖਿਆ ਵਿਚ ਸੰਤ ਮਹਾਰਾਜ ਮਸਤੂਆਣੇ ਵਾਲੇ ਹੀ ਪੂਰੇ ਉਤਰੇ ਸੀ। ਉਹ ਹਰ ਸੰਤ ਨੂੰ ਪੈਰੋਂ ਫੜ ਲੈਂਦਾ ਸੀ।

ਉਸ ਨੇ ਕਿਹਾ ਕਿ ਇਹ ਪਖੰਡੀ ਪੈਦਾ ਹੋ ਗਿਆ ਹੈ ਤੇ ਕੇਸਗੜ੍ਹ ਤਖਤ ਤੇ ਬੈਠ ਰਿਹਾ ਹੈ ਤੇ ਇਹ ਤਾਂ ਬੜੀ ਗਲਤ ਬਾਤ ਹੋ ਗਈ। ਆਪਣਾ ਵਜ਼ੀਰ ਭੇਜ ਦਿੱਤਾ ਸਰੋਪਾ ਦੇ ਕੇ ਕਿ ਮਹਾਰਾਜ ਰਿਸ਼ਤਾ ਹੋ ਜਾਏਗਾ ਤੁਸੀਂ ਨਾਭੇ ਦਰਸ਼ਨ ਦੇਵੋ। ਬੜੀ ਖੁਸ਼ੀ ਹੋਈ ਉਸ ਦੇ ਮਨ ਵਿਚ ਤੇ 500 ਤਿਆਰ ਬਰ ਤਿਆਰ ਸਿੰਘ ਬਰਛੇ, ਤਲਵਾਰਾਂ ਲਈਆਂ ਹੋਈਆਂ ਸਭ ਆਏ ਘੋੜਿਆਂ ਤੇ ਚੜ੍ਹੇ। ਕਹਿੰਦਾ ਇਕ ਵਾਰੀ ਦਰਸ਼ਨ ਦੇ ਜਾਓ ਮੈਂ ਰਾਜ ਭਾਗ ਵਿਚੋਂ ਨਿਕਲ ਨਹੀਂ ਸਕਦਾ, ਤੁਸੀਂ ਹੀ ਦਰਸ਼ਨ ਦੇ ਜਾਓ।

ਆਪਣੇ ਬਾਗ ਵਿਚ ਉਸ ਦਾ ਉਤਾਰਾ ਕਰ ਦਿੱਤਾ। ਖਾਣਾ ਪੀਣਾ ਸਭ ਜਾ ਰਿਹਾ ਹੈ ਤੇ ਅਖੀਰ ਉਸ ਨੇ ਦੇਖ ਲਿਆ ਕਿ ਇਹ ਸਾਧ ਜਾਂ ਗੁਰੂ ਕੋਈ ਨਹੀਂ ਹੈ, ਇਹ ਤਾਂ ਬਿਲਕੁਲ ਹੀ ਕੱਚਾ ਬੰਦਾ ਹੈ ਤੇ ਗੁਰੂ ਬਣਦਾ ਹੈ, ਗੁਰੂਆਂ ਵਾਲੀ ਤਾਂ ਕੋਈ ਖੂਬੀ ਹੀ ਨਹੀਂ ਹੈ ਇਸ ਦੇ ਵਿਚ।

ਉਸ ਵੇਲੇ ਉਸ ਨੇ ਸੁਨੇਹਾ ਭੇਜਿਆ ਕਿ ਮਹਾਰਾਜ ਤੁਸੀਂ ਅੱਜ ਜਿਥੇ ਮੈਂ ਅਦਾਲਤ ਲਾਉਂਦਾ ਹਾਂ ਉਥੇ ਦਰਸ਼ਨ

ਦਿਓ ਤਾਂਕਿ ਅਸੀਂ ਗੱਲ ਬਾਤ ਕਰ ਲਈਏ ਸਾਰੀ। ਇਹ ਚੁਪ ਕਰਕੇ ਪੰਜ ਸਿੰਘ ਲੈ ਕੇ ਮਹਾਰਾਜੇ ਦੀ ਕਚਹਿਰੀ ਦੇ ਸਾਹਮਣੇ, ਉਨ੍ਹਾਂ ਨੇ ਕੁਰਸੀਆਂ ਡਾਹ ਦਿੱਤੀਆਂ, ਬੈਠਾ ਰਿਹਾ, ਸਾਰਾ ਦਿਨ ਬੈਠਾ ਰਿਹਾ। ਇਕ ਵਾਰੀ ਉਸ ਨੇ ਪਾਣੀ ਵਗੈਰਾ ਪੁਛ ਕੇ ਮੁੜ ਕੇ ਪੁਛਿਆ ਹੀ ਨਾ। ਉਹ ਦੇਖਦੇ ਸੀ ਕਿ ਇਸ ਦੇ ਵਿਚ ਸਾਧਪੁਣਾ ਵੀ ਹੈ ਕਿ ਐਵੇਂ ਹੀ ਹੈ।

ਜਦੋਂ ਸ਼ਾਮ ਹੋ ਗਈ ਤਾਂ ਮਹਾਰਾਜਾ ਹੀਰਾ ਸਿੰਘ ਕਹਿੰਦਾ ਕਿ ਗੁਰੂ ਸਾਹਿਬ ਨੂੰ ਕਹਿ ਦੇਵੋ ਕਿ ਅੱਜ ਤਾਂ ਮੈਨੂੰ ਵਿਹਲ ਨਹੀਂ ਮਿਲਿਆ, ਕੱਲ੍ਹ ਨੂੰ ਦਰਸ਼ਨ ਦੇਣ। ਉਹ ਦੂਜੇ ਦਿਨ ਫੇਰ ਆ ਕੇ ਬੈਠਾ ਰਿਹਾ ਸਾਰਾ ਦਿਨ। ਫੇਰ ਸੁਨੇਹਾ ਭੇਜ ਦਿੱਤਾ ਕਿ ਕੱਲ੍ਹ ਨੂੰ ਅਸੀਂ ਸ਼ਗਨ ਪਾਵਾਂਗੇ ਉਥੇ ਹੀ ਰਹਿਣ ਬਾਗ ਵਿਚ ਹੀ।

ਉਸ ਵੇਲੇ ਫੌਜੀ ਜਰਨੈਲ ਨੂੰ ਬੁਲਾਇਆ ਤੇ ਕਿਹਾ ਕਿ ਇਸ ਨੂੰ ਨਿਕਲਣ ਨਹੀਂ ਦੇਣਾ, ਪਖੰਡੀ ਹੈ ਇਹ, ਭੁਚਾਲ ਪੁਆ ਦਿੱਤਾ ਇਸ ਨੇ ਸਿੱਖ ਪੰਥ ਦੇ ਵਿਚ, ਦੁਨੀਆਂ ਅੰਨ੍ਹੇ ਵਾਹ ਇਸ ਦੇ ਪਿਛੇ ਲੱਗੀ ਤੁਰੀ ਫਿਰਦੀ ਹੈ।

ਬਾਗ ਵਿਚ ਜਦੋਂ ਰਾਜਾ ਗਿਆ ਹੈ ਤਾਂ ਐਵੇਂ ਹੀ ਝੂਠੇ ਸਰੋਪੇ ਬਣਾ ਲਏ, ਕੋਈ ਗੱਲ ਨਾ, ਬਾਤ ਨਾ ਕੱਪੜਿਆਂ ਨਾਲ ਟੋਕਰੇ ਵਗੈਰਾ, ਥਾਲ ਆਦਿ ਢੱਕ ਦਿੱਤੇ। ਇਸ ਨੇ ਸੋਚਿਆ ਕਿ ਲੈ ਬਈ! ਆ ਗਿਆ ਸ਼ਗਨ।

ਇਹ ਤਖਤ ਲਾ ਕੇ ਬੈਠਾ ਹੈ, ਚਉਰ ਹੋ ਰਿਹਾ ਹੈ, ਪੰਜ ਪਿਆਰੇ ਖੜ੍ਹੇ ਨੇ। ਉਥੇ ਜਦੋਂ ਮਹਾਰਾਜ ਗਿਆ ਤਾਂ ਉਸ ਨੇ ਇਸ਼ਾਰਾ ਕਰ ਦਿੱਤਾ ਆਪਣੀ ਫੌਜ ਨੂੰ ਤਾਂ ਉਹ ਡੰਡੇ ਲੈ ਕੇ ਇਨ੍ਹਾਂ ਦੇ ਮਗਰ ਪੈ ਗਏ। ਜਦੋਂ ਕੁਟਾਈ ਸ਼ੁਰੂ ਹੋਈ ਤਾਂ ਜਿਹੜੇ ਨਾਲ ਸੀ 500 ਬੰਦੇ ਉਨ੍ਹਾਂ ਦਾ ਤਾਂ ਪਤਾ ਹੀ ਨਹੀਂ ਲੱਗਿਆ ਤੇ ਪੰਜ ਪਿਆਰੇ ਉਥੇ ਹੀ ਬਰਛੇ ਬੁਰਛੇ ਧਰ ਕੇ ਨੱਠ ਗਏ। ਇਹ ਇਕੱਲਾ ਕਾਬੂ ਆ ਗਿਆ।

ਜਦੋਂ ਉਸ ਦੀ ਖੜਕਾਈ ਹੋਈ। ਉਹ ਕਹਿੰਦੇ ਸਹੀ-ਸਹੀ ਗੱਲ ਕਰ। ਕਹਿੰਦਾ ਮੈਂ ਤਾਂ ਕੁਝ ਨਹੀਂ ਲੋਕ ਮੈਨੂੰ ਮੰਨਣ ਲੱਗ ਪਏ ਸੀ ਤੇ ਮੈਂ ਸੋਚਿਆ ਇਸ ਦਾ ਫਾਇਦਾ ਹੀ ਉਠਾ ਲਵਾਂ।

ਉਹ ਕੱਚਾ ਗੁਰੂ ਸੀ। ਗੁਰੂ ਦੀ ਨਿਸ਼ਾਨੀ ਇਹ ਨਹੀਂ ਹੋਇਆ ਕਰਦੀ। ਗੁਰੂ ਜਿਹੜਾ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਦਸ਼ਮੇਸ਼ ਪਿਤਾ ਤੱਕ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ। ਇਹ ਕੇਵਲ ਗੁਰੂ ਨਹੀਂ ਹਨ ਇਹ ਗੁਰੂ ਅਵਤਾਰ ਨੇ-

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***

***ਪੰਨਾ - 1396***

ਸਾਕਾਰ ਰੂਪ ਧਾਰ ਕੇ ਪ੍ਰਮੇਸ਼ਰ ਸੰਸਾਰ ਦੇ ਵਿਚ ਸਾਡੀ ਕਲਿਆਣ ਵਾਸਤੇ 10 ਜਾਮੇ ਉਸ ਨੇ ਲਏ ਤੇ ਫੇਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਸ਼ਬਦ' ਦੇ ਅੰਦਰ ਲੁਪਤ ਹੋ ਗਏ।

ਜੋ ਬਾਕੀ ਗੁਰੂ ਨੇ ਉਨ੍ਹਾਂ ਨਾਲ ਸਾਡਾ ਵਿਰੋਧ ਨਹੀਂ ਹੈ। ਅਸੀਂ ਐਵੇਂ ਹੀ ਲੜਦੇ ਹਾਂ ਖਾਹਮਖਾਹ ਹੀ। ਉਹ ਗੁਰੂ ਹਨ। ਗੁਰੂ ਤਾਂ ਆਹ ਉਤਰ ਪ੍ਰਦੇਸ਼ ਵਿਚ ਮਾਸਟਰ ਜੀ ਕਿਸੇ ਨੂੰ ਕਹਿੰਦੇ ਹੀ ਨਹੀਂ ਹਨ, ਉਥੇ ਗੁਰੂ ਜੀ ਕਹਿੰਦੇ ਨੇ। ਬੱਚੇ ਉਥੇ ਪੜ੍ਹਦੇ ਸੀ ਉਹ ਆਹੀ ਗੱਲ ਕਹੀ ਜਾਇਆ ਕਰਨ ਕਿ ਮੇਰੇ ਹਿਸਾਬ ਦੇ ਗੁਰੂ ਜੀ ਨੇ ਆਹ, ਮੇਰੇ ਅੰਗ੍ਰੇਜ਼ੀ ਦੇ ਗੁਰੂ ਜੀ ਨੇ। ਮੈਂ ਕਿਹਾ, "ਤੁਸੀਂ ਮਾਸਟਰ ਜੀ ਨਹੀਂ ਕਹਿੰਦੇ।"

ਕਹਿੰਦੇ, "ਅਸੀਂ ਗੁਰੂ ਜੀ ਹੀ ਕਹਿੰਦੇ ਹਾਂ ਸਾਰੇ।"

ਜਿਹੜਾ ਵਿਦਿਆ ਦਿੰਦਾ ਹੈ ਉਹ ਵੀ ਗੁਰੂ ਹੈ। ਜਦੋਂ ਕਾਰ ਸਿਖਾਉਣ ਲੱਗ ਗਿਆ ਤਾਂ ਕਹਿੰਦੇ ਤੇਰਾ ਕਿਹੜਾ ਗੁਰੂ ਹੈ। ਕਹਿੰਦਾ ਮੈਂ ਤਾਂ ਫਲਾਣਾ ਗੁਰੂ ਧਾਰਿਆ ਹੈ। ਨਾਲੇ ਦਸਤਾਰ ਦਿੰਦੇ ਨੇ ਤੇ ਨਾਲੇ ਉਤੇ ਸਵਾ ਰੁਪਈਆ ਧਰਦੇ ਨੇ, ਕੋਈ ਵੀ ਕੰਮ ਬਿਜਲੀ ਦਾ ਸਿੱਖਣ ਭੇਜਦੇ, ਵੈਲਡਿੰਗ ਸਿੱਖਣ ਭੇਜਦੇ ਕਹਿੰਦੇ ਗੁਰੂ ਧਾਰ, ਗੁਰੂ ਧਾਰ ਕੇ ਉਸ ਦੀ ਜ਼ਿੰਮੇਵਾਰੀ ਹੋ ਜਾਂਦੀ ਸੀ। ਇਸੇ ਤਰ੍ਹਾਂ ਦੇ ਨਾਲ ਰੂਹਾਨੀਅਤ ਦੇ ਅੰਦਰ ਗੁਰੂ ਦਾ ਰਿਵਾਜ਼ ਸੀ। ਉਹ ਗੁਰੂ, ਗੁਰੂ ਪ੍ਰਮੇਸ਼ਰ ਨਹੀਂ ਸੀ ਲੇਕਿਨ ਇਥੋਂ ਸਾਧਨਾ ਕਰਕੇ, ਕਿਸੇ ਮਹਾਂਪੁਰਸ਼ ਦੀ ਸੰਗਤ ਕਰਕੇ ਉਸ ਦੇ ਅੰਦਰੋਂ ਅਗਿਆਨ ਦਾ ਅਧੇਰਾ ਦੂਰ ਹੋਇਆ ਤੇ ਉਸਨੂੰ ਗੁਰੂ ਪਦਵੀ ਪ੍ਰਾਪਤ ਹੋ ਗਈ।

ਹੁਣ ਗੁਰੂ ਦੀ ਨਿਸ਼ਾਨੀ ਕੀ ਹੈ? ਜੇ ਤਾਂ ਗੁਰੂ ਉਹ ਨਿਸ਼ਾਨੀਆਂ ਪੂਰੀਆਂ ਕਰਦੇ ਨੇ, ਸਾਡਾ ਮਸਤਕ ਨਿਵਦਾ ਹੈ ਉਨ੍ਹਾਂ ਨੂੰ। ਜੇ ਉਹ ਨਹੀਂ ਪੂਰੀਆਂ ਕਰਦੇ ਤੇ ਧੋਖਾ ਹੀ ਹੈ ਸਾਰਾ, ਫੇਰ ਮਾੜੀ ਗੱਲ ਹੈ। ਫੇਰ ਤਾਂ ਆਪ ਵੀ ਨਰਕਾਂ ਨੂੰ ਜਾਣਗੇ ਤੇ ਚੇਲੇ ਵੀ ਨਰਕਾਂ ਨੂੰ ਜਾਣਗੇ। ਗੁਰੂ ਦੀ ਨਿਸ਼ਾਨੀ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***

***ਪੰਨਾ - 1291***

ਇਸ ਸਰੀਰ ਦੇ ਅੰਦਰ ਵਾਹਿਗੁਰੂ ਦਾ ਘਰ ਹੈ, ਇਕ ਜੀਵ ਆਤਮਾ ਦਾ ਘਰ ਹੈ। ਨਕਲੀ ਘਰ ਹੈ, ਪਰਛਾਵਾ ਪੈਂਦਾ ਹੈ ਉਸ ਦਾ ਜਿਵੇਂ ਦਰਬਾਰ ਸਾਹਿਬ ਦਾ ਪਰਛਾਵਾ ਸਰੋਵਰ ਵਿਚ ਪੈਂਦਾ ਹੈ। ਉਹ ਪ੍ਰਤੱਖ ਲਗਦਾ ਹੈ ਜੇ ਟਿਕਿਆ ਹੋਇਆ ਹੋਵੇ ਕਿ ਇਕ ਦਰਬਾਰ ਸਾਹਿਬ ਉਤੇ ਹੈ, ਇਕ ਹੇਠਾਂ ਹੈ।

ਇਸੇ ਤਰ੍ਹਾਂ ਜਿਹੜਾ ਪ੍ਰਮੇਸ਼ਰ ਸਾਡੇ ਅੰਦਰ ਵਸ ਰਿਹਾ ਹੈ ਨਾ। ਉਸ ਦੀ ਸੱਤ੍ਹਾ ਪੈਂਦੀ ਹੈ ਸਰੀਰ ਦੇ ਅੰਦਰ ਉਥੇ ਇਕ ਭਾਵਨਾ ਜਾਗ ਪੈਂਦੀ ਹੈ, "ਮੈਂ ਹਾਂ" ਉਸ ਨੂੰ ਜੀਵ ਕਹਿੰਦੇ ਨੇ 'ਮੈਂ ਹਾਂ' ਦਰਅਸਲ ਕੁਝ ਵੀ ਨਹੀਂ, ਇਕ ਪਰਛਾਵਾਂ ਹੈ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***

***ਪੰਨਾ - 550***

ਉਹ ਸੈਰਾਂ ਕਰਨ ਵਾਲਾ –

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਪੰਨਾ – 66***

ਉਹ ਪਰਛਾਵਾਂ ਜਿਥੇ ਪੈਂਦਾ ਹੈ ਉਸ ਦਾ ਜਿੰਨਾ ਚਿਰ ਸਾਨੂੰ ਗਿਆਨ ਨਹੀਂ ਹੁੰਦਾ, ਅਸੀਂ ਉਸਨੂੰ ਆਪਣਾ ਘਰ ਕਹਾਂਗੇ ਲੇਕਿਨ ਅਸੀਂ ਜਿਹੜਾ abode of God (ਪ੍ਰਭੂ ਦਾ ਘਰ) ਇਸ ਸਰੀਰ ਵਿਚ ਹੈ ਵਾਹਿਗੁਰੂ ਦਾ ਆਸਣ ਲੱਗਿਆ ਹੋਇਆ, ਉਸਨੂੰ ਜਾਣਨਾ ਹੈ।

ਕੱਲ੍ਹ ਮੈਂ ਬੜੇ ਵਿਸਥਾਰ ਨਾਲ ਇਹ ਗੱਲ ਦੱਸੀ ਸੀ ਕਿ ਉਥੇ ਤੱਕ ਪਹੁੰਚ ਕਿਵੇਂ ਹੁੰਦਾ ਹੈ? ਉਹ ਦਰਵਾਜ਼ੇ ਜਿਹੜੇ ਗਿਆਨ ਦੇ, ਆਸਾ ਤੇ ਅੰਦੇਸ਼ਾ ਦੇ ਲੱਗੇ ਹੋਏ ਨੇ, ਬਜਰ ਕਪਾਟ ਉਹ ਖੁਲ੍ਹਦੇ ਕਿਵੇਂ ਨੇ? ਬਹੁਤ ਲੰਮੀ ਚੌੜੀ ਵਿਆਖਿਆ ਕਰੀ ਸੀ। ਜਿਹੜਾ ਵਾਹਿਗੁਰੂ ਦੇ ਘਰ ਨੂੰ ਦਿਖਾ ਦੇਵੇ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਨਾ – 1291***

ਜੇ ਐਵੇਂ ਹੀ ਝੂਠਾ ਹੀ ਕਹਿ ਦੇਵੇ। ਮਹਾਰਾਜ ਕਹਿੰਦੇ ਉਥੇ ਨਿਸ਼ਾਨੀਆਂ ਨੇ –

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਪੰਨਾ – 1291***

ਉਹ ਹੈਰਾਨੀ ਦਾ ਮੰਡਲ ਹੈ। 7 ਮੰਡਲ ਹੋਇਆ ਕਰਦੇ ਨੇ ਸਾਧ ਸੰਗਤ ਜੀ! ਇਹ ਗੱਲਾਂ ਬੜੀਆਂ ਗਹਿਰੀਆਂ ਹੋਇਆ ਕਰਦੀਆਂ ਨੇ, ਜਗਿਆਸੂਆਂ ਨਾਲ ਹੋਣ ਵਾਲੀਆਂ ਹੋਇਆ ਕਰਦੀਆਂ ਨੇ, ਸੰਗਤ ਨੂੰ ਸਮਝਾ ਤਾਂ ਦੇਈਦੀਆਂ ਨੇ ਲੇਕਿਨ ਉਨ੍ਹਾਂ ਦੇ ਕੰਮ ਨਹੀਂ ਆਉਂਦੀਆਂ ਕਿਉਂਕਿ ਪਹਿਲੀ ਜਿਹੜੀ ਮੰਜ਼ਲ ਹੁੰਦੀ ਹੈ ਉਸ ਨੂੰ ਮੰਜ਼ਲ-ਏ-ਤਲਾਸ਼ ਕਹਿੰਦੇ ਨੇ।

ਬਾਬੇ ਫਰੀਦ ਨੇ 36 ਸਾਲ ਤਲਾਸ਼ ਕਰਿਆ। ਬੜੀ ਦੇਰ ਤੱਕ ਰਿਹਾ ਤਲਾਸ਼ ਦੀ ਮੰਡਲ ਤੋਂ ਉਪਰ ਲੰਘਿਆ ਹੀ ਨਾ ਕਿਉਂਕਿ ਅਜੇ ਗੁਰੂ ਨਹੀਂ ਸੀ ਧਾਰਿਆ।

ਜਿਹੜੀ ਦੂਸਰੀ ਮੰਜ਼ਲ ਹੈ ਉਹ ਪਿਆਰ ਦੀ ਮੰਜ਼ਲ ਹੈ। ਪਿਆਰ ਤਾਂ ਧਾਰ ਹੋਏਗਾ ਜੇ ਗੁਰੂ ਹੈ। ਜੇ ਗੁਰੂ ਹੀ ਨਹੀਂ ਹੈ ਤਾਂ ਪਿਆਰ ਕਿਸ ਦੇ ਨਾਲ ਕਰੇਗਾ? ਜਦੋਂ ਉਸ ਨੇ ਮੁਰਸ਼ਦ ਧਾਰਨ ਕਰ ਲਿਆ ਬਖਤਿਆਰ ਕਾਕੀ ਨੂੰ ਫੇਰ ਉਸ ਦੇ ਪਿਆਰ ਵਿਚ ਉਚਾ ਉਠਿਆ। ਉਸ ਦੂਸਰੀ ਮੰਜ਼ਲ ਨੂੰ ਵਾਦੀ-ਏ-ਇਸ਼ਕ ਕਹਿੰਦੇ ਨੇ ਵਾਦੀ-ਏ-ਪਿਆਰ। ਇਹ ਪਿਆਰ ਜਿਹੜਾ ਹੈ ਫੇਰ ਇਹ ਉਠਾਉਂਦਾ ਹੈ ਉਤੇ।

ਤੀਸਰੀ ਮੰਜ਼ਲ ਹੁੰਦੀ ਹੈ ਵਾਦੀ-ਏ-ਮਾਰਫਤ। ਗਿਆਨ ਹੋ ਜਾਂਦਾ ਹੈ ਗੱਲਾਂ ਨਾਲ, ਬਹੁਤ ਸੁਹਣੀਆਂ ਗੱਲਾਂ ਲੇਕਿਨ ਅਜੇ ਪੂਰੀ ਤਰ੍ਹਾਂ ਨਹੀਂ ਹੋਇਆ ਕਰਦਾ।

ਚੌਥੀ ਜੋ ਮੰਜ਼ਲ ਹੁੰਦੀ ਹੈ ਉਸ ਨੂੰ ਵਾਦੀ-ਏ-ਵਹਿਦੀਅਤ ਕਹਿੰਦੇ ਨੇ। ਲੀਨ ਹੋਣਾ ਸ਼ੁਰੂ ਹੋ ਜਾਂਦਾ ਹੈ ਉਸ ਦੇ ਵਿਚ।

ਜਿਹੜੀ ਪੰਜਵੀਂ ਮੰਜ਼ਲ ਹੈ ਉਹ ਲਿਵ ਦੀ ਮੰਜ਼ਲ ਕਹਾਉਂਦੀ ਹੈ। ਲਿਵ ਲੱਗ ਜਾਂਦੀ ਹੈ ਉਸ ਦੇ ਬਾਰੇ ਕੋਈ ਦਸ ਨਹੀਂ ਸਕਦਾ –

***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥***
***ਪੰਨਾ – 106***

ਜਿਹੜੀ ਛੇਵੀਂ ਮੰਜ਼ਲ ਹੈ ਉਹ ਵਾਦੀ-ਏ-ਹੈਰਾਨ ਜਾਂ ਵਾਦੀ-ਏ-ਨੀਰ ਹੋਇਆ ਕਰਦੀ ਹੈ। ਛੇਵੀਂ ਤੱਕ ਤਾਂ ਇਹ ਚੜ੍ਹ ਜਾਂਦਾ ਹੈ ਸੇਵਾ ਕਰਕੇ, ਬਾਣੀ ਪੜ੍ਹ ਕੇ, ਨਾਮ ਜਪ ਕੇ ਸਭ ਕੁਝ ਕਰ ਲੈਂਦਾ ਹੈ ਲੇਕਿਨ ਸਤਵੀਂ ਮੰਜ਼ਲ ਇਸ ਦੇ ਵਾਸਤੇ ਨਹੀਂ ਹੈ।

ਸੱਤਵੀਂ ਮੰਜ਼ਲ ਜਦੋਂ ਇਹ ਚੜ੍ਹਦਾ ਹੈ ਉਸ ਵੇਲੇ ਸਮਰੱਥ ਗੁਰੂ ਤੋਂ ਬਗੈਰ ਨਹੀਂ ਚੜ੍ਹ ਸਕਦਾ ਉਥੇ ਰੁਕ ਜਾਂਦਾ ਹੈ। ਉਸ ਨੂੰ ਵਾਦੀ-ਏ-ਫਨਾਹ ਕਹਿੰਦੇ ਨੇ, ਫਨਾਹ ਫਿੱਲਾ। ਆਪਣਾ ਸਭ ਕੁਝ ਖਤਮ ਕਰਕੇ, ਹਉਮੈ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਣਾ ਤੇ ਰੱਬ ਦੇ ਵਿਚ ਅਭੇਦ ਹੋ ਜਾਣਾ, ਰੱਬ ਦਾ ਰੂਪ ਹੋ ਜਾਣਾ –

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397***

ਉਹ ਸਾਈਂ ਬਣ ਗਿਆ, ਪ੍ਰਮੇਸ਼ਰ ਆਪ ਬਣ ਗਿਆ। ਸੰਤ ਜਿਹੜੇ ਨੇ ਉਹ ਇਸ ਅਵਸਥਾ ਵਿਚ ਰਹਿੰਦੇ ਨੇ। ਕਹਿੰਦੇ ਇਹ ਜਿਹੜਾ ਦਿਖਾ ਲਏ। ਉਥੇ ਨਿਸ਼ਾਨੀਆਂ ਨੇ।

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਪੰਨਾ – 1291***

ਹੈਰਾਨ ਦੀ, ਵਿਸਮਾਦ ਦੀ ਮੰਜ਼ਲ ਛੇਵੀਂ ਹੋਇਆ ਕਰਦੀ ਹੈ। ਹੁਣ ਛੇਵੀਂ ਵਿਚੋਂ ਜਦੋਂ ਗੁਰੂ ਲੰਘਾਉਂਦਾ ਹੈ ਫੇਰ ਜਾਂਦਾ ਕਿਥੇ ਹੈ? ਫਨਾਹ-ਏ-ਫਿੱਲਾ ਵਿਚ ਪਹੁੰਚਦਾ ਹੈ। ਉਥੇ ਨਿਸ਼ਾਨੀ ਕਹਿੰਦੇ –

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਪੰਨਾ – 1291***

ਸੱਚਾ ਤਖਤ ਜਿਹੜਾ ਹੈ ਇਸੇ ਸਰੀਰ ਵਿਚ ਲੱਗਿਆ ਹੋਇਆ ਹੈ। ਉਥੇ ਤਾਰ ਘੋਰ ਦੇ ਵਾਜੇ ਆਪਣੇ ਆਪ ਹੀ ਵਜਦੇ ਨੇ ਬਿਨਾ ਹੀ ਵਜਾਏ। ਮਹਾਰਾਜ ਕਹਿੰਦੇ ਐਥੇ ਪਹੁੰਚਣਾ ਹੈ ਪਿਆਰਿਓ! ਸਮਰੱਥ ਗੁਰੂ ਨੇ ਐਥੇ ਪਹੁੰਚਾਉਣਾ ਹੈ। ਦੂਜੇ ਨੇ ਕਰਮਕਾਂਡੀ ਬਣਾ ਦੇਣਾ ਹੈ। ਸੋ ਸਮਰੱਥ ਗੁਰੂ ਦੀ ਜੋ ਨਿਸ਼ਾਨੀ ਹੈ। ਉਹ ਸਿੱਖ ਨੂੰ ਅਭੇਦ ਅਵਸਥਾ ਵਿਚ ਪਹੁੰਚਾ ਦਿੰਦਾ ਹੈ ਤੇ ਅਭੇਦ ਅਵਸਥਾ ਵਿਚ ਉਸ ਨੂੰ ਦਿਸਦਾ ਕੀ ਹੈ? ਹਰ ਥਾਂ ਦੇ ਉਤੇ ਇਕੋ ਪ੍ਰਮੇਸ਼ਰ ਦਿਸਦਾ ਹੈ। ਹੋਰ ਨਹੀਂ ਕੋਈ ਦਿਸਦਾ।

ਸੋ ਕੱਚੇ ਗੁਰੂ, ਪੰਡਤ ਗੁਰੂ, ਅੰਨ੍ਹੇ ਗੁਰੂ, ਅਵਧੂਤ ਗੁਰੂ ਇਹ ਰਸਤਾ ਨਹੀਂ ਦਿਖਾ ਸਕਿਆ ਕਰਦੇ। ਗੱਲਾਂ ਜ਼ਰੂਰ ਜਾਣਦੇ ਨੇ, ਗੱਲਾਂ ਕਰ ਦੇਣਗੇ ਲੇਕਿਨ ਲੰਘਾ ਨਹੀਂ ਸਕਦੇ। ਜਿਹੜਾ ਸਮਰੱਥ ਗੁਰੂ ਹੈ ਉਸ ਦੇ ਵਿਚ ਸ਼ਕਤੀ ਹੁੰਦੀ ਹੈ ਪ੍ਰਮੇਸ਼ਰ ਨੂੰ ਮਿਲਾਉਣ ਦੀ। ਉਸ ਦਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਹੁੰਦਾ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ – 442***

ਸੋ ਇਸ ਕਰਕੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦੇ ਨਾਲ ਇਸ਼ਾਰਾ ਕਰਿਆ ਹੈ। ਪੜ੍ਹੋ ਪਿਆਰ ਨਾਲ –

***ਧਾਰਨਾ – ਨਿਰਵੈਰ ਨਿਰਾਲਾ ਜੀ –2, 2.***
***ਸਤਿਗੁਰ ਪੁਰਖ ਅਗੰਮ ਹੈ –2, 2.***
***ਨਿਰਵੈਰ ਨਿਰਾਲਾ ਜੀ,.............. –2.***

***ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ।***
***ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ, ਵੇਮੁਖੁ ਮੁਹ ਕਾਲਾ॥***
***ਭਾਈ ਗੁਰਦਾਸ ਜੀ ਦੀ ਵਾਰ 34/1***

ਸਮਰਥ ਗੁਰੂ ਦੀ ਕਿਰਿਆ ਨੂੰ ਕੋਈ ਜਾਣ ਨਹੀਂ ਸਕਦਾ। ਗੰਮਤਾ ਤੋਂ ਜਿਥੇ ਅਸੀਂ ਜਾਣ ਸਕਦੇ ਹਾਂ ਉਸ ਤੋਂ ਉਪਰ ਹੈ ਉਹ। ਅੱਠਵੀਂ ਭੂਮਿਕਾ 'ਤ੍ਰਿਗੁਣ ਅਤੀਤ' ਜਿਹੜੀ ਹੈ ਉਸ ਤੋਂ ਉਪਰ ਸਤਿਗੁਰੂ ਦੀ ਭੂਮਿਕਾ ਹੋਇਆ ਕਰਦੀ ਹੈ। ਸੋ ਉਸ ਨੂੰ ਕੋਈ ਨਹੀਂ ਜਾਣ ਸਕਦਾ ਤੇ ਫੇਰ ਨਿਰਵੈਰ ਹੈ ਨਿਰਾਲਾ ਹੈ। ਕਿਸੇ ਦੇ ਨਾਲ ਸਤਿਗੁਰੂ ਦਾ ਵੈਰ ਹੀ ਨਹੀਂ ਹੁੰਦਾ ਉਸ ਦੀ ਸਾਰੀ ਕਿਰਿਆ ਨਿਰਾਲੀ ਹੁੰਦੀ ਹੈ ਸਤਿਗੁਰੂ ਦੀ, ਸਾਡੀ ਸਮਝ ਤੋਂ ਉਪਰ।

ਗੁਰੂ ਦਸਮੇਸ਼ ਪਿਤਾ ਜੀ ਦੇ ਸਮੇਂ ਦੇ ਅੰਦਰ ਇਕ ਪੂਰਨ ਅਭੇਦ ਅਵਸਥਾ ਦਾ ਗੁਰਸਿਖ ਹੋਇਆ ਹੈ ਜਿਸ ਦਾ ਨਾਂ ਭਾਈ ਕਨ੍ਹਈਆ ਸੀ। ਉਸ ਨੂੰ ਇਹ ਦ੍ਰਿਸ਼ਟੀ ਪ੍ਰਾਪਤ ਹੋ ਚੁਕੀ ਸੀ। ਉਹ ਦ੍ਰਿਸ਼ਟੀ ਜਿਸ ਨੂੰ ਬ੍ਰਹਮਗਿਆਨੀ ਦੀ ਦ੍ਰਿਸ਼ਟੀ ਕਹਿੰਦੇ ਨੇ। ਉਹ ਦ੍ਰਿਸ਼ਟੀ ਕੀ ਹੁੰਦੀ ਹੈ ਕਿ ਪਰਮੇਸ਼ਰ ਤੋਂ ਬਗੈਰ ਜਿੰਨੀਆਂ ਅਨਾਤਮ ਵਸਤਾਂ ਨੇ ਉਹ ਸਾਰੀਆਂ ਆਤਮ ਵਿਚ ਲੀਨ ਹੋ ਜਾਂਦੀਆਂ ਨੇ ਕਿਉਂਕਿ ਐਥੇ ਕੋਈ ਚੀਜ਼ ਹੋਰ ਤਾਂ ਹੈ ਨਹੀਂ। ਸਭ ਕੁਝ ਵਾਹਿਗੁਰੂ ਤੋਂ ਪੈਦਾ ਹੋਇਆ ਹੈ ਵਾਹਿਗੁਰੂ ਵਿਚ ਲੀਨ ਹੋਣਾ ਹੈ। ਮਹਾਰਾਜ ਕਹਿੰਦੇ –

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥***
***ਸਚੇ ਤੇਰੇ ਲੋਅ ਸਚੇ ਆਕਾਰ॥*** ***ਪੰਨਾ – 463***

***ਆਪਿ ਸਤਿ ਕੀਆ ਸਭੁ ਸਤਿ॥*** ***ਪੰਨਾ – 284***

ਇਹ ਨਹੀਂ ਕਿ 'ਕੀਆ' ਹੋਇਆ ਉਸ ਤੋਂ ਅੱਡ ਹੋ ਗਿਆ। ਨਹੀਂ, ਉਹ ਆਪ ਵੀ ਸਤਿ ਹੈ ਤੇ ਜਿਹੜਾ 'ਕੀਆ' ਹੋਇਆ ਲਗਦਾ ਹੈ ਉਹ ਆਪ ਹੀ ਹੈ ਇਥੇ ਹੋਰ ਨਹੀਂ ਕੁਝ ਵੀ ਹੈ। ਇਹ ਗੱਲ ਸਾਡੇ ਮਨ ਵਿਚ ਨਹੀਂ ਬੈਠ ਸਕਦੀ, ਚਾਹੇ 10 ਜਨਮ ਅਸੀਂ ਧਾਰ ਕੇ ਅਭਿਆਸ ਕਰੀ ਜਾਈਏ, ਨਹੀਂ ਬੈਠੇਗੀ ਕਿਉਂਕਿ ਅੰਦਰ ਅਜੇ ਹੰਗਤਾ ਤੇ ਮਮਤਾ ਦਾ ਨਾਸ਼ ਨਹੀਂ ਹੋਇਆ, ਅੰਦਰ ਮੈਂ ਭਾਵ ਅਜੇ ਮਰਿਆ ਨਹੀਂ ਹੈ, ਜੀਉਂਦਾ ਹੈ। ਜਦੋਂ ਤੱਕ ਉਹ ਜੀਉਂਦਾ ਹੈ ਉਨਾ ਚਿਰ ਦਿਮਾਗੀ ਤੌਰ ਤੇ, ਬੁਧੀ ਮੰਡਲ ਦੇ ਨਾਲ ਤਾਂ ਗੱਲ ਬਹੁਤ ਸੋਹਣੀ ਕਰਦਾ ਹੈ ਅਲੰਕਾਰ ਕਰਕੇ ਕਰ ਦਏਗਾ ਲੇਕਿਨ ਅਸਲੀ ਹਾਲਤ ਉਸ ਨੂੰ ਪ੍ਰਾਪਤ ਨਹੀਂ ਹੁੰਦੀ। ਜਿਸ ਨੂੰ ਹੁੰਦੀ ਹੈ ਉਸ ਦੇ ਬਾਰੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ –

***ਧਾਰਨਾ – ਦੂਜਾ ਨਾ ਵੇਖਦੇ ਪ੍ਰਭ ਜੀ ਬਿਨ ਬ੍ਰਹਮਗਿਆਨੀ–2***
***ਪ੍ਰਭ ਜੀ ਬਿਨੁ ਬ੍ਰਹਮਗਿਆਨੀ –2, 2.***
***ਦੂਜਾ ਨਾ ਵੇਖਦੇ,.................... –2.***

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਪੰਨਾ – 272***

ਦੂਜਾ ਦ੍ਰਿਸ਼ਟੀ ਤੋਂ ਚਲਿਆ ਜਾਂਦਾ ਹੈ। ਜਿਧਰ ਦੇਖਦੇ ਨੇ ਤੂੰ–ਹੀ–ਤੂੰ, ਤੂੰ–ਹੀ–ਤੂੰ ਦੂਸਰਾ ਨਜ਼ਰ ਨਹੀਂ ਆਇਆ ਕਰਦਾ। ਇਹ ਅਵਸਥਾ ਗੁਰਸਿਖ ਦੀ ਹੈ ਜਿਥੇ ਆਪਾਂ ਪਹੁੰਚਣਾ ਹੈ ਸਾਧ ਸੰਗਤ ਜੀ! ਉਸ ਦੀਆਂ ਟੋਹਾਂ (ਭੇਤ) ਗੁਰੂ ਮਹਾਰਾਜ ਦਸਦੇ ਨੇ ਸਾਨੂੰ, ਇਥੇ ਆਹ ਤੁਹਾਡੀ ਮੰਜ਼ਿਲ ਹੈ ਜਿਥੇ ਤੁਸੀਂ ਪਹੁੰਚਣਾ ਹੈ। ਉਹ ਵੀ ਤਾਂ ਪਹੁੰਚੋਗੇ, ਜੇ ਕਿਸੇ ਅਨੁਭਵੀ ਮਹਾਂਪੁਰਸ਼ ਦੇ ਨਾਲ ਜੁੜ ਕੇ ਜਿਹੜਾ ਹਰ ਵਕਤ ਭਰਮ ਤੋਂ ਬਚਾਵੇ, ਗਲਤ ਨਿਸ਼ਚਿਆਂ ਤੋਂ ਬਚਾਵੇ। ਉਸ ਦੀ ਸੰਗਤ ਕਰੇ ਤੋਂ ਬਿਨਾਂ ਨਹੀਂ ਤੁਸੀਂ ਪਹੁੰਚ ਸਕਦੇ ਤੇ ਇਹ ਭਾਈ ਦਇਆ ਸਿੰਘ ਜੀ, ਇਤਿਹਾਸ ਵਿਚ ਇਨ੍ਹਾਂ ਬਾਰੇ ਕਿੰਨੇ ਥਾਂ ਤੇ ਲਿਖਿਆ ਹੋਇਆ ਹੈ ਕਿ ਭਾਈ ਦਇਆ ਸਿੰਘ ਜੀ ਨੂੰ ਮੇਰਾ ਰੂਪ ਜਾਣੋ, ਮੇਰਾ ਹੀ ਰੂਪ ਹੈ।

ਚਾਰ–ਪੰਜ ਵਾਰ ਤਾਂ ਬੜਾ ਹੀ ਸਪਸ਼ਟ ਲਿਖਿਆ ਹੈ ਮਹਾਰਾਜ ਜੀ ਨੇ।

ਜਦੋਂ ਬਾਬਾ ਸੋਭਾ ਸਿੰਘ ਜੀ ਅੰਮ੍ਰਿਤ ਛੱਕਣ ਗਏ। ਕਹਿੰਦੇ, "ਪਾਤਿਸ਼ਾਹ! ਮੈਂ ਸੋਢੀ ਹਾਂ, ਤੁਹਾਡਾ ਭਾਈਚਾਰਾ ਹਾਂ ਤੇ ਮੈਂ ਅੰਮ੍ਰਿਤ ਤੁਹਾਡੇ ਕੋਲੋਂ ਛਕਣਾ ਹੈ।"

ਮਹਾਰਾਜ ਕਹਿਣ ਲੱਗੇ, "ਸੋਢੀ ਸਾਹਿਬ! ਹੁਣ ਭੁਲੇਖਿਆਂ ਵਿਚ ਨਾ ਰਹੋ ਤੁਸੀਂ। ਜੋ ਕੁਝ ਮੈਂ ਦੇਣਾ ਸੀ, ਉਹ ਦੇ ਚੁਕਿਆਂ ਹਾਂ, ਤੁਸੀਂ ਭਾਈ ਦਇਆ ਸਿੰਘ ਜੀ ਕੋਲ ਜਾਓ ਤੇ ਉਨ੍ਹਾਂ ਨੂੰ ਮੇਰਾ ਰੂਪ ਕਰਕੇ ਮੰਨੋ। ਜਾਓ ਓਹੀ ਤੁਹਾਨੂੰ ਅੰਮ੍ਰਿਤ ਛਕਾਉਣਗੇ। ਤੁਹਾਡੇ ਲਈ ਜਿਹੜਾ

ਗਿਆਨ ਦਾ ਭੰਡਾਰਾ ਹੈ ਉਹ ਉਨ੍ਹਾਂ ਕੋਲ ਸੁਰਖਿਅਤ ਪਿਆ ਹੈ।"

ਇਨ੍ਹਾਂ ਨੇ ਅੰਮ੍ਰਿਤ ਛਕਿਆ ਉਨ੍ਹਾਂ ਤੋਂ। ਇਹ ਬਚਨ ਹੁੰਦੇ ਨੇ ਸਾਧ ਸੰਗਤ ਜੀ! ਇਹ ਸਮਝ ਵਿਚ ਆਉਣ ਵਾਲੀਆਂ ਗੱਲਾਂ ਨਹੀਂ ਹਨ ਕਿ ਉਹ ਕਿਹੜਾ ਭੰਡਾਰਾ ਹੈ। ਉਹ ਇਸ ਤਰ੍ਹਾਂ ਦਾ ਭੰਡਾਰਾ ਨਹੀਂ ਹੈ, ਉਹ ਹੈ ਗਿਆਨ ਦਾ ਭੰਡਾਰ, ਪ੍ਰਤੱਖ ਗਿਆਨ ਦਾ। ਗੱਲਾਂ ਨਾਲ ਤਾਂ ਗਿਆਨੀ ਬਣਾ ਦਿੰਦੇ ਨੇ ਲੇਕਿਨ ਪ੍ਰਤੱਖ ਗਿਆਨ ਬਾਰੇ ਕਿਸੇ ਵਿਚ ਹੀ ਸ਼ਕਤੀ ਹੁੰਦੀ ਹੈ ਜਿਹੜਾ ਕਰਾਵੇ। ਉਹ ਸੀਨੇ-ਬ-ਸੀਨੇ ਚਲਿਆ ਆ ਰਿਹਾ ਹੈ। ਬਾਬਾ ਸੋਭਾ ਸਿੰਘ ਜੀ ਤੋਂ ਬਾਅਦ ਬੇਦੀ ਸਾਹਿਬਜ਼ਾਦੇ ਹੋਏ ਤੇ ਉਨ੍ਹਾਂ ਨੇ ਸਾਰੀ ਗੱਲ ਵਿਚਾਰੀ ਤੇ ਅੰਮ੍ਰਿਤ ਉਨ੍ਹਾਂ ਨੇ ਉਨ੍ਹਾਂ ਤੋਂ ਜਾ ਕੇ ਛਕਿਆ।

ਕਹਿਣ ਲੱਗੇ, "ਲਓ ਸਾਹਿਬ ਸਿੰਘ ਜੀ! ਤੁਹਾਨੂੰ ਅਸੀਂ ਬਹੁਤ ਦੇਰ ਤੋਂ ਉਡੀਕ ਰਹੇ ਸੀ, ਇੰਤਜ਼ਾਰ ਸੀ ਸਾਡੇ ਮਨ ਵਿਚ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਨੇ ਜੋ ਸਾਨੂੰ ਕੁੰਜੀ ਦਿੱਤੀ ਹੈ, ਭੰਡਾਰਾ ਦਿੱਤਾ ਹੈ -

ਉਨ੍ਹਾਂ ਸਮਿਆਂ ਤੋਂ ਹੀ ਇਕ ਮਹਾਤਮਾ ਹੋਏ ਨੇ, ਜਿਹੜੇ ਬਾਬਾ ਸਾਹਿਬ ਸਿੰਘ ਜੀ ਤੋਂ ਅੱਗੇ ਸੀ, ਬਾਬਾ ਸੋਭਾ ਸਿੰਘ ਜੀ ਹੈ ਉਨ੍ਹਾਂ ਦਾ ਨਾਉ, ਵਿਰਕਤ ਸੀ ਉਹ ਪਸਾਰਾ ਨਹੀਂ ਸੀ ਕਰਦੇ। ਇਕ ਕੁਟੀਆ ਦੇ ਵਿਚ ਹੀ ਸਾਰੀ ਜ਼ਿੰਦਗੀ ਗੁਜ਼ਾਰ ਗਏ। ਜਦੋਂ ਇਸ ਗੱਲ ਦਾ ਪਤਾ ਲੱਗਿਆ ਲੋਕਾਂ ਨੂੰ ਕਿ ਇਹ ਤਾਂ ਬਹੁਤ ਕਰਨੀ ਕਮਾਈ ਵਾਲੇ ਨੇ, ਜਦੋਂ ਦੀ ਮੈਂ ਗੱਲ ਕਰਦਾ ਹਾਂ ਉਦੋਂ ਉਹ 22 ਸਾਲ ਦੇ ਸੀ। ਹਜ਼ੂਰ ਸਾਹਿਬ ਨੂੰ ਇਹ ਦਰਸ਼ਨ ਕਰਨ ਵਾਸਤੇ ਜਾਂਦੇ ਨੇ, ਪੈਦਲ ਜਾ ਰਹੇ ਨੇ ਇਹ। ਜਦੋਂ ਵਿੰਧਿਆਚਲ ਪਰਬਤ ਕੋਲ ਪਹੁੰਚੇ। ਉਥੇ ਜੰਗਲ ਬਹੁਤ ਵੱਡਾ ਸੀ ਉਥੇ ਸ਼ੇਰ ਬਹੁਤ ਵੱਡੇ ਵੱਡੇ ਸੀ, ਹੁਣ ਵੀ ਹਨ ਕਾਨ੍ਹਾਕਾਸ਼ਾ ਦੇ ਜੰਗਲ ਵਿਚ ਸੈਂਕੜੇ ਹੀ ਸ਼ੇਰ ਨੇ। ਜਦੋਂ ਉਥੇ ਪਹੁੰਚੇ ਤਾਂ ਲੋਕਾਂ ਨੇ ਸਿਰਾਂ ਤੇ ਲਕੜੀਆਂ ਚੁੱਕੀਆਂ ਹੋਈਆਂ ਹਨ, ਕਿਸੇ ਨੇ ਚਾਰਾ ਚੁਕਿਆ ਹੋਇਆ ਹੈ, ਕੋਈ ਪਸ਼ੂਆਂ ਨੂੰ ਹੱਕਦਾ ਹੈ, ਕਾਹਲੀ-ਕਾਹਲੀ ਨਠਾਈਂ ਲਈ ਜਾਂਦਾ ਹੈ। ਉਧਰੋਂ 2-4 ਜਾ ਰਹੇ ਸੀ ਉਹ ਕਹਿੰਦੇ ਆਹ ਬਾਲ-ਯੋਗੀ ਜਿਹੜਾ ਹੈ। ਹੁਣ 22 ਕੁ ਸਾਲ ਦੀ ਉਮਰ ਹੈ ਛੋਟਾ ਹੀ ਲਗਦਾ ਹੈ।

ਉਹ ਕਹਿੰਦੇ ਇਹ ਬਾਲ ਯੋਗੀ ਇਥੇ ਬੈਠ ਗਿਆ ਪਾਣੀ ਕੋਲ, ਇਥੇ ਤਾਂ ਰਾਤ ਨੂੰ ਸ਼ੇਰਾਂ ਨੇ ਪਾਣੀ ਪੀਣ ਆਉਣਾ ਹੈ ਤੇ ਛੁਪ ਕੇ ਬਹਿਣਾ ਹੈ। ਫੇਰ ਹਿਰਨਾਂ ਨੇ ਆਉਣਾ ਹੈ ਪਾਣੀ ਪੀਣ। ਸ਼ੇਰਾਂ ਨੇ ਫੇਰ ਮਾਰਨਾ ਹੈ ਕਿਉਂਕਿ ਪਾਣੀ ਨੇੜੇ ਤੇੜੇ ਕਿਤੇ ਹੈ ਨਹੀਂ। ਉਨ੍ਹਾਂ ਦੇ ਦਿਲ ਵਿਚ ਤਰਸ ਆਇਆ, ਨੇੜੇ ਹੀ ਪਿੰਡ ਸੀ।

ਆ ਕੇ ਕਹਿਣ ਲੱਗੇ, "ਬਾਲ ਯੋਗੀ! ਇਥੇ ਨਾ ਤੁਸੀਂ ਬੈਠੋ, ਇਥੇ ਰਾਤ ਭਰ ਸ਼ੇਰ ਆਉਂਦੇ ਨੇ ਤੇ ਤੁਹਾਨੂੰ ਉਹ ਖਾ ਜਾਣਗੇ ਸਵੇਰ ਤੱਕ। ਤੁਸੀਂ ਸਾਡੇ ਨਾਲ ਚਲੋ ਤੇ ਰਾਤ ਨੂੰ ਅਸੀਂ ਅੱਗ ਜਾਲਦੇ ਹਾਂ ਸਾਰੇ ਪਿੰਡ ਦੇ ਦੁਆਲੇ, ਸ਼ੇਰ ਨਹੀਂ ਫੇਰ ਆਉਂਦਾ ਤੇ ਜਿਥੇ ਤੁਹਾਡਾ ਦਿਲ ਕਰੇ ਬਹਿ ਜਾਇਓ, ਕੋਈ ਤੁਹਾਨੂੰ ਪਰੇਸ਼ਾਨ ਨਹੀਂ ਕਰੇਗਾ, ਨਾਲੇ ਪ੍ਰਸ਼ਾਦ ਪਾਣੀ ਛਕਾਵਾਂਗੇ, ਨਾਲੇ ਤੁਸੀਂ ਉਥੇ ਭਜਨ ਕਰਿਓ।"

ਬਾਬਾ ਜੀ ਕਹਿਣ ਲੱਗੇ, "ਨਹੀਂ! ਇਥੇ ਹੀ ਠੀਕ ਹਾਂ ਅਸੀਂ।"

ਕਹਿੰਦੇ, "ਮਹਾਰਾਜ, ਸ਼ੇਰ ਖਾ ਜਾਣਗੇ।"

ਕਹਿੰਦੇ, "ਭਾਈ ਕੋਈ ਨਹੀਂ ਖਾਂਦਾ। ਨਾ ਸ਼ੇਰ ਖਾਵੇ ਤੇ ਨਾ ਕੁਝ ਹੋਰ ਹੋਵੇ।"

ਰਾਤ ਲੰਘ ਗਈ। ਸਵੇਰੇ ਸਾਂਝਰੇ ਹੀ ਇਕੱਠੇ ਹੋ ਕੇ ਪਿੰਡ ਗੱਲਾਂ ਕਰਦੇ ਨੇ ਕਿ ਉਸ ਨੂੰ ਤਾਂ ਖਾ ਗਏ ਹੋਣਗੇ ਸ਼ੇਰ ਤੇ ਜਦੋਂ ਇਕੱਠੇ ਹੋ ਕੇ ਆਏ ਕਿ ਦੇਖੀਏ ਦੂਰੋਂ ਹੀ ਦੇਖਣ ਕਿ ਉਹ ਤਾਂ ਬੈਠਾ ਹੈ ਉਵੇਂ ਜਿਵੇਂ ਸਮਾਧੀ ਲਾਈ।

ਨੇੜੇ ਆ ਗਏ, ਆ ਕੇ ਸਵਾਲ ਕਰਿਆ, ਕਹਿੰਦੇ, "ਬਾਲ ਯੋਗੀ ਜੀ! ਆਹ ਅਸੀਂ ਦੇਖ ਰਹੇ ਹਾਂ, ਸਾਨੂੰ ਪਛਾਣ ਹੈ ਸ਼ੇਰਾਂ ਦੀਆਂ ਪੈੜਾਂ ਦੀ। ਤੁਹਾਡੇ ਦੁਆਲੇ ਸ਼ੇਰ ਘੁੰਮੇ ਹੋਏ ਨੇ ਸੁੰਘਿਆ ਹੈ ਉਨ੍ਹਾਂ ਨੇ ਤੁਹਾਨੂੰ ਖਾਧਾ ਕਿਉਂ ਨਹੀਂ?"

ਬਾਬਾ ਜੀ ਕਹਿਣ ਲੱਗੇ, "ਜੇ ਤੁਹਾਨੂੰ ਭੁੱਖ ਲੱਗੀ ਹੋਵੇ, ਤੁਸੀਂ ਆਪਣੀ ਬਾਂਹ ਖਾ ਲੈਂਦੇ ਹੋ?"

ਕਹਿੰਦੇ, "ਨਹੀਂ।"

ਕਹਿੰਦੇ, "ਆਪਣਾ ਹੱਥ ਕੱਟ ਕੇ ਖਾ ਲਓਗੇ?"

ਕਹਿੰਦੇ, "ਨਹੀ।"

ਕਹਿੰਦੇ, "ਕਿਉਂ ਨਹੀਂ ਖਾਂਦੇ?"

ਕਹਿੰਦੇ, "ਇਹ ਸਾਡਾ ਹੈ, ਅਸੀਂ ਹਾਂ।"

ਕਹਿੰਦੇ, "ਬੱਸ ਭਾਈ ਆਹੀ ਫਰਕ ਹੈ, ਸਾਡੇ ਵਾਸਤੇ ਕੋਈ ਗੈਰ ਨਹੀਂ ਹੈ। ਇਹ ਸਾਰਾ ਸੰਸਾਰ ਸਾਡੇ ਵਿਚ ਹੈ, ਅਸੀਂ ਸੰਸਾਰ ਵਿਚ ਹਾਂ।"

***ਮਨ ਮਹਿ ਆਪਿ ਮਨ ਅਪੁਨੇ ਮਾਹਿ॥ ਪੰਨਾ - 279***

"ਸ਼ੇਰ ਕਿਹੜਾ ਹੈ ਸਾਨੂੰ ਤਾਂ ਦ੍ਰਿਸ਼ਟੀ ਨਹੀਂ ਆਉਂਦਾ ਸ਼ੇਰ। ਜੇ ਦ੍ਰਿਸ਼ਟੀ ਆਉਂਦਾ ਹੈ ਤਾਂ ਇਕੋ ਪ੍ਰਮੇਸ਼ਰ, ਗੁਰੂ ਨਾਨਕ ਪਾਤਸ਼ਾਹ ਹੀ ਦ੍ਰਿਸ਼ਟੀ ਆਉਂਦੇ ਨੇ।"

ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਹਜ਼ੂਰ ਸਾਹਿਬ ਤੋਂ ਵਾਪਸ ਆ ਰਹੇ ਨੇ। ਜਿਸ ਵਕਤ ਇਹ ਪਹੁੰਚੇ ਸੰਘਣੇ ਜੰਗਲਾਂ ਦੇ ਅੰਦਰ, ਨਾਲ ਇਕ ਸੇਵਾਦਾਰ ਹੈ ਤੇ ਪੈਦਲ ਹੀ ਸੀ। ਸੇਵਾਦਾਰ ਨੇ ਸਾਹਮਣੇ ਦੇਖਿਆ ਸ਼ੇਰ ਹੈ, ਉਹ ਤਾਂ ਡਰ ਗਿਆ ਤੇ ਡਰਦਾ ਭੱਜ ਕੇ ਇਕ ਦਰਖਤ ਤੇ ਚੜ੍ਹ ਗਿਆ, ਹੱਥ ਪੈਰ ਝੂਠੇ ਪੈ ਗਏ, ਮਸਾਂ ਚੜ੍ਹਿਆ।

ਬਾਬਾ ਜੀ ਚਲਦੇ ਗਏ। ਉਸਨੇ ਕਿਹਾ ਕਿ ਲੈ ਬਈ ਹੁਣ ਸ਼ੇਰ ਕੋਲ ਜਾ ਰਹੇ ਨੇ ਤੇ ਸ਼ੇਰ ਨੇ ਝਪਟਾ ਮਾਰਨੈ ਤੇ ਸੜਕ ਦੇ ਵਿਚਾਲੇ ਖੜ੍ਹਾ ਹੈ। ਇਹ ਉਵੇਂ ਜਿਵੇਂ ਅਰਾਮ ਨਾਲ ਤੁਰੇ ਜਾਂਦੇ ਨੇ।

ਜਦੋਂ ਕੋਲ ਗਏ ਤਾਂ ਸ਼ੇਰ ਨੇ ਸੁੰਘਿਆ। ਸੁੰਘਣ ਤੋਂ ਬਾਅਦ ਛਾਲ ਮਾਰੀ ਜੰਗਲ ਵਿਚ ਚਲਿਆ ਗਿਆ। ਇਨ੍ਹਾਂ ਨੇ ਜਦੋਂ ਦੇਖਿਆ ਕਿ ਦੂਰ ਚਲਿਆ ਗਿਆ, ਦੌੜ ਕੇ ਆ ਕੇ ਬਾਬਾ ਜੀ ਨੂੰ ਮਿਲੇ ਸੜਕ ਤੇ ਆ ਕੇ, ਸਾਹ ਚੜ੍ਹਿਆ ਹੋਇਆ ਸੀ –

ਬਾਬਾ ਜੀ ਕਹਿੰਦੇ, "ਕੀ ਗੱਲ ਭਾਈ ਤੈਨੂੰ ਸਾਹ ਚੜ੍ਹਿਆ ਹੋਇਆ ਹੈ?"

ਕਹਿੰਦਾ, "ਮਹਾਰਾਜ! ਮੈਂ ਤਾਂ ਦੌੜ ਕੇ ਆਇਆ ਹਾਂ।"

ਕਹਿੰਦੇ, "ਰੁਕ ਗਿਆ ਸੀ?"

ਕਹਿੰਦਾ, "ਹਾਂ ਜੀ! ਮੈਂ ਤਾਂ ਦਰਖਤ ਤੇ ਚੜ੍ਹ ਗਿਆ ਸੀ?"

ਕਹਿੰਦੇ, "ਕੀ ਗੱਲ?"

ਕਹਿੰਦਾ, "ਸੜਕ ਦੇ ਉਤੇ ਸ਼ੇਰ ਖੜਾ ਸੀ। ਤੁਸੀਂ ਨਹੀਂ ਦੇਖਿਆ?"

ਚੁਪ ਕਰ ਰਹੇ।

ਕਹਿੰਦਾ, "ਮਹਾਰਾਜ! ਤੁਸੀਂ ਸ਼ੇਰ ਨਹੀਂ ਦੇਖਿਆ?"

ਕਹਿਣ ਲੱਗੇ, "ਉਹ ਗੁਰਸਿਖਾ! ਇਹ ਜਿਹੜੀ ਸਾਡੀ ਦ੍ਰਿਸ਼ਟੀ ਸੀ ਇਹ ਖਤਮ ਹੋ ਗਈ, ਹੁਣ ਤਾਂ ਸਾਨੂੰ ਗੁਰੂ ਨਾਨਕ ਸਾਹਿਬ ਤੋਂ ਬਗੈਰ ਸੰਸਾਰ ਵਿਚ ਹੋਰ ਨਜ਼ਰ ਹੀ ਨਹੀਂ ਆ ਰਿਹਾ। ਇਕੋ ਹੀ ਆ ਰਿਹਾ ਹੈ।"

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***

***ਪੰਨਾ – 272***

ਤੇ ਉਸ ਦੀ ਪਦਵੀ ਕਿੱਡੀ ਵੱਡੀ ਹੁੰਦੀ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮ ਗਿਆਨੀ ਨੂੰ –2, 4.***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਪੰਨਾ – 273***

ਫੈਸਲਾ ਕਰ ਦਿੱਤਾ ਮਹਾਰਾਜ ਜੀ ਨੇ। ਕਹਿੰਦੇ ਜਿਹੜੇ ਬ੍ਰਹਮਗਿਆਨੀ ਨੇ ਉਹ ਆਪ ਹੀ ਪਰਮੇਸ਼ਰ ਹੁੰਦੇ ਨੇ, ਹੈ ਤਾਂ ਤੁਸੀਂ ਵੀ, ਮੈਂ ਵੀ, ਸਾਰੇ ਆਪਾਂ ਪਰਮੇਸ਼ਰ ਲੇਕਿਨ ਸਾਨੂੰ ਪਤਾ ਨਹੀਂ ਹੈ, ਅਸੀਂ ਮੈਂ ਬਣੇ ਹੋਏ ਹਾਂ ਉਹ ਪਰੀਪੂਰਨ ਹੋਇਆ ਕਰਦੇ ਨੇ।

ਸੋ ਜਿਹੜਾ ਇਸ ਅਵਸਥਾ ਦਾ ਹੈ, ਉਹ ਮਨੁੱਖ ਹੁੰਦਾ ਹੋਇਆ, ਮਨੁੱਖ ਦੇ ਜਾਮੇ ਵਿਚ ਹੁੰਦਾ ਹੋਇਆ ਪ੍ਰਮੇਸ਼ਰ ਬਣ ਜਾਇਆ ਕਰਦਾ ਹੈ। ਸੋ ਐਸਾ ਗੁਰਸਿਖ ਸੀ ਭਾਈ ਕਨ੍ਹਈਆ ਜੀ, ਜਿਨ੍ਹਾਂ ਨੂੰ ਗੁਰੂ ਨੌਵੇਂ ਪਾਤਸ਼ਾਹ ਤੋਂ ਉਪਦੇਸ਼ ਹੋਇਆ ਸੀ। ਜਿਸ ਵਕਤ ਜੰਗ ਯੁੱਧ ਲੱਗੇ, ਆਪ ਨੂੰ ਹੁਕਮ ਸੀ ਸੇਵਾ ਕਰਨ ਦਾ। ਆਪ ਜਲ ਦੀ ਸੇਵਾ ਕਰਿਆ ਕਰਦੇ ਸੀ। ਮਸ਼ਕ ਲੈ ਕੇ ਦੂਰ ਦੂਰ ਤੋਂ ਪਾਣੀ ਲਿਆਉਣਾ ਤੇ ਲਿਆ ਕੇ ਭਰਨਾ, ਲੰਗਰ ਵਿਚ ਦੇਣਾ ਅਤੇ ਹੋਰ ਅਨੇਕਾਂ ਕਿਸਮ ਦੀ ਸੇਵਾ ਜਿਹੜੀ ਸਾਹਮਣੇ ਆ ਜਾਵੇ ਕਰਦੇ ਸੀ ਤੇ ਜਦੋਂ ਜੰਗ ਯੁਧ ਸ਼ੁਰੂ ਹੋਏ ਤਾਂ ਸਿੰਘਾਂ ਨੇ ਕਿਹਾ ਕਿ ਮਹਾਰਾਜ ਇਹ ਖੂਹਾਂ ਆਦਿ ਤੇ ਤੁਰਿਆ ਫਿਰਦਾ ਹੈ ਕੋਈ ਇਸ ਨੂੰ ਮਾਰ ਨਾ ਦੇਵੇ। ਇਸ ਨੂੰ ਸ਼ਸਤਰ ਧਾਰਨ ਕਰਵਾਉਣਾ ਚਾਹੀਦਾ ਹੈ। ਸ੍ਰੀ ਸਾਹਿਬ ਗਲ ਵਿਚ ਪਾ ਦਿੱਤੀ ਉਸ ਦੇ। ਇਸ ਨੇ ਕੀ ਕੀਤਾ ਜਿਹੜਾ ਮਿਆਨ ਸੀ ਉਹ ਅੱਗੇ ਨੂੰ ਕਰ ਲਿਆ ਤੇ ਲੱਕ ਨਾਲ ਬੰਨ੍ਹ ਲਈ ਜਿਥੇ ਕੁ ਮਸ਼ਕ ਨੂੰ ਅੜਿਕਾ ਨਾ ਲੱਗੇ ਤੇ ਜਿਹੜਾ ਦਸਤੇ ਵਾਲਾ ਪਾਸਾ ਸੀ ਉਹ ਪਿੱਛੇ ਕਰ ਦਿੱਤਾ। ਕਈਆਂ ਨੇ ਕਿਹਾ ਕਿ ਇਹ ਇਸ ਤਰ੍ਹਾਂ ਨਹੀਂ ਰੱਖੀਦੀ ਅੱਗੇ ਰੱਖੀਦੀ ਹੈ। ਜਦੋਂ ਉਨ੍ਹਾਂ ਨੇ ਕੋਈ ਉਤਰ ਨਾ ਦਿੱਤਾ ਤਾਂ ਉਨ੍ਹਾਂ ਨੇ ਗੁਰੂ ਦਸਵੇਂ ਪਾਤਸ਼ਾਹ ਨੂੰ ਦੱਸਿਆ।

ਕਹਿੰਦੇ, "ਮਹਾਰਾਜ! ਇਹ ਸ੍ਰੀ ਸਾਹਿਬ ਐਉਂ ਰੱਖਦਾ ਹੈ, ਪਿਛਲੇ ਪਾਸੇ ਰੱਖਦਾ ਹੈ ਮੁੱਠਾ, ਅੱਗੇ ਰਖਦਾ ਹੈ ਮਿਆਨ।"

ਕਹਿੰਦੇ, "ਕਨ੍ਹਈਆ! ਕੀ ਗੱਲ?"

ਕਹਿੰਦਾ, "ਮਹਾਰਾਜ! ਮੈਂ ਸੋਚਦਾ ਹਾਂ ਕਿ ਜਿਸ ਨੇ ਮੈਨੂੰ ਮਾਰਨਾ ਹੈ ਉਸ ਨੂੰ ਕੋਈ ਖੇਚਲ ਨਾ ਹੋਵੇ ਤੇ ਆਰਾਮ ਨਾਲ ਮੇਰੀ ਸ੍ਰੀ ਸਾਹਿਬ ਹੀ ਕੱਢ ਲਏ।"

ਉਹ ਅਮਲੀ ਤੌਰ ਤੇ ਇਸ ਅਵਸਥਾ ਵਿਚ ਸੀ ਕਿਉਂਕਿ ਉਸ ਨੂੰ ਦੂਸਰਾ ਨਜ਼ਰ ਨਹੀਂ ਸੀ ਆਉਂਦਾ ਤੇ ਅੱਜ ਅਨੰਦਪੁਰ ਸਾਹਿਬ ਦਾ ਵੱਡਾ ਯੁਧ ਲੱਗਿਆ ਹੋਇਆ ਹੈ। ਬਹੁਤ ਵੱਡਾ ਘੇਰਾ ਪਿਆ ਕੋਈ 6 ਮਹੀਨੇ, ਕੋਈ 8 ਮਹੀਨੇ ਕਹਿੰਦੇ ਨੇ। ਫੌਜ ਬਹੁਤ ਆ ਗਈ, ਫੈਸਲਾਕੁਨ ਲੜਾਈ ਕਰਨ ਵਾਸਤੇ ਕਿ ਹੁਣ ਇਕ ਪਾਸਾ ਕਰਕੇ ਹਿਲਣਾ ਹੈ। ਸਮਾਂ ਲੰਘਦਾ ਗਿਆ ਤੇ ਭਾਈ ਕਨ੍ਹਈਆ ਜੀ ਜਲ ਦੀ ਸੇਵਾ ਕਰਦੇ ਨੇ। ਜੇ ਤਾਂ ਉਹ ਅੱਗੇ ਲੰਘ ਆਉਂਦੇ ਨੇ ਤਾਂ ਉਨ੍ਹਾਂ ਨੂੰ ਪਾਣੀ ਪਿਲਾਈ ਜਾਂਦਾ ਹੈ ਤੇ ਜਾਂ ਇਧਰ ਆ ਜਾਂਦਾ ਹੈ ਇਨ੍ਹਾਂ ਨੂੰ ਪਿਲਾਉਂਦਾ ਹੈ ਤੇ ਇਧਰ ਮੋਰਚਿਆਂ ਵਿਚ ਬੈਠੇ ਨੇ ਸਿੰਘ। ਜਿਹੜਾ ਹਾਕ (ਆਵਾਜ਼) ਮਾਰਦਾ ਹੈ ਦੌੜ ਕੇ ਜਾ ਕੇ ਉਸ ਨੂੰ ਪਾਣੀ ਪਿਲਾ ਦਿੰਦੇ ਨੇ। ਦੋਵੇਂ ਪਾਸੇ ਮੋਰਚਿਆਂ ਵਿਚ ਬੈਠੇ ਨੇ ਨਾ ਇਸ ਦੇ ਕੋਈ ਗੋਲੀ ਮਾਰਦਾ ਹੈ ਨਾ ਕੋਈ ਤੀਰ ਮਾਰਦਾ ਹੈ, ਨਾ ਤਲਵਾਰ ਤੇ ਨਾ ਬਰਛਾ ਮਾਰਦਾ ਹੈ। ਕੋਈ ਨਹੀਂ ਮਾਰ ਰਿਹਾ ਇਸਨੂੰ। ਸਾਰੇ ਹੈਰਾਨ ਨੇ ਕਿ ਦੇਖੋ ਭਾਈ ਕਨ੍ਹਈਏ ਨੂੰ ਕੋਈ ਵੀ ਨਹੀਂ ਮਾਰਦਾ। ਜੇ ਤੀਰ ਵਗੈਰਾ

ਵੀ ਚਲਦੇ ਨੇ ਇਹ ਵਿਚੇ ਹੀ ਤੁਰਿਆ ਫਿਰਦਾ ਹੈ ਰੁਕਦਾ ਵੀ ਨਹੀਂ ਹੈ। ਜਿਹੜਾ ਤੀਰ ਚਲਾਉਣ ਵਾਲਾ ਹੈ ਜਾਂ ਗੋਲੀ ਚਲਾਉਣ ਵਾਲਾ ਹੈ ਉਹ ਦੇਖਦਾ ਹੈ ਕਿ ਕਿਤੇ ਭਾਈ ਕਨ੍ਹਈਏ ਨੂੰ ਨਾ ਲੱਗ ਜਾਵੇ।

ਅੱਜ ਬਹੁਤ ਵੱਡਾ ਯੁੱਧ ਹੋਇਆ ਪਹਿਲਾਂ ਫੌਜਾਂ ਅਨੰਦਪੁਰ ਸਾਹਿਬ ਵੱਲ ਨੂੰ ਵਧੀਆਂ ਮੁਗਲਾਂ ਦੀਆਂ ਤੇ ਅੱਜ ਦੇ ਯੁੱਧ ਵਿਚ ਮੁਗਲ ਖਾਨ incharge ਹੈ ਰੋਪੜ ਦਾ ਪਠਾਣ ਸੀ ਉਹ। ਉਸ ਨੇ ਬੀੜਾ ਚੁਕਿਆ ਕਿ ਅੱਜ ਮੈਂ ਜਾਂ ਤਾਂ ਗੁਰੂ ਕਲਗੀਧਰ ਪਾਤਸ਼ਾਹ ਨੂੰ ਸ਼ਹੀਦ ਕਰ ਦੇਵਾਂਗਾ ਜਾਂ ਪਕੜ ਲਿਆਵਾਂਗਾ ਜਾਂ ਮੈਂ ਖੁਦ ਸ਼ਹੀਦ ਹੋ ਜਾਵਾਂਗਾ ਅੱਜ ਮੈਂ ਪਿਛੇ ਨਹੀਂ ਪੈਰ ਪਾਉਣਾ। ਬਹੁਤ ਭਿਆਨਕ ਯੁੱਧ ਹੋ ਰਿਹਾ ਹੈ।

ਉਸ ਵੇਲੇ ਭਾਈ ਕਨ੍ਹਈਆ ਉਥੇ ਨੱਠ ਕੇ ਜਾਂਦਾ ਹੈ ਜਿਥੇ ਵੀ ਕੋਈ ਗਿਰਦਾ ਹੈ ਤੇ ਪਾਣੀ-ਪਾਣੀ ਪੁਕਾਰਦਾ ਹੈ। ਚਾਹੇ ਏਧਰ ਸਿੰਘ ਵਲੋਂ ਆਵਾਜ਼ ਆਵੇ ਚਾਹੇ ਮੁਗਲਾਂ ਵਲੋਂ ਆਵੇ ਪਾਣੀ ਪਲਾਈ ਜਾਂਦਾ ਹੈ। ਸ਼ਾਮ ਹੋ ਗਈ।

ਉਸ ਵੇਲੇ ਗੁਰੂ ਦਸਮੇਸ਼ ਪਿਤਾ ਜੀ ਨੇ ਸਾਰਿਆਂ ਨੂੰ ਇਕੱਠੇ ਕਰਿਆ।

ਕਹਿਣ ਲੱਗੇ, "ਪ੍ਰੇਮੀਓ! ਕਿਵੇਂ ਰਿਹਾ ਅੱਜ ਦਾ ਯੁੱਧ?"

ਕਹਿੰਦੇ, "ਜੀ! ਬਹੁਤ ਖਾਲਸਾ ਡਟ ਕੇ ਲੜਿਆ ਹੈ। ਗਿਣਤੀ ਥੋੜ੍ਹੀ ਸੀ ਪਰ ਉਨ੍ਹਾਂ ਦੀ ਪੇਸ਼ ਨਹੀਂ ਚੱਲਣ ਦਿੱਤੀ।"

ਅਚਾਨਕ ਕਹਿਣ ਲੱਗੇ, "ਮਹਾਰਾਜ! ਇਕ ਆਪਣੇ ਵਿਚ ਜਸੂਸ ਰਹਿੰਦਾ ਹੈ।"

ਕਹਿੰਦੇ, "ਕੌਣ ਹੈ?"

ਕਹਿੰਦੇ, ਜੀ ਕਨ੍ਹਈਆ ਸਾਧ ਜਿਸ ਨੂੰ ਕਹਿੰਦੇ ਨੇ, ਭਾਈ ਕਨ੍ਹਈਆ ਕਹਿੰਦੇ ਨੇ।"

ਕਹਿੰਦੇ, "ਉਹ ਕੀ ਕਰਦਾ ਹੈ?"

ਕਹਿੰਦੇ, "ਮਹਾਰਾਜ! ਉਹ ਜਿਹੜਾ ਵੀ ਪਾਣੀ ਮੰਗਦਾ ਹੈ ਉਸ ਨੂੰ ਪਾਣੀ ਪਿਲਾਉਣ ਚਲਿਆ ਜਾਂਦਾ ਹੈ। ਚਾਹੇ ਮੁਗਲ ਹੋਣ, ਅਸੀਂ ਖੁਦ ਦੇਖਿਆ ਕਿ ਬੰਦਾ ਸਾਡਾ ਹੈ ਲੇਕਿਨ ਉਸਨੂੰ ਮਾਰਦੇ ਹੀ ਨਹੀਂ ਉਹ। ਇਸ ਦਾ ਮਤਲਬ ਹੈ ਕਿ ਉਹ ਉਨ੍ਹਾਂ ਨਾਲ ਮਿਲਿਆ ਹੋਇਆ ਹੈ ਅੰਦਰ ਖਾਤੇ। ਉਸਨੂੰ ਬੁਲਾ ਕੇ ਪੁਛਣਾ ਚਾਹੀਦਾ ਹੈ। ਹੋ ਸਕਦਾ ਹੈ ਉਹ ਸਾਰੇ ਯੁੱਧ ਦਾ ਭੇਤ ਉਨ੍ਹਾਂ ਨੂੰ ਦੇ ਦਿੰਦਾ ਹੋਵੇ।"

ਮਹਾਰਾਜ ਕਹਿੰਦੇ, "ਲਿਆਓ ਭਾਈ ਕਨ੍ਹਈਏ ਨੂੰ।"

ਦੋ ਸਿੰਘ ਭੇਜ ਦਿੱਤੇ। ਉਹ ਡੇਰੇ ਗਏ। ਡੇਰੇ ਵਾਲੇ ਕਹਿਣ ਲੱਗੇ ਕਿ ਉਹ ਤਾਂ ਅਜੇ ਮੈਦਾਨ-ਏ-ਜੰਗ ਵਿਚੋਂ ਹੀ ਨਹੀਂ ਆਏ।

ਉਹ ਕਹਿੰਦਾ, "ਮਹਾਰਾਜ! ਹੁਕਮ ਹੋਵੇ ਤਾਂ ਅਸੀਂ ਉਥੇ ਦੇਖ ਆਈਏ ਕਿਉਂਕਿ ਇਹ ਪਾਲਕੀਆਂ ਵਾਲੇ ਜ਼ਖਮੀਆਂ ਨੂੰ ਚੁੱਕ ਰਹੇ ਨੇ, ਮਿਸਾਲਾਂ ਲੈ ਕੇ, ਹੁਣ ਲੜਾਈ ਬੰਦ ਹੈ ਤੇ ਲੜਦਾ ਕੋਈ ਨਹੀਂ ਹੈ ਤੇ ਨਾ ਹੁਣ ਕੋਈ ਕਿਸੇ ਨੂੰ ਮਾਰਦਾ ਹੈ। ਜਿਹੜੇ ਗਿਰੇ ਪਏ ਨੇ ਉਨ੍ਹਾਂ ਨੂੰ ਆਪਣੇ-ਆਪਣੇ ਬੰਦਿਆਂ ਨੂੰ ਪਛਾਣ-ਪਛਾਣ ਚੁੱਕ ਰਹੇ ਨੇ।"

ਮਹਾਰਾਜ ਕਹਿੰਦੇ, "ਜਾਓ! ਵੱਡੀ ਰਾਤ ਬੀਤ ਚੁੱਕੀ ਹੈ ਤੇ ਉਸ ਵੇਲੇ ਹਨ੍ਹੇਰੇ ਦੇ ਵਿਚੋਂ ਇਕ ਆਵਾਜ਼ ਆ ਰਹੀ ਹੈ ਐਸੀ, ਪੜ੍ਹੋ ਪਿਆਰ ਨਾਲ -

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ, ਤੂੰ ਹੀ ਮੋਹਿਨਾ-2***

ਹਨ੍ਹੇਰਾ ਬਹੁਤ ਹੋਇਆ ਹੋਇਆ ਹੈ, ਮਿਸਾਲਾਂ ਕਿਤੇ ਕਿਤੇ ਜਗ ਰਹੀਆਂ ਹਨ ਤੇ ਆਵਾਜ਼ ਦੀ ਸੇਧ ਵਿਚ ਜਾ ਰਹੇ ਨੇ। ਜਿਥੋਂ ਜ਼ਖਮੀਆਂ ਦੀ ਹਾਏ-ਹਾਏ ਦੀ ਆਵਾਜ਼ ਆਉਂਦੀ ਹੈ ਉਥੇ ਮਿਸਾਲਾਂ ਵਾਲੇ ਚਲੇ ਜਾਂਦੇ ਨੇ, ਜਾ ਕੇ ਪਾਲਕੀ ਵਿਚ ਪਾਉਂਦੇ ਨੇ ਤੇ ਚੁੱਕ ਚੁਕ ਕੇ ਪਾਲਕੀਆਂ ਤੋਰੀ ਜਾਂਦੇ ਨੇ। ਆਵਾਜ਼ ਦੀ ਸੇਧ ਵਿਚ ਸਿੰਘ ਚਲੇ ਜਾਂਦੇ ਨੇ ਤੇ ਫੇਰ ਆਵਾਜ਼ ਬੰਦ ਹੋ ਗਈ, ਸਮਝ ਲਿਆ ਕਿ ਭਾਈ ਕਨ੍ਹਈਆ ਅਜੇ ਵੀ ਕਿਸੇ ਨੂੰ ਪਾਣੀ ਪਿਲਾਉਂਦਾ ਹੋਵੇਗਾ।

ਭਾਈ ਕਨ੍ਹਈਆ ਦੇ ਕੰਨਾਂ ਵਿਚ ਆਵਾਜ਼ ਆਈ। ਹਾਏ! ਹਾਏ! ਦਰਦ ਭਰੀ ਆਵਾਜ਼ ਆਈ। ਆਵਾਜ਼ ਸੁਣਦੀ ਸਾਰ ਉਸ ਥਾਂ ਤੇ ਚਲੇ ਗਏ, ਜਾ ਕੇ ਉਥੇ ਜਿਹੜਾ ਜ਼ਖਮੀ ਪਿਆ ਸੀ, ਉਸਦਾ ਸਿਰ ਚੁਕਿਆ ਤੇ ਆਪਣੇ ਪੱਟ ਤੇ ਰੱਖ ਲਿਆ, ਸਿਰ ਨੂੰ ਸੰਭਾਲ ਕੇ ਠੀਕ ਤਰ੍ਹਾਂ ਟਿਕਾ ਕੇ ਮਸ਼ਕ ਵਿਚੋਂ ਪਾਣੀ ਥੋੜ੍ਹਾ-ਥੋੜ੍ਹਾ ਪਾਉਂਦੇ ਨੇ। ਪਾਣੀ ਪੈਣ ਦੀ ਦੇਰ ਸੀ ਉਸ ਨੂੰ ਸੁਰਤ ਆ ਗਈ। ਉਸ ਵੇਲੇ ਉਹ ਕਹਿਣ ਲੱਗਿਆ, "ਐ ਮਾਸ਼ਕੀ! ਤੂੰ ਕੌਣ ਹੈਂ? ਮੈਨੂੰ ਦੱਸ ਤਾਂ ਕਿ ਮੈਂ ਤੈਨੂੰ ਇਨਾਮ ਦੇਵਾਂਗਾ।"

ਉਹ ਕਹਿੰਦੇ, "ਖਾਨ ਸਾਹਿਬ! ਮੈਂ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਗਰੀਬੜਾ ਜਿਹਾ ਸਿੱਖ ਹਾਂ।"

ਕਹਿੰਦੇ, "ਹੈਂ! ਸਿੱਖ!! ਤੈਨੂੰ ਪਤਾ ਹੈ ਕਿ ਤੂੰ ਕਿਸ ਨੂੰ ਪਾਣੀ ਪਿਲਾ ਰਿਹਾ ਹੈਂ? ਕਿਸ ਨੂੰ ਹੋਸ਼ ਵਿਚ ਲਿਆਂਦਾ ਹੈ?"

ਕਹਿਣ ਲੱਗਿਆ, "ਮੈਨੂੰ ਤਾਂ ਇਕੋ ਗੱਲ ਦਾ ਪਤਾ ਹੈ ਕਿ ਇਥੇ ਖੁਦਾ ਤੋਂ ਬਗੈਰ ਹੋਰ ਹੈ ਕੋਈ ਨਹੀਂ, ਮੈਂ ਤਾਂ ਖੁਦਾ ਨੂੰ ਹੀ ਪਾਣੀ ਪਿਲਾਉਂਦਾ ਹਾਂ। ਮੈਂ ਆਪਣੇ ਗੁਰੂ ਨੂੰ ਹੀ ਪਾਣੀ ਪਿਲਾਉਂਦਾ ਹਾਂ। ਮੇਰੇ ਗੁਰੂ ਵਿਚ ਅਤੇ ਖੁਦਾ ਵਿਚ ਕੋਈ ਫਰਕ ਨਹੀਂ ਹੈ।"

ਕਹਿਣ ਲੱਗੇ, "ਕਨ੍ਹਈਆ! ਅਸੀਂ ਐਨੀ ਦੇਰ ਦੇ ਬੈਠੇ ਗੁਰੂ ਨੂੰ ਤੰਗ ਕਰ ਰਹੇ ਹਾਂ, ਕੀ ਗੁਰੂ ਦੀ ਸਾਡੇ ਨਾਲ ਦੁਸ਼ਮਣੀ ਨਹੀਂ ਹੈ?"

ਉਹ ਕਹਿੰਦਾ, "ਕਿਥੇ ਭੋਲਿਓ! ਤੁਸੀਂ ਭੁੱਲੇ ਫਿਰਦੇ ਹੋ,

ਗੁਰੂ ਤਾਂ ਨਿਰਵੈਰ ਤੇ ਨਿਰਾਲਾ ਹੈ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਭਾਈ ਗੁਰਦਾਸ ਜੀ ਦੀ ਵਾਰ 34/1***

ਤੁਹਾਨੂੰ ਮੈਂ ਮਿਸਾਲ ਦਸਦਾ ਹਾਂ। ਥੋੜ੍ਹੇ ਦਿਨ ਹੋਏ ਤੁਹਾਡੀਆਂ ਫੌਜਾਂ ਪਿਛੇ ਹਟ ਗਈਆਂ ਤੇ ਤੁਹਾਡਾ ਜਿਹੜਾ ਜਰਨੈਲ ਸੀ ਦਿੱਲੀ ਤੋਂ ਆਇਆ ਹੋਇਆ ਉਸ ਦੇ ਘਰਵਾਲੀ ਇਕ ਰਹਿ ਗਈ ਉਥੇ। ਉਸ ਨੂੰ ਇਕੱਲੀ ਨੂੰ ਦੇਖ ਕੇ ਸਿੰਘ ਪਾਲਕੀ ਵਿਚ ਬਿਠਾ ਕੇ ਲੈ ਆਏ ਤੇ ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ ਕਿ ਇਹ ਕੀ ਹੈ? ਸਿੰਘ ਕਹਿੰਦੇ ਮਹਾਰਾਜ! ਬੀਬੀ ਹੈ, ਉਥੇ ਜੰਗ ਵਿਚ ਸੀ ਇਕੱਲੀ ਰਹਿ ਗਈ। ਫੌਜਾਂ ਪਿਛੇ ਹਟ ਗਈਆਂ ਤੇ ਅਸੀਂ ਪਾਲਕੀ ਵਿਚ ਬਿਠਾ ਕੇ ਲੈ ਆਏ ਹਾਂ।"

ਮਹਾਰਾਜ ਕਹਿੰਦੇ, "ਇਕ ਗੱਲ ਦੱਸੋ ਕਿਸੇ ਨੇ ਪਾਲਕੀ ਦਾ ਝੰਬੜ ਤਾਂ ਨਹੀਂ ਚੁੱਕਿਆ? ਜਿਹੜਾ ਪਾਲਕੀ ਦਾ ਪੜਦਾ ਹੈ ਉਹ ਤਾਂ ਨਹੀਂ ਚੁਕਿਆ?"

ਕਹਿੰਦੇ, "ਨਾ ਸੱਚੇ ਪਾਤਸ਼ਾਹ! ਅਸੀਂ ਕਿਸੇ ਨੇ ਨਹੀਂ ਚੁਕਿਆ।"

ਮਹਾਰਾਜ ਨੇ ਆਵਾਜ਼ ਦਿੱਤੀ, "ਬੇਟਾ ਬਾਹਰ ਆਓ।" ਉਹ ਬਾਹਰ ਆ ਗਈ।

ਤੇ ਕਹਿਣ ਲੱਗੇ, "ਬੇਟੀ, ਤੂੰ ਡਰ ਨਾ, ਠੀਕ ਹੈ ਇਹ ਯੁਧ ਹੋ ਰਿਹਾ ਹੈ, ਅਸੀਂ ਬਿਲਕੁਲ ਅਸੂਲ ਤੇ ਲੜ ਰਹੇ ਹਾਂ, ਤੇਰੇ ਨਾਲ ਸਾਡਾ ਕੋਈ ਵਿਰੋਧ ਨਹੀਂ, ਵਿਰੋਧ ਉਸ ਦੇ ਨਾਲ ਹੈ ਜਿਹੜਾ ਸ਼ਸਤਰ ਚੁੱਕ ਕੇ ਆਉਂਦਾ ਹੈ, ਦੂਜਿਆਂ ਨਾਲ ਨਹੀਂ। ਦੂਜੇ ਜ਼ਖਮੀਆਂ ਦੇ ਅਸੀਂ ਮਲ੍ਹਮ ਵੀ ਲਾਉਂਦੇ ਹਾਂ, ਸਭ ਕੁਝ ਕਰਦੇ ਹਾਂ। ਤੂੰ ਆਪਣੀਆਂ ਮਾਤਾਵਾਂ ਦੇ ਪਾਸ ਚਲੀ ਜਾਹ।"

ਅੰਦਰ ਭੇਜ ਦਿੱਤੀ। ਥੋੜ੍ਹੇ ਦਿਨਾਂ ਤੋਂ ਬਾਅਦ ਜਦੋਂ ਮੌਕਾ ਮਿਲਿਆ ਤਾਂ ਗੁਰੂ ਮਹਾਰਾਜ ਕਹਿਣ ਲੱਗੇ ਕਿ ਅੱਜ ਉਨ੍ਹਾਂ ਨੂੰ ਸੁਨੇਹਾ ਭੇਜ ਦਿੱਤਾ ਹੈ ਤੇ ਸਾਡੀ ਬੇਟੀ ਨੂੰ ਉਥੇ ਭੇਜਣਾ ਹੈ ਉਹ ਇਸ ਦਾ ਇੰਤਜ਼ਾਰ ਕਰ ਰਹੇ ਨੇ ਉਥੇ ਛੱਡ ਕੇ ਆਓ। ਤੇ ਉਸ ਵੇਲੇ ਗੁਰੂ ਮਹਾਰਾਜ ਨੇ ਤੇ ਮਾਤਾਵਾਂ ਨੇ ਬਹੁਤ ਸਾਰੇ ਬਸਤਰਾਂ ਨਾਲ ਭਰ ਦਿੱਤੀ ਪਾਲਕੀ, ਗਹਿਣੇ ਦਿੱਤੇ ਲੱਖਾਂ ਰੁਪਏ ਦੇ। ਜਿਵੇਂ ਇਕ ਪਿਤਾ ਆਪਣੀ ਬੇਟੀ ਨੂੰ ਵਿਦਾ ਕਰਦਾ ਹੈ ਇਸ ਤਰ੍ਹਾਂ ਵਿਦਾ ਕੀਤੀ। ਉਸ ਦੇ ਨੇਤਰਾਂ ਤੋਂ ਜਲ ਜਾ ਰਿਹਾ ਹੈ, ਬਹੁਤ ਹੀ ਰੋਂਦੀ ਹੈ ਜਿਵੇਂ ਆਪਣੇ ਪਿਤਾ ਦੇ ਕੋਲੋਂ ਹੀ ਕੋਈ ਲੜਕੀ ਜਾਂਦੀ ਹੋਵੇ।

ਕਹਿੰਦੀ, "ਮਹਾਰਾਜ! ਤੁਸੀਂ ਐਨੇ ਚੰਗੇ, ਤੁਸੀਂ ਤਾਂ ਫਰਿਸ਼ਤੇ ਹੋ, ਆਪ ਖ਼ੁਦਾ ਹੋ। ਸਾਡੇ ਬੰਦੇ ਤੁਹਾਨੂੰ ਕਿੰਨਾ ਗਲਤ ਸਮਝਦੇ ਨੇ। ਮੇਰੀ ਇਜ਼ਤ ਕਿਸ ਤਰ੍ਹਾਂ ਤੁਸੀਂ ਰੱਖੀ ਤੇ ਮੈਨੂੰ ਕਿੰਨਾ ਪਿਆਰ ਦਿੱਤਾ ਹੈ।" ਜਾ ਕੇ ਸਾਡੇ ਸਿੰਘ ਛੱਡ ਆਏ। ਸਾਡੇ ਗੁਰੂ ਦੇ ਮਨ ਵਿਚ ਕੋਈ ਦ੍ਵੈਤ ਨਹੀਂ ਹੈ। ਉਹ ਪੂਰਨ ਰੂਪ ਵਿਚ ਨਿਰਵੈਰ ਹੈ ਤੇ ਉਸ ਦੀ ਕਿਰਿਆ ਨਿਰਾਲੀ ਹੈ।"

ਕਹਿੰਦਾ, "ਫੇਰ ਤੁਹਾਡੇ ਮਨ ਵਿਚ ਤਾਂ ਵੈਰ ਹੋਏਗਾ?" ਮੈਂ ਤਾਂ ਉਹ ਜਰਨੈਲ ਹਾਂ ਜਿਸ ਨੇ ਅੱਜ ਪਾਨ ਦਾ ਬੀੜਾ ਚੁਕਿਆ ਸੀ ਤੇ ਮੈਂ ਜ਼ਖਮੀ ਹੋ ਕੇ ਗਿਰ ਗਿਆ ਸੀ ਤੇ ਹੁਣ ਤੂੰ ਮੈਨੂੰ ਪਾਣੀ ਪਿਲਾਉਂਦਾ ਹੈਂ? ਤੇਰੇ ਮਨ ਵਿਚ ਵੈਰ ਨਹੀਂ ਜਾਗਦਾ?"

ਕਹਿੰਦੇ, "ਨਾ, ਖਾਨ ਸਾਹਿਬ!! ਸਾਡੇ ਗੁਰੂ ਨੇ ਤਾਂ ਸਾਨੂੰ ਪੱਕੀ ਤਰ੍ਹਾਂ ਸਮਝਾ ਦਿੱਤਾ।"

***ਧਾਰਨਾ - ਨਾ ਦਿਸੇ ਬੇਗਾਨਾ ਜੀ,***
***ਨਾ ਕੋਈ ਵੈਰੀ -2, 4.***

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299***

ਕਹਿੰਦੇ, "ਖਾਨ ਸਾਹਿਬ! ਸਾਡੇ ਸਤਿਗੁਰੂ ਕਹਿੰਦੇ ਨੇ -

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਪੰਨਾ - 259***

ਉਹ ਸਾਰਿਆਂ ਦੇ ਵਿਚ ਵਸ ਰਹੇ ਨੇ, ਜਿਨ੍ਹਾਂ ਨੇ ਲੜ ਸਾਨੂੰ ਲਾਇਆ ਹੈ ਤੇ ਵੈਰ ਅਸੀਂ ਕਿਸ ਦੇ ਨਾਲ ਕਰੀਏ? ਸਾਡੇ ਗੁਰੂ ਨੇ ਸ਼ਿਕਸ਼ਾ ਦਿੱਤੀ ਹੈ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਪੰਨਾ - 1382***

ਖੁਸ਼ ਹੋ ਗਿਆ ਤੇ ਪਛਤਾਉਂਦਾ ਹੈ ਤੇ ਕਹਿਣ ਲੱਗਿਆ, "ਗੁਰੂ ਦੇ ਸਿੱਖ ਐਨੇ ਫਰਿਸ਼ਤੇ ਨੇ ਤਾਂ ਗੁਰੂ ਤਾਂ ਆਪ ਅੱਲ੍ਹਾ ਤਾਲਾ ਦੀ ਜ਼ਾਤ ਹੋਣਾ ਚਾਹੀਦਾ ਹੈ। ਬੜੇ ਮੂਰਖ ਹਾਂ ਅਸੀਂ ਉਨ੍ਹਾਂ ਨਾਲ ਅਕਾਰਨ ਯੁੱਧ ਛੇੜਿਆ ਹੋਇਆ ਹੈ।"

ਪਾਣੀ ਪਿਲਾ ਦਿੱਤਾ, ਹੋਸ਼ ਵਿਚ ਆ ਗਿਆ।

ਕਹਿਣ ਲੱਗਿਆ, "ਭਾਈ ਕਨ੍ਹਈਆ! ਤੇਰੇ ਹੱਥ ਵਿਚ ਜਾਦੂ ਹੈ ਕੋਈ। ਮੈਂ ਪਾਣੀ ਨਹੀਂ ਪੀਤਾ, ਇਹ ਕੋਈ ਜਾਦੂ ਤੂੰ ਮੇਰੇ ਅੰਦਰ ਕਰ ਦਿੱਤਾ, ਮੇਰੀ ਸਾਰੀ ਭਾਵਨਾ ਬਦਲ ਗਈ।"

ਕਿਉਂ? ਜਦੋਂ ਭਾਈ ਕਨ੍ਹਈਏ ਦੀ ਦ੍ਰਿਸ਼ਟੀ ਉਸ ਪਠਾਣ ਤੇ ਪੈ ਰਹੀ ਸੀ ਤਾਂ ਕਰੂਰਤਾ ਵਾਲੀ ਦ੍ਰਿਸ਼ਟੀ ਨਹੀਂ ਸੀ, ਉਸ ਦ੍ਰਿਸ਼ਟੀ ਦੇ ਵਿਚ ਹਿਕਾਰਤ ਨਹੀਂ ਸੀ, ਨਫਰਤ ਨਹੀਂ ਸੀ। ਉਸ ਦੇ ਵਿਚ ਕੀ ਵਰਸ ਰਿਹਾ ਸੀ? ਮਹਾਰਾਜ ਕਹਿੰਦੇ -

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥***
***ਪੰਨਾ - 273***

ਅੰਮ੍ਰਿਤ ਦੀ ਵਰਸ਼ਾ ਹੋ ਰਹੀ ਹੈ। ਹੁਣ ਅੰਮ੍ਰਿਤ ਨੇ ਵੈਰ ਕੱਢ ਦਿੱਤਾ, ਵਿਰੋਧ ਕੱਢ ਦਿੱਤਾ ਤੇ ਬਿਲਕੁਲ ਖਾਲੀ ਕਰ ਦਿੱਤਾ। ਪਛਤਾਅ ਰਿਹਾ ਹੈ ਕਿ ਮੈਂ ਕੀ ਕਰਨ ਲੱਗਿਆ ਸੀ, ਕਿੰਨਾ ਮਾੜਾ ਕੰਮ ਕਰਨ ਲੱਗਿਆ ਸੀ। ਬੰਦਾ ਬਣਾ ਦਿੱਤਾ। ਜਲ ਕੀ ਪਾਇਆ ਚਾਰ ਘੁੱਟਾਂ ਉਸ ਦਾ ਸਾਰਾ ਕੁਝ ਹੀ ਤਬਦੀਲ ਕਰ ਦਿੱਤਾ ਕਿਉਂਕਿ ਬ੍ਰਹਮਗਿਆਨੀ ਦਾ ਹੱਥ ਛੂਹ ਜਾਵੇ ਤਾਂ ਪਾਣੀ ਅੰਮ੍ਰਿਤ ਬਣ ਜਾਂਦਾ ਹੈ।

ਉਸ ਵੇਲੇ ਉਹ ਗੁਰਸਿਖ ਆ ਗਏ ਜਿਹੜੇ ਡਿਊਟੀ ਤੇ ਭੇਜੇ ਹੋਏ ਸੀ।

ਕਹਿਨ ਲੱਗੇ, "ਭਾਈ ਕਨ੍ਹਈਆ! ਇਸੇ ਵੇਲੇ ਤੈਨੂੰ ਗੁਰੂ ਮਹਾਰਾਜ ਨੇ ਹੁਕਮ ਕਰਿਆ ਹੈ ਕਿ ਸਾਡੇ ਕੋਲ ਆਓ।"

ਉਸੇ ਮਸਤੀ ਦੇ ਵਿਚ ਆਪ ਚੱਲ ਪੈਂਦੇ ਨੇ ਕਿ ਗੁਰੂ ਮਹਾਰਾਜ ਨੇ ਹੁਕਮ ਦਿੱਤਾ ਹੈ, ਚਲੋ ਠੀਕ ਹੈ, ਗੁਰੂ ਮਹਾਰਾਜ ਦਾ ਹੁਕਮ ਹੈ। ਉਥੇ ਜਦੋਂ ਗੁਰੂ ਮਹਾਰਾਜ ਕੋਲ ਆਉਂਦੇ ਹਨ ਤਾਂ ਬਹੁਤ ਸਾਰੇ ਅਹੁਦੇਦਾਰ ਜਿਹੜੇ ਸਿੰਘ ਸੀ ਉਹ ਬੈਠੇ ਨੇ।

ਕਹਿੰਦੇ, "ਮਹਾਰਾਜ! ਭਾਈ ਕਨ੍ਹਈਆ ਆ ਗਿਆ।"

ਕਹਿੰਦੇ, "ਪੇਸ਼ ਕਰੋ ਸਾਡੇ।" ਪੇਸ਼ ਕਰਿਆ। ਤਾਂ ਮਹਾਰਾਜ ਕਹਿਣ ਲੱਗੇ, "ਕਿਉਂ ਭਾਈ ਕਨ੍ਹਈਆ! ਖਾਲਸਾ ਤੇਰੀ ਸ਼ਿਕਾਇਤ ਕਰਦਾ ਹੈ।"

ਕਹਿੰਦਾ, "ਮਹਾਰਾਜ! ਸਦਾ ਹੀ ਔਗੁਣਾਂ ਨਾਲ ਭਰਿਆ ਹੋਇਆ ਜੀਵ ਹਾਂ, ਮੈਂ ਤੇ ਹਰ ਵਕਤ ਹੀ ਔਗੁਣ ਤੇ ਭੁੱਲਾਂ ਮੈਂ ਕਰਦਾ ਹਾਂ।"

ਕਹਿੰਦੇ, "ਤੂੰ ਮੁਗਲਾਂ ਨੂੰ ਪਾਣੀ ਪਿਲਾਇਆ ਸੀ?"

ਕਹਿੰਦੇ, "ਨਹੀਂ ਮਹਾਰਾਜ!"

ਜਿਹੜੇ ਸਿੰਘ ਨਾਲ ਸੀ ਉਹ ਕਹਿਣ ਲੱਗੇ, "ਸੱਚੇ ਪਾਤਸ਼ਾਹ! ਜਿਹੜਾ ਜਰਨੈਲ ਅੱਜ ਪਾਨ ਦਾ ਬੀੜਾ ਚੁੱਕ ਕੇ ਆਇਆ ਸੀ ਉਸ ਨੂੰ ਪਾਣੀ ਪਿਲਾ ਰਿਹਾ ਸੀ। ਅਸੀਂ ਉਸ ਨੂੰ ਜ਼ਖਮੀ ਕਰਕੇ ਸੁੱਟ ਆਏ ਸੀ ਕਿ ਉਹ ਤੜਫ-ਤੜਫ ਕੇ ਜਾਨ ਦੇਵੇ ਤੇ ਰਾਤ ਭਰ ਵਿਚ ਮਰ ਜਾਏਗਾ।"

ਕਹਿੰਦੇ, "ਉਸ ਨੂੰ ਪਾਣੀ ਪਿਲਾ ਦਿੱਤਾ?"

ਕਹਿੰਦੇ, "ਹਾਂ, ਉਥੇ ਹੀ ਉਸ ਦੇ ਨਾਲ ਗੱਲਾਂ ਕਰਦਾ ਸੀ ਬੜੇ ਪਿਆਰ ਦੀਆਂ।"

ਮਹਾਰਾਜ ਕਹਿੰਦੇ, "ਤੁਸੀਂ ਨਾ ਬੋਲੋ ਵਿਚ, ਸਾਨੂੰ ਗੱਲ ਕਰ ਲੈਣ ਦਿਓ।"

ਉਸ ਵੇਲੇ ਮਹਾਰਾਜ ਕਹਿਣ ਲੱਗੇ, "ਫੇਰ ਤੂੰ ਪਹਾੜੀ ਫੌਜਾਂ ਨੂੰ ਪਾਣੀ ਪਿਲਾਉਂਦਾ ਸੀ?"

ਕਹਿੰਦਾ, "ਨਹੀਂ ਮਹਾਰਾਜ!"

ਕਹਿੰਦੇ, "ਫੇਰ ਤੂੰ ਖਾਲਸੇ ਨੂੰ ਪਾਣੀ ਪਿਲਾ ਰਿਹਾ ਸੀ?"

ਕਹਿੰਦਾ, "ਨਹੀਂ ਮਹਾਰਾਜ!"

ਸਿੰਘ ਕਹਿੰਦੇ, "ਮਹਾਰਾਜ! ਇਹ ਤਾਂ ਕੁਝ ਵੀ ਨਹੀਂ ਦੱਸ ਰਿਹਾ।"

ਮਹਾਰਾਜ ਕਹਿੰਦੇ, "ਤੁਸੀਂ ਖਾਮੋਸ਼ ਰਹੋ, ਤੁਹਾਨੂੰ ਨਹੀਂ ਪਤਾ।"

ਉਸ ਵੇਲੇ ਭਾਈ ਕਨ੍ਹਈਏ ਨੂੰ ਕਹਿਣ ਲੱਗੇ, "ਭਾਈ ਕਨ੍ਹਈਆ! ਤੂੰ ਪਾਣੀ ਕਿਸ ਨੂੰ ਪਿਲਾਉਂਦਾ ਸੀ?"

ਕਹਿੰਦਾ, "ਸੱਚੇ ਪਾਤਸ਼ਾਹ! ਜਦੋਂ ਮੈਂ ਆਇਆ ਸੀ, ਉਸ ਵੇਲੇ ਮੈਨੂੰ ਮੁਗਲ ਵੀ ਦਿਸਦੇ ਸੀ, ਪਹਾੜੀਏ ਵੀ ਦਿਸਦੇ ਸੀ, ਹਿੰਦੂ ਵੀ ਦਿਸਦੇ ਸੀ, ਮਾੜੇ ਵੀ ਦਿਸਦੇ ਸੀ, ਚੰਗੇ ਵੀ ਦਿਸਦੇ ਸੀ ਪਰ ਜਦੋਂ ਤੁਸੀਂ ਮੇਰੇ ਨੇਤਰਾਂ ਦੇ ਵਿਚ ਸੁਰਮਾ ਪਾ ਦਿੱਤਾ ਨਾਂਹ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ – 293***

***ਧਾਰਨਾ – ਮੇਰੇ ਸਾਹਿਬਾ! ਮੈਨੂੰ ਦਿਸਦਾ ਨਾ ਹੋਰ,***
***ਮੇਰੇ ਸਾਹਿਬਾ ਮੈਨੂੰ ਦਿਸਦਾ ਨਾ ਹੋਰ –2, 4.***

ਪਾਤਸ਼ਾਹ! ਅੰਨ੍ਹੇ ਸੀ ਨੇਤਰ ਪਰ ਜਦੋਂ ਤੁਸੀਂ ਸੁਰਮਾ ਪਾ ਦਿੱਤਾ ਮੇਰੀ ਨਿਗ੍ਹਾ ਬਦਲ ਗਈ ਮੈਨੂੰ ਹੁਣ ਦਿਸਣ ਤੋਂ ਹਟ ਗਿਆ। ਮੈਨੂੰ ਨਹੀਂ ਹੁਣ ਕੁਝ ਦਿਸਦਾ ਜੇ ਦਿਸਦਾ ਹੈ ਤਾਂ –

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰਹ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ – 293***

"ਪਾਤਸ਼ਾਹ ਜੇ ਮੈਨੂੰ ਦਿਸਦਾ ਹੈ ਤਾਂ" – ਉਸ ਵੇਲੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ –

***ਸੀਸ ਨਿਵਾਇਆ ਰੰਗ ਰਤੜੇ ਨੇ ਬਿਨਤੀ ਮੁਖੋਂ ਅਲਾਈ।***
***ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ।***
***ਤੁਰਕ ਅਤੁਰਕ ਨਾ ਦਿਸਦਾ ਮੈਨੂੰ, ਤੂੰ ਸਾਰੇ ਦਿਸਾਈ।***
***ਪਿਆਰੇ ਦੇ ਇਕ ਪਿਆਰ ਪ੍ਰੋਤਾ ਉਸ ਦੀ ਸੇਵ ਕਰਾਵਾਂ।***
***ਉਸ ਨੂੰ ਦੇਖਾਂ ਉਸ ਨੂੰ ਸੇਵਾਂ ਪਾਣੀ ਉਸਨੂੰ ਪਿਲਾਵਾਂ।***
***ਭਾਈ ਵੀਰ ਸਿੰਘ ਜੀ***

ਕਹਿਣ ਲੱਗੇ, "ਮਹਾਰਾਜ! ਅੰਨ੍ਹੀਆਂ ਅੱਖਾਂ ਸੀ, ਸਭ ਕੁਝ ਦਿਸਦਾ ਸੀ ਪਰ ਜਿਸ ਦਿਨ ਦਾ ਤੁਸੀਂ ਸੁਰਮਾ ਪਾ ਦਿੱਤਾ ਮੇਰੀਆਂ ਅੱਖਾਂ ਖੁੱਲ੍ਹ ਗਈਆਂ।"

***ਧਾਰਨਾ - ਗੁਰਾਂ ਨੇ ਮੇਰੇ ਓ, ਨੈਣ ਖੋਲ੍ਹਤੇ -2, 2.***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ -2, 2.***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਤੂੰਹੀਓ ਦੀਸਿਆ,***

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਕਹਿੰਦਾ, "ਪਾਤਸ਼ਾਹ! ਜਦੋਂ ਅੰਨ੍ਹੀਆਂ ਸੀ ਅੱਖਾਂ, ਆਪਣੇ ਵੀ ਦਿਸਦੇ ਸੀ ਬਿਗਾਨੇ ਵੀ ਦਿਸਦੇ ਸੀ, ਮਾੜੇ ਵੀ ਦਿਸਦੇ ਸੀ, ਚੰਗੇ ਵੀ ਦਿਸਦੇ ਸੀ ਪਰ ਜਦੋਂ ਤੋਂ ਤੂੰ ਭਰਮ ਦੀ ਨਵਿਰਤੀ ਕਰ ਦਿੱਤੀ।"

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਪੰਨਾ - 610***

"ਪਛਾਣ ਲਿਆ ਪਾਤਸ਼ਾਹ! ਜਿਹੜਾ ਅਸਲੀ ਲੁਕਿਆ ਹੋਇਆ ਰਹਿੰਦਾ ਸੀ। ਹੁਣ ਮੈਂ ਤਾਂ ਤੁਹਾਨੂੰ ਪਾਣੀ ਪਿਲਾਉਂਦਾ ਸੀ -

***ਪਿਆਰੇ ਦੇ ਇਕ ਪਿਆਰ ਪ੍ਰੋਤਾ, ਉਸ ਦੀ ਸੇਵ ਕਰਾਵਾ।***
***ਉਸ ਨੂੰ ਦੇਖਾਂ ਉਸ ਨੂੰ ਸੇਵਾਂ, ਪਾਣੀ ਉਸ ਪਿਲਾਵਾਂ।***
***(ਭਾਈ ਵੀਰ ਸਿੰਘ ਜੀ)***

ਸਾਰੇ ਦੇਖ ਰਹੇ ਸੀ ਕਿ ਪਤਾ ਨਹੀਂ ਹੁਣ ਕੀ ਝਿੜਕ ਪਏਗੀ। ਮਹਾਰਾਜ ਉਠ ਕੇ ਖੜ੍ਹੇ ਹੋ ਗਏ, ਹੱਸੇ ਬਹੁਤ।

***ਹੱਸੇ ਤੇ ਗਲ ਲਾ ਲਿਆ ਪਿਆਰਾ, ਡੱਬੀ ਇਕ ਫੜਾਈ।***
***ਭਾਈ ਵੀਰ ਸਿੰਘ ਜੀ***

ਡੱਬੀ ਮੰਗਾ ਲਈ ਇਕ ਮਲ੍ਹਮ ਦੀ ਤੇ ਨਾਲ ਪੱਟੀਆਂ ਮੰਗਾ ਲਈਆ।

ਕਹਿੰਦੇ, "ਲੈ ਕਨ੍ਹਈਆ! ਅੱਗੇ ਤਾਂ ਅਸੀਂ ਤੈਨੂੰ ਮਸ਼ਕ ਦਿੱਤੀ ਸੀ, ਹੁਣ ਆਹ ਡੱਬੀ ਵੀ ਨਾਲ ਰੱਖਿਆ ਕਰ ਤੇ ਪੱਟੀਆਂ ਵੀ ਨਾਲ ਰੱਖਿਆ ਕਰ।"

***ਪਾਣੀ ਨਾਲ ਮਲ੍ਹਮ ਵੀ ਰਖੀਂ, ਲੋੜ ਪਈ ਤਾਂ ਲਾਈਂ।***
***ਭਾਈ ਵੀਰ ਸਿੰਘ ਜੀ***

"ਜਦੋਂ ਤੈਨੂੰ ਜਿਥੇ ਵੀ ਲੋੜ ਪਏ ਜਖਮ ਬੰਨ੍ਹਣ ਦੀ ਉਸ ਜ਼ਖਮ ਨੂੰ ਸਾਫ ਕਰਕੇ ਤੂੰ ਮਲ੍ਹਮ ਭਰ ਕੇ ਪੱਟੀ ਬੰਨ੍ਹ ਦਿਆ ਕਰੀਂ।"

ਹੁਣ ਹੈ ਨਾ ਇਹ -

***ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਭਾਈ ਗੁਰਦਾਸ ਜੀ ਦੀ ਵਾਰ 34/1***

ਉਸ ਦੇ ਸਾਰੇ ਕੌਤਕ ਨਿਰਾਲੇ ਹੋਇਆ ਕਰਦੇ ਹਨ, ਸਾਧ ਸੰਗਤ ਜੀ। ਸਤਿਗੁਰੂ ਪੂਰੇ ਦੇ।

***'ਚਲਦਾ'***

(ਪੰਨਾ 47 ਦੀ ਬਾਕੀ)

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ - 1365***

ਕਹਿੰਦੇ, ਪਿਆਰਿਆ ਸਾਡੇ ਮਿੱਤਰਾਂ ਦੀ ਲਾਈਨ ਵਿਚ ਆ ਕੇ ਖੜ੍ਹ ਜਾ, ਅਸੀਂ ਵੀ ਐਥੇ ਹੀ ਖੜੇ ਹਾਂ ਜਿਸ ਵਿਚ ਅਭਿਮਾਨ ਹੁੰਦਾ ਹੈ ਉਸ ਦਾ ਗੁਰੂ ਨਾਲੋਂ ਸੰਬੰਧ ਟੁੱਟ ਜਾਂਦਾ ਹੈ।

ਭਾਈ ਜੋਗਾ ਸਿੰਘ ਨੇ ਦੋ ਲਾਵਾਂ ਲੈ ਕੇ ਛੱਡ ਦਿੱਤੀਆਂ। ਵੱਡੀ ਬਾਤ ਕਰੀ, ਪਰ ਜਦ ਉਹ ਹੁਸ਼ਿਆਰਪੁਰ ਦੇ ਕੋਲ ਆਉਂਦਾ ਹੈ ਤਾਂ ਉਸ ਦੇ ਮਨ ਵਿਚ ਆਉਂਦਾ ਹੈ ਕਿ ਮੇਰੇ ਵਰਗਾ ਤਾਂ ਕੋਈ ਹੋਰ ਸਿੱਖ ਹੈ ਨਹੀਂ, ਜਿਸਨੇ ਇੰਨੀ ਸੁੰਦਰ ਲੜਕੀ ਛੱਡ ਦਿੱਤੀ ਤੇ ਦੋ ਲਾਵਾਂ ਲੈ ਕੇ ਤੁਰ ਆਇਆ, ਉਸ ਨੇ ਸੋਚਿਆ ਕਿ ਮੇਰੇ ਵਰਗਾ ਸਿਖ ਕਿਹੜਾ ਹੋ ਸਕਦਾ ਹੈ? ਉਸਦੇ ਵਿਚ ਹਉਮੈ ਆ ਗਈ, ਗੁਰੂ ਨਾਲੋਂ ਟੁਟ ਗਿਆ, ਅਤੇ ਜਾ ਕੇ ਵੇਸਵਾ ਉਤੇ ਗਿਰ ਗਿਆ। ਵੇਸਵਾ ਦੇ ਦੁਆਰੇ ਬਾਰ ਬਾਰ ਜਾਂਦਾ ਹੈ। ਉਹ ਤਾਂ ਗੁਰੂ ਦੀ ਮਿਹਰ ਸੀ ਕਿ ਉਸ ਨੇ ਪਹਿਰੇਦਾਰ ਦੇ ਰੂਪ ਵਿਚ ਪ੍ਰਗਟ ਹੋ ਕੇ ਉਸ ਦੀ ਰਾਖੀ ਕੀਤੀ ਤਾਂ ਉਹ ਸਿਖ ਬਚ ਗਿਆ। ਸਾਧ ਸੰਗਤ ਜੀ! ਫੇਰ ਵੀ ਗੁਰੂ ਡੁਬਦੇ ਸਿੱਖਾਂ ਨੂੰ ਬਚਾ ਲੈਂਦਾ ਹੈ ਪਰ ਸਿੱਖ ਤਾਂ ਡੁੱਬਣ ਦੀ ਕੋਈ ਕਸਰ ਨਹੀਂ ਰਖਦਾ। ਇਹ ਹੋ ਗਿਆ ਨਾ ਅਭਿਮਾਨ, ਮੈਂ ਜਾਣਦਾ ਹਾਂ, ਮੈਨੂੰ ਦੁਨੀਆਂ ਸੁਣਦੀ ਹੈ, ਮੇਰੇ ਵਰਗੀ ਗੱਲ ਕੋਈ ਨਹੀਂ ਕਰ ਸਕਦਾ, ਮੈਂ ਕੀਰਤਨ ਬੜਾ ਸੋਹਣਾ ਕਰਦਾ ਹਾਂ, ਮੈਨੂੰ ਦੁਨੀਆਂ ਬਹੁਤ ਮੰਨਦੀ ਹੈ। ਸਾਧ ਸੰਗਤ ਜੀ! ਇਹ ਸਭ ਫਜ਼ੂਲ ਚੀਜ਼ਾਂ ਨੇ, ਕਿਤੇ ਲੇਖੇ ਨਹੀਂ ਆਉਣੀਆਂ। ਇਹਨਾਂ ਦਾ ਅਭਿਮਾਨ ਛਡ ਦੇਣ। ਸਾਨੂੰ ਨੀਵਾਂ ਹੋ ਕੇ ਰਹਿਣਾ ਚਾਹੀਦਾ ਹੈ, ਨੀਵੀਆਂ ਦਾ ਉਧਾਰ ਹੋ ਜਾਂਦਾ ਹੈ ਪਰ ਉਚਿਆਂ ਦਾ ਨਹੀਂ। ਸੋ ਇਹ ਅਭਿਮਾਨ ਛਡਣਾ ਪੈਂਦਾ ਹੈ, ਤਾਂ ਨਾਮ ਚਲਦਾ ਹੈ, ਨਹੀਂ ਨਹੀਂ ਚਲਦਾ ਸਾਧ ਸੰਗਤ ਜੀ! ਜਿਹੜੇ ਨਾਮ ਜੱਪਣ ਦਾ ਸ਼ੌਕ ਰਖਦੇ ਨੇ ਗੱਲ ਨੋਟ ਕਰ ਲਓ ਕਿ ਜਿਵੇਂ ਨੀਵੀਆਂ ਥਾਵਾਂ ਤੇ ਪਾਣੀ ਟਿਕ ਜਾਂਦਾ ਹੈ, ਉਚੀਆਂ ਤੇ ਨਹੀਂ ਟਿਕਦਾ, ਇਸੇ ਤਰ੍ਹਾਂ ਨੀਵਿਆਂ ਹਿਰਦਿਆਂ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ।

***ਧਾਰਨਾ - ਗਰਬ ਜਿਨਾਂ ਵਡਿਆਈਆਂ,***
***ਖਾਲੀ ਦੁਨੀਆਂ ਉਤੋਂ ਜਾਣਗੇ -2, 2.***
***ਮੇਰੇ ਪਿਆਰੇ, ਖਾਲੀ ਦੁਨੀਆਂ ਉਤੋਂ ਜਾਣਗੇ-2, 2.***
***ਗਰਬ ਜਿਨਾਂ ਵਡਿਆਈਆਂ,..... -2.***

***'ਚਲਦਾ'***

***(ਦੀਵਾਨ ਮਿਤੀ 5-2-1994)***

## ਜ਼ਰੂਰੀ ਸੂਚਨਾ

ਮਹਾਂਪੁਰਸ਼ਾਂ ਦੀ ਅਭੁੱਲ ਯਾਦ ਅਤੇ ਦੂਜੀ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2003 ਦਿਨ ਵੀਰਵਾਰ, ਸ਼ੁਕਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਨੂੰ ਚੇਅਰਪਰਸਨ ਸਤਿਕਾਰਤ ਬੀਜੀ (ਬੀਬੀ ਰਣਜੀਤ ਕੌਰ ਜੀ) ਦੀ ਸਰਪ੍ਰਸਤੀ ਹੇਠ ਹੋ ਰਹੇ ਹਨ ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਪ੍ਰੇਮੀ ਮਹਾਂਪੁਰਸ਼ਾਂ ਦੇ ਪਿਆਰ ਵਿਚ ਹਾਜ਼ਰੀਆਂ ਭਰਨਗੇ। ਪੰਜਾਬ ਅਤੇ ਹੋਰ ਪ੍ਰਦੇਸਾਂ ਤੋਂ ਅਧਿਆਤਮਵਾਦੀ ਸੰਤ ਮਹਾਂਪੁਰਸ਼, ਸਾਧੂ ਜਨ, ਕੀਰਤਨੀ ਅਤੇ ਢਾਡੀ ਜੱਥੇ ਅਤੇ ਵਿਦਵਾਨ ਪੁਰਸ਼ ਗੁਰਬਾਣੀ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੇਮੀ ਜਨ ਸਮੇਂ ਸਿਰ ਪੁੱਜਣ ਦੀਆਂ ਤਿਆਰੀਆਂ ਕਰ ਲੈਣ ਜੀ।

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name..........................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address.........................................................

..........................................................

..........................................................

PINCODE........................Telephone...............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ...................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 3, 10, 17, 24, 31 ਅਗਸਤ।

**ਸੰਗਰਾਂਦ** – 17 ਅਗਸਤ, ਦਿਨ ਐਤਵਾਰ।

**ਪੂਰਨਮਾਸ਼ੀ** – 12 ਅਗਸਤ, ਦਿਨ ਮੰਗਲਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## For more information

**please visit us on internet at -**

http://www.atammarg.org

&

http://www.atammarg.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ –**

**01888-255002**

**01888-255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** – 01888-255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ** – 01888-255005, 255006. 255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** – 98142-80259